FOREWORD.

My poem " Lakshmi Devi" has proved a marvellous success. Every one has hailed it as an ideal poem of a charming style. " In chaste, homely Panjabi, few books excel it." Surely it is a great compliment of which any writer can feel justly proud, and so, in sooth, am I.

But a single piece of composition does not go far enough to establish the credit of a language for being considered literary. Huge efforts are needed on the part of its admirers in providing it with a literature. I wish that the enlightened Panjabi will rise equal to the full height of the occasion. Let us bear in mind that only a short while ago, Panjabi was the only vehicle of thought with our forefathers, including as they did, poets of everlasting fame, scholars of deep erudition, builders of creeds, reformers of religion, administrators of great political acumen, leaders of men and warriors of undying glory, as well as shepherds, cowherds, farmers and peaceful artizans, who were quite a fair match to any highly organised society in the modern world. The linguistic culture, therefore, which they bequeathed to us, as our great heritage, is the only best foundation, on which we can raise any superstructure of our future progress. Let Punjabis realise this betimes to avoid self-effacement which the treachery of a foreign language is sure to inflict on them.

My present work is only an invocation to the do-

mant literary faculty of the Punjabi. I have attempted a drama without any pretensions to being an expert stage player. It may fall short of the necessary requisites of a characteristic work, but even as an amateur, I am sure to give the reader something new, and something akin to the traditions of this wonderful Land of the Five Rivers. I have devided it into two parts, The first that deals with the rise of the great Maharaja of which any nation must feel justly proud, is the scope of the present volume. I feel that inspite of the tremendous research work, that I have had to carry on for the historical accuracy of this treatise, I may not have, for obvious reasons, done full justice to the Lion of the Punjab, as the Maharaja was actually styled, but the feeling of reverence and sanctity, which I always cherish towards that great personality, is enough to absolve me from any such offence of omission. May the reader view it from this standpoint. The second part, which epitomises his prosperity and end is also ready for the press, but the great diffidence, which I always feel in my own capabilities as an author, prevents me from counting too much on the generosity of my readers, till the literary classes have expressed their satisfaction on the merits of the present undertaking.

Ram Gali, Lahore,
12th December, 1923.

KRIPA SAGAR,

ਮਾਂਗਵੇਂ ਖੰਭ

[ਏਹ ਕਵਿਤਾ ਸਾਹਿਤਯ ਸ:

੧–ਸ਼ੁਕਰ ਰੱਬਦਾ ਮੁਲਖਦੇ ਭਾਗ ਜਾਗੇ, ਆਈ ਹੋਸ਼ ਪੰਜਾਬ ਨੂੰ ਲੱਭਦੀ ਏ। ਬੋਲੀ ਆਪਨੀ ਦੀ ਸੁਰਤ ਲੈਨ ਲੱਗੇ, ਸਭਾ ਵਿਚ ਲਾਹੌਰ ਦੇ ਫੱਬਦੀ ਏ। ਹੀਲ ਪਿਆਜ ਲੀਤਾ ਪਾਸੇ ਸਾਰਿਆਂ ਦਾ, ਓੜਕ ਮੱਤ ਹੋਈ ਮੁਲਖ ਸਭਦੀ ਏ। ਬੋਲੀ ਸੁਧਰਿਆਂ ਸੁਧਰਦਾ ਮੁਲਖ ਸਾਰਾ, ਕੌਮ ਬੋਲੀਓਂ ਈ ਇੱਜਤ ਲੱਭਦੀ ਏ। ਜਿਵੇਂ ਛਾਹ ਪਰਾਈ ਤੇ ਮੁੱਛ ਕੱਟੀ, ਬੋਲੀ ਮਾਂਗਵੀਂ ਵੀ ਏਸੇ ਢੱਬ ਦੀ ਏ। ਸਦਾ ਨਹੀਂ ਨਿਬਾਹੂ ਤੇ ਕੰਮ ਜੋਗੀ, ਜਿਵੇਂ ਦੋਸਤੀ ਗੰਢਨੀ ਕੱਬ ਦੀ ਏ। ਨਹੀਂ ਮਹਿਲ ਪਰਾਏ ਨੂੰ ਵੇਖ ਚੰਗਾ, ਕੁੱਲੀ ਅਪਣੀ ਸਾੜਨੀ ਫੱਬਦੀ ਏ। ਜਦੋਂ ਅਗਲਿਆਂ ਪੈਰ ਨ ਧਰਨ ਦਿਤਾ, ਕੁਦਰਤ ਯਾਦ ਆਵੇ ਤਦੋਂ ਰੱਬਦੀ ਏ। ਕੋਈ ਆਸਰਾ ਹੋਰ ਨ ਨਜਰ ਪੈਂਦਾਂ, ਓੜਕ ਠਾਹਰ ਓਹ ਟੱਪਰੀ ਦੱਭ ਦੀ ਏ। ਕ੍ਰਿਪਾ ਸਾਗਰਾ ਨਾਲ ਵਡਿਆਈ ਓਹਦੇ, ਮਿਲੀ ਦਾਤ ਜੋ ਆਪਣੇ ਬੱਬ ਦੀ ਏ।

੨–ਪੜ੍ਹੇ ਲਿਖੇ ਪੰਜਾਬੀਓ, ਸੱਚ ਆਖਾਂ, ਤੁਸਾਂ ਆਪਨਾ ਫਰਜ ਵਿਸਾਰਿਆ ਜੇ। ਕਰਕੇ ਬਾਗ ਅੰਗ੍ਰੇਜ਼ੀ ਦੀ ਸੈਰ ਬਹੁਤੀ, ਮਗਜ਼ ਗਿਆ ਖ਼ੁਸ਼ਬੋਈ ਤੋਂ ਮਾਰਿਆ ਜੇ। ਭੁਲ ਬੈਠਿਓ ਓਸਨੂੰ ਸਮਝ ਅਪਨਾ, ਤਨ ਮਨ ਤੁਰਤ ਚਾ ਓਸ ਤੋਂ ਵਾਰਿਆ ਜੇ। ਓਹਨੂੰ ਦਿਓ ਪਾਨੀ, ਓਹਨੂੰ ਕਰੋ ਗੋਡੀ, ਓਹਨੂੰ ਕੱਟਿਆ ਉਹੋ ਸੁਵਾਰਿਆ ਜੇ। ਪਰ ਨਾ ਅਪਨੇ ਬਾਗ ਦਾ ਫ਼ਿਕਰ ਕੀਤਾ, ਜਿਹਦਾ ਮਾਮਲਾ ਸ਼ੁਰੂ ਤੋਂ ਤਾਰਿਆ ਜੇ। ਸਦੀਆਂ ਰਹੀ ਅਨ੍ਹਿਆਈਂ ਇਸ ਬਾਗ ਅੰਦਰ, ਬੂਟਾ ਇਕ ਨ ਕਦੀ ਪੁੰਗਾਰਿਆ ਜੇ। ਵੇਲਾਂ ਸੁੱਕੀਆਂ ਗਏ ਕੁਰਮਾ ਪਾਪੇ, ਰਹਿੰਦ ਖੂਹੰਦ ਮੁਲਖਈਏ ਨੇ ਚਾਰਿਯਾ ਜੇ। ਗਫਲਤ ਬੜੀ ਕੀਤੀ ਤੁਸਾਂ ਮਾਲੀਆਂ ਨੇ, ਨਵਾਂ ਬੀਜ ਨ ਕਿਤੇ ਖਿਲਾਰਿਆ ਜੇ। ਜੇਹੜੇ ਬਾਗ ਤੇ ਮੋਹਤ ਹੋ ਪਵੋ ਏਡੇ, ਜਿਹਦੇ ਸੋਹਜ ਨੇ ਅਕਲ ਨੂੰ ਮਾਰਿਆ ਜੇ। ਕੋਈ ਕਲਮ ਨ ਓਸ ਤੋਂ ਨਵੀਂ ਆਂਦੀ ਲਿਆਕੇ ਆਪਨਾ ਬਾਗ ਸ਼ਿੰਗਾਰਿਆ ਜੇ। ਓਹਦੇ ਕਾਵ੍ਯ ਇਤਿਹਾਸ ਤੇ ਨਾਟਕਾਂ ਤੇ, ਓਹਦੇ ਸਾਇੰਨਸਾਂ ਤੇ ਨਿਸਚਾ ਧਾਰਿਆ ਜੇ। ਪਰ ਨ ਓਸ ਗੁਲਜਾਰ ਦੀ ਰੀਸ ਕਰਕੇ, ਕਦੀ ਅਪਨਾ ਬਾਗ ਸੁਵਾਰਿਆ ਜੇ। ਸਦਾ ਦੂਜਿਆਂ ਦੀ ਉਸਤਤ ਫਿਰੋ ਕਰਦੇ, ਆਪ ਕਦੀ ਮਦਾਨ ਨ ਮਾਰਿਆ ਜੇ। ਕ੍ਰਿਪਾ ਸਾਗਰਾ ਤੁਸਾਂ ਤੇ ਘਟੇ ਜੇਹੜਾ, ਕਿੱਸਾ ਅੱਜ ਮੈਂ ਇਕ ਚਿਤਾਰਿਆ ਜੇ।

—o—

੩–ਕਿਸੇ ਕਾਂ ਨੂੰ ਹੰਸ ਦਾ ਖੰਭ ਲੱਭਾ, ਆਈ ਹਾਨਤ ਅਪਨੇ ਰੰਗ ਦੀ ਸੀ । ਹੰਸ ਬਨਨ ਦਾ ਚਾ ਜੋ ਬੜ ਚੜ੍ਹਿਆ, ਕਾਂ ਕਾਂ ਕਰਨ ਤੋਂ ਜੀਭ ਪਈ ਸੰਗਦੀ ਸੀ ਓਸ ਟੁੰਗਿਆ ਪਰਾਂ ਦੇ ਵਿਚ ਅਪਨੇ, ਬਦਲੀ ਚਾਲ ਵੀ ਹੰਸ ਦੇ ਢੰਗ ਦੀ ਸੀ । ਬੋਲੀ ਅਪਨੀ ਤੇ ਸ਼ਰਮਸਾਰ ਜਾਪੇ, ਨਹੀਂ ਨਿੰਮ ਕੌੜੀ ਸੰਘੋਂ ਲੰਘਦੀ ਸੀ । ਸ਼ੱਪ ਭੱਜ ਵੜਿਆ ਜਾਕੇ ਵਿਚ ਹੰਸਾਂ, ਪਾਈ ਦੋਸਤੀ ਲੋਹੇ ਨੇ ਜ਼ੰਗ ਦੀ ਸੀ । ਝੱਟ ਅਗਲਿਆਂ ਨੇ ਖੋਟ ਤਾੜ ਲੀਤਾ, ਗਿੱਦੜ ਬਨੀ ਜੋ ਨਸਲ ਪਲੰਗ ਦੀ ਸੀ । ਭਲਿਓਂ ਭਲਾ ਹੁੰਦਾ ਬੁਰਿਉਂ ਭਲਾ ਨਾਹੀਂ, ਲਗਦੀ ਦੂਸ਼ਨਾ ਬੁਰੇ ਦੇ ਸੰਗ ਦੀ ਸੀ । ਲੀਤੇ ਬੰਨ੍ਹ ਮੁਤੱਬਰੇ ਤੁਰਤ ਓਹਨਾਂ, ਸੂਰਤ ਹੋਨ ਲੱਗੀ ਵੱਡੇ ਜੰਗਦੀ ਸੀ । ਆਖਨ, "ਕਿਵੇਂ ਆਇਓਂ ਸਾਡੇ ਵਿਚ ਕਾਵਾਂ, ਪਿਓਂਦ ਮਿੱਠਿਆਂ ਨੂੰ ਕਦੋਂ ਭੰਗ ਦੀ ਸੀ ? ਖੰਬੜ ਲਾਲ ਕਰਾਨ ਦਾ ਚਾ ਤੈਨੂੰ, ਅਖੇ ਟੋਟਨੀ ਖੋਸੜੇ ਮੰਗਦੀ ਸੀ ? ਧੋਖਾ ਦੇਨ ਲਗੋਂ ਬਨਕੇ ਹੰਸ ਕਾਵੇਂ, ਹਬਸ਼ੀ ਕਦੋਂ ਕੁ ਨਸਲ ਫਰੰਗ ਦੀ ਸੀ ? ਏਥੋਂ ਨਿਕਲ ਜਾ, ਨਾਲ ਭਲਮਾਨਸੀ ਦੇ, ਸਭਾ ਵੇਖਨੀ ਕਿਸੇ ਮਲੰਗ ਦੀ ਸੀ" । ਕਿਸੇ ਚੁੰਜ ਮਾਰੀ, ਕਿਸੇ ਖੰਭ ਖੁੱਥੇ ਬੋਲੀ ਕਿਸੇ ਦੀ ਸੱਪ ਹੋ ਡੰਗਦੀ ਸੀ । ਨੂੰਗੇ ਝੂਠਿਆਂ ਨਾਲ ਬੇਹਾਲ ਹੋਇਆ, ਅੱਗੇ ਦੇਹ ਓਹਦੀ ਵੰਗ ਭੰਗ ਦੀ ਸੀ । ਲੈਕੇ ਜਾਨ ਨੱਠਾ ਬੁੱਢਾ ਵੱਲ ਕਾਵਾਂ, ਕਾਂਬਾਂ ਕੰਬਦੀ ਜਿਵੇਂ ਅਧਰੰਗ ਦੀ ਸੀ । ਕ੍ਰਿਪਾ ਸਾਗਰਾ ਆਈ ਸੂ ਹੋਸ਼

ਮੁੜਕੇ ਸ਼ਰਮ ਮਾਰਦੀ ਅਪਨੇ ਨੰਗ ਦੀ ਸੀ।

—o—

੪–ਜਦੋਂ ਕਾਂ ਦੀ ਹੋਈ ਮਜਾਜ ਸਿੱਧੀ, ਪਿੱਛੇ ਜਾਨ ਨੂੰ ਤੁਰਤ ਤਿਆਰ ਹੋਯਾ। ਕਹਿੰਦਾ,"ਕੂੜ ਬਿਗਾਨਿਆਂ ਵਿਚ ਰਹਿਨਾ, ਭਾਈਆਂ ਜਿਹਾ ਨਾ ਕੋਈ ਗ਼ਮਖਾਰ ਹੋਯਾ। ਭਾਈ ਮਾਰਕੇ ਵੀ ਛਾਵੇਂ ਸੁੱਟਦੇ ਨੇ, ਭਾਈਆਂ ਜਿਹਾ ਨਾ ਕੋਈ ਵੀ ਯਾਰ ਹੋਯਾ"। ਕਦੀ ਉਡਦਾ ਤੇ ਕਦੀ ਡਿੱਗ ਪੈਂਦਾ, ਖੰਭਾਂ ਬਾਝ ਓਹ ਬੜਾ ਲਾਚਾਰ ਹੋਯਾ। ਕਹਿੰਦਾ ਆਨਕੇ ਮੰਡਲੀ ਅਪਨੀ ਨੂੰ, "ਮੈਂ ਤੇ ਤੁਸਾਂ ਤੋਂ ਅੱਜ ਬਲਿਹਾਰ ਹੋਯਾ। ਮੈਨੂੰ ਧਰੂਹ ਖੜਿਆ ਹੰਸਾਂ ਵਤਨ ਅਪਨੇ, ਬੜੀ ਮੁਸ਼ਕਲਾਂ ਨਾਲ ਛੁਟਕਾਰ ਹੋਯਾ। ਡੋਲਾ ਦੇਨ ਮੈਨੂੰ, ਮੈਂ ਨਾ ਮੰਨਦਾ ਸਾਂ, ਕਿਸੇ ਗੱਲ ਦਾ ਨਾ ਰਵਾਦਾਰ ਹੋਯਾ। ਫੇਰ ਕਹਿਆ ਮੈਂ ਕਾਂ ਨੇ ਬੜੇ ਉੱਚੇ, ਕੇਹੜੇ ਸ਼ਹਿਰ ਦਾ ਹੰਸ ਵੰਜਾਰ ਹੋਯਾ। ਡੋਲਾ ਵਜਾਹ ਕਜੋਂ ਕੁਲਾਂ ਨੂੰ ਦਾਗ ਲਾਈਏ, ਕਾਂ ਹੰਸਨੀ ਦਾ ਕਦੋਂ ਪਿਆਰ ਹੋਯਾ। ਤਦੋਂ ਔਕਕੇ ਮਾਰਿਆ ਬੜਾ ਓਹਨਾਂ ਬੰਦ ਬੰਦ ਮੇਰਾ ਅਵਾਜਾਰ ਹੋਯਾ। ਅੰਤ ਛਡਿਆ ਨੇ ਮੈਨੂੰ ਜਾਨ ਮੁਰਦਾ, ਮੈਂ ਤੇ ਨੱਸਕੇ ਭੌਜਲੋਂ ਪਾਰ ਹੋਯਾ। ਆਨ ਵੇਖੀਆਂ ਨੇ ਸ਼ਕਲਾਂ ਸੋਹਨੀਆਂ ਏਹ, ਅਨ੍ਹੇ ਨੈਨ ਤੇ ਜਿਵੇਂ ਲਿਸ਼ਕਾਰ ਹੋਯਾ। ਕ੍ਰਿਪਾਸਾਗਰਾਂ ਤੁਸਾਂ ਤੋਂ ਜਾਨ ਵਾਰਾਂ, ਮੈਨੂੰ ਰੱਬਦਾ ਅੱਜ ਦੀਦਾਰ ਹੋਯਾ"

—o—

੫–ਬੁੱਢੇ ਖੁੰਡ ਕਾਵਾਂ ਰੱਲ ਤਾੜ ਲੀਤੀ, "ਅਖਾਨ ਕਾਸਨੂੰ ਮਕਰ ਬਨਾਵਨਾਏਂ । ਤੈਨੂੰ ਚਾ ਆਯਾ ਹੰਸ ਬਨਨ ਦਾ ਓਏ, ਕਾਵਾਂ ਵਿਚ ਹੁਣ ਫੇਰ ਕਜੋਂ ਆਵਨਾ ਏਂ ? ਓਹਨਾਂ ਖੁੰਬ ਠੱਪੀ ਆਕੜ ਭੰਨ ਤੇਰੀ, ਸਾਨੂੰ ਲੱਲੀਆਂ ਥੱਥੀਆਂ ਲਾਵਨਾ ਏਂ । ਵੱਗ ਜਾ ਨਿਕਲ ਏਥੋਂ, ਦਗੇ ਬਾਜੀਆ ਓ, ਭੱਲਾ ਸੁਖ ਜੇ ਅਪਨੀ ਚਾਹੁਵਨਾ ਏਂ । ਸਾਡੇ ਵਿੱਚ ਵਸੇਬੜਾ ਨਹੀਂ ਤੇਰਾ, ਲਿਖੇ ਸਾਬੋਆ, ਸੱਚ ਅਖਵਾਵਨਾ ਏਂ। ਕ੍ਰਿਪਾ ਸਾਗਰਾ ਮੂਲ ਨ ਹੰਸ ਬਣਿਓਂ, ਕਾਵਾਂ ਵਿੱਚ ਵੀ ਜਗਾਹ ਨ ਪਾਵਨਾ ਏਂ ।"

—o—

੬–ਓਸੇ ਕਾਂ ਵਰਗੀ ਸਮਝੋ ਕੌਮ ਜੇਹੜੀ, ਬੋਲੀ ਅਪਨੀ ਵਰਤਨੋਂ ਸੰਗਦੀ ਏ। ਓਹਦੇ ਕਦੀ ਨ ਹੋਨ ਖਿਆਲ ਉਚੇ, ਕੌਮਾਂ ਦੂਜੀਆਂ ਤੋਂ ਹਾਰ ਮੰਗਦੀ ਏ। ਥਔਹ ਖੱਝਦਾ ਮੂਲ ਨਾ ਕਦੀ ਪੂਰਾ, ਉਮਰ ਰੌਲਿਆਂ ਦੇ ਵਿਚ ਲੰਘਦੀ ਏ। ਆਪਸ ਵਿਚ ਇੱਕਵਾਕ ਤੇ ਸੁਲਾਹ ਮੁਸ਼ਕਲ, ਘਰਾਂ ਵਿਚ ਰਹਿੰਦੀ ਸੂਰਤ ਜੰਗਦੀ ਏ । ਕਦੇ ਫਾਰਸੀ ਅਰਬੀਆਂ ਜੋਰ ਪਾਯਾ, ਕਦੇ ਬੋਲਨੀ ਅਹਿਲ ਫਰੰਗਦੀ ਏ। ਆਬ ਆਬ ਕਹਿ ਮਰਨ ਪਏ ਕੋਲ ਮਾਵਾਂ, ਪਾਨੀ ਕਹਿਨ ਤੋਂ ਜੀਭ ਪਈ ਸੰਗਦੀ ਏ। ਕਿਵੇਂ ਦਾਗ ਚਾ ਭੋਏਂ ਦੇ ਰੰਗ ਕਜੇ, ਆਬ ਮਾਰਦਾ ਸਗੋਂ ਖੁਦਰੰਗ ਦੀ ਏ। ਕ੍ਰਿਪਾ ਸਾਗਰਾ ਕਰੀਂ ਤੂੰ ਗੱਲ ਉਹਾ, ਜੇਹੜੀ ਬੜੇ ਨਮੂਜ ਤੇ ਨੰਗਦੀ ਏ।

੭—ਰਖੇ ਵਿਚ ਜਹਾਨ ਦੇ ਕੌਮ ਜੇਹੜੀ, ਬੋਲੀ ਅਪਨੀ ਨਾਲ ਪਿਆਰ ਪਿਆਰੇ। ਓਹਦੇ ਵਿਚ ਸਾਹਿਤਯ ਦਾ ਹੋਵੇ ਵਾਧਾ, ਆਲਮ ਇਲਮ ਦੇ ਹੋਨ ਦਿਲਦਾਰ ਸਾਰੇ। ਪੰਡਿਤ ਹੋਨ ਪੈਦਾ ਖਿਆਲ ਹੋਨ ਉੱਚੇ, ਗੱਲਾਂ ਗੁੱਝੀਆਂ ਤੋਂ ਖਬਰਦਾਰ ਭਾਰੇ। ਮਸਲੇ ਨਵੇਂ ਢੂੰਡਨ ਨਵੀਆਂ ਕਲਾਂ ਕੱਢਨ, ਬੇੜਾ ਮੁਲਖ ਦਾ ਆਪ ਕਰਤਾਰ ਤਾਰੇ। ਮੌਕਾ ਵਿਚ ਜਹਾਨ ਦੇ ਆਨ ਧੁੰਮੇ, ਨਰਗਸ ਚਮਨ ਵਿਚ ਜਿਵੇਂ ਲਪਟਾਰ ਮਾਰੇ। ਬੋਲੀ ਮਾਂਗਵੀਂ ਦੇ ਬੰਧਨ ਲਹਿਨ ਦਿਲਤੋਂ, ਖਿਆਲੋਂ ਕੌਮ ਦਾ ਬਨੇ ਇਤਬਾਰ ਸਾਰੇ। ਖਿਆਲਾਂ ਨਾਲ ਇੱਜਤ ਮਿਲੇ ਵਿਚ ਮੁਲਖਾਂ, ਜਾਤੀ ਧਰਮ ਤੇ ਦੇਸ ਸਤਕਾਰ ਸਾਰੇ। ਖਯਾਲਾਂ ਨਾਲ ਆਵੇ ਜਾਨ ਦੇਸ ਅੰਦਰ, ਖਿਆਲ ਬੱਝਿਆਂ ਜੀਉਨ ਨ ਕਿਸੇ ਕਾਰੇ। ਖਿਆਲਾਂ ਨਾਲ ਦੁਬਤਾ ਜਾਵੇ ਦਿਲਾਂ ਵਿਚੋਂ। ਹੋਵੇ ਗੱਲ ਇੱਕਾ, ਇੱਕੋ ਕਾਰ ਸਾਰ। ਕ੍ਰਿਪਾ ਸਾਗਰਾ ਕਹੀਂ ਪੰਜਾਬੀਆਂ ਨੂੰ, ਬੋਲੀ ਸੁਧਰਿਆਂ ਹੋਨ ਸੁਧਾਰ ਭਾਰੇ।

—o—

੮--ਭਾਵੇਂ ਸ਼ਰਮ ਆਵੇ ਬੋਲੀ ਲਿਖਦਿਆਂ ਏਹ ਝਾਕਾ ਦਿਨਾਂ ਦਾ ਕੋਈ ਪਰਾਹੁਨਾ ਜੇ। ਦੂਰ ਹੋਨਗੇ ਵਰਤਿਆਂ ਭੇੜ ਆਪੇ, ਸਾਰੀ ਸੋਧ ਦਾ ਮੂਲ ਦੋਹਰਾਵਨਾ ਜੇ। ਮੰਦ ਛੱਡਕੇ ਚੰਗ ਨੂੰ ਪਕੜ ਲੈਨਾ, ਵਰਤੋਂ ਵਿਚ ਫਿਰ ਚੰਗ ਨੂੰ ਲਿਆਉਨਾ ਜੇ। ਚੰਗ ਵਰਤ ਕੇ ਚੰਗਿਆਂ ਆਪ ਬਨੀਏ, ਦੁਨੀਯਾ ਵੇਖਕੇ ਪਿਆ ਵਡਿਆਉਨਾ ਜੇ। ਕਿਤੇ

ਕਾਵਜ ਤੇ ਕਥਾ ਦੀ ਬਨੇ ਕਿਯਾਰੀ, ਕਿਤੇ ਛੰਦ ਦੀ ਵੇਲ ਚੜ੍ਹਾਉਨਾ ਜੇ। ਦਰਸ਼ਨ ਸਿਮਰਤੀ ਦੇ ਬੂਟੇ ਫਲਾਂ ਵਾਲੇ, ਹੱਥੀਂ ਰੋਡ ਫੁਲਵਾੜੀਆਂ ਲਾਵਨਾ ਜੇ। ਕਿਤੇ ਫਿਜਕ ਕੈਮਿਸਟ੍ਰੀ ਦੇਨ ਲਪਟਾਂ, ਕਿਤੇ ਮਹਿਕ ਬਾਈਆਲੋਜੀ ਜਾਵਨਾ ਜੇ। ਫੁੱਲ ਸਾਇੰਸਾਂ ਦੇ ਖਿੱੜਨ ਵਿੱਚ ਕੂੰਜਾਂ, ਸਿਯਾਸਤ ਫਲਸਫੇ ਰੰਗ ਵਖਾਵਨਾ ਜੇ। ਮਲ੍ਹਰ ਦਿਓ ਪਸੀਨੇ ਦਾ ਜੋਰ ਵਾਲਾ, ਬਾਗ ਵਿਚ ਜੇ ਜਿੰਦ ਚਾ ਲਾਵਨਾ ਜੇ। ਬਾਰਾਂਦਰੀ ਤੇ ਬਨਨ ਦੀਵਾਨ ਖਾਨੇ, ਥਾਂ ਥਾਂ ਸੁਖਾਂ ਦੇ ਫਰਸ਼ ਵਿਛਾਵਨਾ ਜੇ। ਰਾਹੀ ਸੈਲ ਨੂੰ ਆਉਨ ਪਰਦੇਸ ਵਿਚੋਂ, ਹਮਾਂ ਸ਼ਮਾਂ ਵੀ ਪੈਂਤੜਾ ਪਾਵਨਾ ਜੇ। ਖਿੱੜੇ ਬਾਗ ਪੰਜਾਬੀ ਦਾ ਬੜਾ ਸੋਹਣਾ, ਅੰਗਾਂ ਸਾਰਿਆਂ ਵਿਚ ਵਡਿਆਉਨਾ ਜੇ। ਜ਼ਿਮੀਂ ਬੜੀ ਖਰਮਗਜ ਦੀ ਕੋਥਰੀ ਜੇ, ਓਹਨੂੰ ਨੇਮ ਦਾ ਜੋਤਰਾ ਲਾਵਨਾ ਜੇ। ਸੈਆਂ ਵਰਿਹਾਂ ਤੋਂ ਰਹੀ ਵੈਰਾਨ ਬੰਜਰ, ਹਰਿਆ ਘਾਹ ਵੀ ਹੋਯਾ ਪਰਾਹੁਨਾ ਜੇ। ਲਿਖਨ ਪੜ੍ਹਨ ਦੀ ਨੈਹਰ ਜੇ ਛੱਡ ਦੇਵੋ, ਏਸ ਜਿਮੀਂ ਦੀ ਪਿਆਸ ਬੁਝਾਵਨਾ ਜੇ। ਪਾਨੀ ਧੁਮਨ ਵਾਲਾ ਕੱਢੇ ਜੌਹਰ ਏਹਦੇ, ਫਲਾਂ ਚੰਗਿਆਂ ਨੂੰ ਜਕਰ ਖਾਵਨਾ ਜੇ। ਮੱਤ ਮੁਲਖ ਦੀ ਦੀ ਕਰੋ ਕੰਧ ਪੱਕੀ, ਗਫਲਤ ਡੰਗਰਾਂ ਨੂੰ ਮਗਰੋਂ ਲਾਹਵਨਾ ਜੇ। ਕ੍ਰਿਪਾ ਸਾਗਰਾ ਖਿੱਲਰੀ ਜਦੋਂ ਸ਼ੋਹਰਤ, ਜੈ ਜੈ ਕਾਰ ਪੰਜਾਬੀਆਂ ਪਾਵਨਾ ਜੇ।

੯—ਚੌੜੀ ਕੁਦਰਤਾਂ ਦੀ ਦਿੱਤੀ ਜੂਹ ਈਸ੍ਵਰ, ਓਥੋਂ ਵੱਢਕੇ ਲੱਕੜਾਂ ਲਿਆਵਨਾ ਜੇ। ਛਾਂਗ ਛੂੰਗ ਕੇ ਨੁੱਕਰਾਂ ਛਿੱਲ ਲੈਨਾ, ਰੰਦ ਸ਼ੰਦ ਕੇ ਸਾਫ਼ ਬਨਾਵਨਾ ਜੇ। ਚੂਨਾ ਕਲੀ ਲਭੋ ਢੂੰਡੋ ਸਿਰਮਟਾਂ ਨੂੰ, ਦੇਵੀ ਵਿਦਯਾ ਦਾ ਮੰਦਿਰ ਪਾਵਨਾ ਜੇ। ਭਾਵੇਂ ਲਵੋ ਕਿਥੋਂ ਚੀਜਾਂ ਸਾਰੀਆਂ ਏਹ, ਰਾਗ ਆਪਨਾ ਹੀ ਮਗਰ ਗਾਵਨਾ ਜੇ। ਭਾਵੇਂ ਕਪੜੇ ਨੂੰ ਗਾਰਾ ਕਰੇ ਮੈਲਾ, ਚਿੱਕੜ ਗਾਰਿਆਂ ਦਾ ਕੁਸਕ ਲਾਵਨਾ ਜੇ। ਨੀਹਾਂ ਭਰੋ ਤੇ ਕਰੋ ਤਿਆਰ ਮੰਦਰ, ਨਹੂੰਆਂ ਤੀਕ ਚਾ ਜੋਰ ਵਖਾਵਨਾ ਜੇ। ਲਿੰਬ ਪੋਚਕੇ ਕਹਿਗਲਾਂ ਖੂਬ ਕਰਨਾ, ਚੂਨੇ ਗਜ਼ੀ ਸੰਗ ਮਰਮਰਾਂ ਲਿਆਵਨਾਂ ਜੇ। ਗਾਰਾ ਫੇਰ ਨ ਕਦੀ ਵੀ ਦਾਗ ਲਾਵੇ, ਹੋਵੇ ਸੁਖਾਂ ਦਾ ਮੂਲ ਸੁਹਾਵਨਾ ਜੇ। ਕਾਰੀ ਗਰਾਂ ਦਾ ਵੀ ਭਰੋ ਭਾ ਪੂਰਾ, ਜੇਕਰ ਦਾਗ ਨ ਮਹਿਲ ਨੂੰ ਲਾਵਨਾ ਜੇ। ਹਿੰਮਤ ਹਾਰਕੇ ਹੋਏ ਹਾਂ ਨੀਮ ਵਹਿਸ਼ੀ, ਹਿੰਮਤ ਕੀਤਿਆਂ ਸਭਯ ਬਨ ਜਾਵਨਾ ਜੇ। ਟਹਿਲੋਂ ਮਹਿਲ ਹੁੰਦੇ ਲੋਕ ਕਹਿਨ ਸਭੇ, ਅਸਾਂ ਟਹਿਲ ਤੋਂ ਮਹਿਲ ਪੁਵਾਵਨਾ ਜੇ। ਕ੍ਰਿਪਾ ਸਾਗਰਾ ਲੱਕ ਜੇ ਬੰਨ੍ਹ ਲੀਤਾ, ਮੁੰਨਾ ਕੋਹ ਲਾਹੌਰ ਹੋ ਜਾਵਨਾ ਜੇ।

—o—

ਨਾਟਕ ਦੇ ਪ੍ਰਧਾਨ ਕਰਤੇ।

ਮੁਹੰਮਦ ਆਸ਼ਿਕ, ਹਕੀਮ ਹਾਕਮ ਰਾਏ; ਮੁਫ਼ਤੀ-ਮੁਹੰਮਦ ਬਾਕਰ, ਮੀਆਂ ਸ਼ਾਦੀ ਖਾਂ, ਮੀਆਂ ਮੁਹੰਮਦ ਮੁਕੱਰਮ—ਲਾਹੌਰ ਦੇ ਚੌਧਰੀ ਤੇ ਪੈਂਚ।

ਮੇਹਰ ਮੋਹਕਮ ਦੀਨ—ਭੰਗੀਆਂ ਵਲੋਂ ਲੁਹਾਰੀ ਦਰਵਾਜੇ ਦਾ ਰਾਖਾ ਸਰਦਾਰ।

ਰਣਜੀਤਸਿੰਘ—ਸੁਕਰਚੱਕੀਆ ਸਰਦਾਰ ਜੋ ਪਿਛੋਂ ਪੰਜਾਬ ਦਾ ਮਹਾਰਾਜਾ ਬਨਿਆ।

ਦਲ ਸਿੰਘ ਕਾਲਿਆਂ ਵਾਲਾ
ਅਤਰ ਸਿੰਘ ਕਾਲਿਆਂ ਵਾਲਾ } ਮਹਾਰਾਜ ਰੰਜੀਤਸਿੰਘਦੇ ਸਰਦਾਰ।

ਕਾਜ਼ੀ ਅਬਦੁਲ ਰੈਹਮਾਨ—ਮਹਾਰਾਜ ਰੰਜੀਤਸਿੰਘ ਦਾ ਮੁਰੱਬੀ ਰਸੂਲ ਨਗਰੀਆ।

ਰਾਨੀ ਸਦਾ ਕੌਰ—ਮਹਾਰਾਜ ਰਣਜੀਤ ਸਿੰਘ ਦੀ ਸੱਸ, ਵਟਾਲੇ ਤੇ ਮੁਕੇਰੀਆਂ ਦੀ ਰਾਨੀ ਜੈ ਸਿੰਘ ਘਨਈਯੇ ਦੀ ਨੂੰਹ। ਗੁਰਬਖਸ਼ ਸਿੰਘ ਦੇ ਘਰੋਂ।

ਤਾਬੋ ਤੇ ਪ੍ਰੇਮੀ—ਸਦਾ ਕੌਰ ਦੀਆਂ ਗੋਲੀਆਂ।

ਸੋਭਾ ਸਿੰਘ, ਚੇਤ ਸਿੰਘ, ਮੋਹਰ ਸਿੰਘ—ਲਾਹੌਰ ਦੇ ਭੰਗੀ ਹਾਕਮ, ਜਿਨ੍ਹਾਂ ਕੋਲੋਂ ਲੋਕੀ ਬੜੇ ਅੱਕੇ ਹੋਏ ਸਨ।

ਜੱਸਾ ਸਿੰਘ ਰਾਮ ਗੜ੍ਹੀਆ—ਰਾਮ ਗੜ੍ਹੀਆਂ ਦੀ ਮਿਸਲ ਦਾ ਮੰਨਿਆ ਪਰਮੰਨਿਆ ਸਿੱਖ ਸਰਦਾਰ, ਮਹਾਰਾਜ ਦਾ ਵਿਰੋਧੀ।

ਜੋਧ ਸਿੰਘ ਰਾਮ ਗੜ੍ਹੀਆ—ਜੱਸਾ ਸਿੰਘ ਦਾ ਵੱਡਾ ਪੁਤ੍ਰ।

ਗੁਲਾਬ ਸਿੰਘ ਭੰਗੀ—ਅੰਬਰਸਰ ਦਾ ਰਾਜਾ।

ਸਾਹਿਬ ਸਿੰਘ ਭੰਗੀ—ਗੁਜਰਾਤ ਦਾ ਰਾਜਾ, ਗੁੱਜਰ ਸਿੰਘ ਭੰਗੀ ਦਾ ਪੁਤਰ।

ਜਵਾਈ, ਸਭਰਾਈ, ਘੰਮੀ—ਤ੍ਰੈ ਚੁਜ਼ੇਲਾਂ॥

ਕੁੰਮਾਂ, ਜੁੰਮਾਂ, ਤੁੰਮਾਂ—ਤ੍ਰੈ ਭੂਤਨੇ **ਗਨੂੰ**-ਪਿੰਡ ਦਾ ਬਾਹਮਨ।

ਗਨੇਸ਼ਾ—ਪੇਂਡੂ ਖਤ੍ਰੇਟਾ। **ਸਮੰਦਾ**-ਝਸੀਨ ਦਾ ਚੌਧਰੀ।

ਬੇਲੀ ਤੇ ਅਰੂੜਾ—ਝਸੀਨ ਦੇ ਲੋਕ। **ਰਾਮੇ ਸ਼ਾਹ, ਨਿੱਕਾ ਮੱਲ**—ਲਾਹੌਰੀਏ ਹਟਵਾਨੀਏ।

ਦਾਤਾਰ ਕੌਰ—ਪੇਕਾ ਨਾਂ ਰਾਜਕੌਰ, । ਮਹਾਰਾਜ ਰੰਜੀਤ ਸਿੰਘ ਦੀ ਪਟਰਾਨੀ, ਰਣ ਸਿੰਘ ਨਿਕਈ ਦੀ ਧੀ। ਮਹਾਰਾਜਾ ਖੜਕ ਸਿੰਘ ਦੀ ਸੱਕੀ ਮਾਂ। ਜੇਹੜੀ ਨਿਕਾਇਣ ਨਾਮ ਨਾਲ ਮਸ਼ਹੂਰ ਸੀ।

ਮੋਰਾਂ ਤੇ ਸਾਹਿਬੋ—ਰਣਜੀਤ ਸਿੰਘ ਦੇ ਦਰਬਾਰ ਵਿਚ ਦੋ ਬਜ਼ਾਰੀ ਜਨਾਨੀਆਂ।

ਸਾਵਨ ਮਲ ਤੇ ਮੰਗਲ ਸਿੰਘ—ਦੋ ਬਪਾਰੀ।

ਰਾਜਾ ਭਾਗ ਸਿੰਘ—ਜੀਂਦ ਦਾ ਰਾਜਾ। ਗਜਪਤ ਸਿੰਘ ਪੁਤਰ, ਰਣਜੀਤ ਸਿੰਘ ਦਾ ਸੱਕਾ ਮਾਮਾ।

ਲਾਲ ਸਿੰਘ—ਕੈਥਲ ਦਾ ਰਾਜਾ।

ਸਾਹਿਬ ਸਿੰਘ—ਪਟਿਆਲੇ ਦਾ ਰਾਜਾ।

ਆਸਕੌਰ ਚੱਠੀ—ਬੜੀ ਬੁਧਵਾਨ ਤੇ ਸੂਝਵਾਲੀ ਰਾਜਾ ਸਾਹਿਬ ਸਿੰਘ ਦੀ ਰਾਨੀ। ਜਿਸ ਨੇ ਪਤੀ ਦੇ ਥਾਂ ਚਿਰਾਂ ਤਕ ਪਟਿਆਲੇ ਰਾਜ ਕੀਤਾ।

ਭੰਗਾ ਸਿੰਘ—ਥਾਨੇਸਰ ਦਾ ਰਾਜਾ।

ਗੁਰਬਖਸ਼ ਸਿੰਘ—ਅੰਬਾਲੇ ਦਾ ਰਾਜਾ, ਜੇਹੜਾ ਔਤਰ ਨਖੱਤ੍ਰ ਮਰਗਿਆ।

ਕੁਤਬ ਦੀਨ--ਕੁਸੂਰ ਦਾ ਨਵਾਬ।

ਸਰਫਰਾਜ ਖਾਂ, ਖੀਵਾ ਖਾਂ, ਬੁਲੰਦ ਖਾਂ, ਤੇ ਵਾਸਲਖਾਂ-ਕੁਤਬ ਦੀਨ ਦੇ ਵਜੀਰ।

ਫਤੇਸਿੰਘ ਆਹਲੂਵਾਲੀਆ—ਕਪੂਰਥਲੇ ਦਾ ਰਾਜਾ, ਰਣਜੀਤ-ਸਿੰਘ ਦਾ ਵਡਾ ਸਰਦਾਰ, ਜਿਹਦੇ ਨਾਲ ਓਹਦੀ ਪੱਗ ਵੱਟੀ ਹੋਈ ਸੀ, ਤ ਗੂਹੜੀ ਯਾਰੀ ਸੀ।

ਮੁਨਸ਼ੀ ਸਰਬ ਦਿਯਾਲ, ਦੀਵਾਨ ਭਵਾਨੀ ਦਾਸ ਮਹਾਰਾਜ ਰਣਜੀਤ ਸਿੰਘ ਦੇ ਕਾਰ ਦਾਰ।

ਅਰਦਾਸ

ਜੈ, ਜੈ, ਸਿਰੀ ਸਾਰਦਾ ਮਾਈ।
ਨਿਖਲ ਜਗਤ ਰਾਣੀ।

੧- ਸ਼ਬਦ ਰੂਪ, ਸ਼ਬਦ ਸਾਰ। ਬੋਧ ਤਤੂ ਦਾ ਉਤਾਰ।
ਆਸ਼੍ਰਿਤ ਜਨ ਦੇਵੇਂ ਤਾਰ। ਬਖ਼ਸ਼ੇਂ ਸ਼ੁਭ ਬਾਣੀ।
ਜੈ, ਜੈ, ਸਿਰੀ ਸਾਰਦਾ ਮਾਈ।

੨- ਬਿਜਲੀ ਦੀ ਲਿਸ਼ਕ ਵਾਂਗ। ਚਮਕੇ ਮੂੰਹ ਚੰਦ ਵਾਂਗ।
ਵਰਣੇ ਜੱਗ ਤੇਰਾ ਸਾਂਗ। ਤ੍ਰਿਭੁਵਨ ਚੁਧਰਾਣੀ।
ਜੈ, ਜੈ, ਸਿਰੀ ਸਾਰਦਾ ਮਾਈ।

੩- ਹਿਰਦੇ ਕਮਲ ਤੇ ਸ੍ਵਾਰ। ਛੇੜ ਬੀਣਾ ਮਧੁਰ ਤਾਰ।
ਪ੍ਰੇਮ ਨੇਮ ਸਾਮ ਸਾਰ। ਸ਼ਾਂਤਿ ਰਸ ਸਾਣੀ।
ਜੈ, ਜੈ, ਗਿਰੀ ਸਾਰਦਾ ਮਾਈ

੪- ਜਗਤ ਦਾ ਭੌਵ ਭੈ ਹਟਾਨ। ਪਰਗਟ ਤੇਰਾ ੂਪ ਭਾਣ।
ਜੀਆ ਜੰਤ ਤਰੂ ਪਖਾਨ। ਸਭ ਦੀ ਜਿੰਦਗਾਨੀ।
ਜੈ, ਜੈ, ਸਿਰੀ ਸਾਰਦਾ ਮਾਈ।

੫- ਕ੍ਰਿਪਾ ਸਾਗਰ ਕਹੇ ਪੁਕਾਰ। ਦੇਵੀ, ਵਰ ਦੇ ਦਾਤਾਰ।
ਬਾਣੀ ਬਲਵੰਤ ਸਾਰ। ਸਭ ਦੇ ਮਨ ਭਾਨੀ।
ਜੈ, ਜੈ, ਸਿਰੀ ਸਾਰਦਾ ਮਾਈ।
ਨਿਖਲ ਜਗਤ ਰਾਣੀ।

ਪੈਂਤੜਾ

ਸੂਤ੍ਰ ਧਾਰ--[ਗੁੱਠੋਂ ਨਿਕਲਕੇ] ਆਹਾ ! ਅੱਜ ਤੇ ਸਾਡੇ ਘਰ ਵ੍ਯਿਆਹ ਜਾਪਦਾ ਏ । ਵੇਖਾਂ, ਕੇਡਾਕੁ ਮੇਲ ਮੰਡਲ ਆਯਾ ਏ ! [ਪੜਦੇ ਵਲ ਵੇਖਕੇ] ਭਲੀਯੇ ਲੋਕੋ ! ਕਿਥੇ ਓ ?

ਨਟਨੀ-[ਪੜਦੇ ਵਿਚੋਂ] ਮਹਾਰਾਜ, ਆਈ । [ਬਾਹਿਰ ਆਕੇ] ਮਹਾਰਾਜ, ਕੀ ਆਹੰਦੇ ਓ ?

ਸੂਤ੍ਰਧਾਰ-ਸ੍ਰੀਮਤੀ ਜੀ, ਅੱਜ ਕੋਈ ਵੱੜ ਏ ?

ਨਟਨੀ-ਮਹਾਰਾਜ, ਕੋਈ ਵੱੜ ਸ਼ੜ ਨਹੀਂ ।

ਸੂਤ੍ਰਧਾਰ-ਵੇਖਾਂ, ਕੇਡੇ ਕੇਡੇ ਰਾਜੇ, ਮਹਾਰਾਜੇ ਤੇ ਸਰਦਾਰ ਆਏ ਬੈਠੇ ਨੇ !

ਨਟਨੀ-ਮਹਾਰਾਜ, ਏਹ ਸੱਜਨ ਆਪਦੀ ਰੰਗ ਭੂਮੀ ਦਾ ਪ੍ਰਭਾਵ ਵੇਖਨਾ ਚਾਹੁੰਦੇ ਨੇ ।

ਸੂਤ੍ਰਧਾਰ-ਭੱਲਾ, ਭੱਲਾ ! ਸ੍ਰੀਮਤੀ ਜੀ, ਮੈਂ ਤੇ ਡਰ ਗਿਆ ਸਾਂ, ਕਿ ਖਬਰੇ ਫੇਰ ਲੱਖੂ ਸ਼ਾਹ ਦਾ ਸੌ ਦੋ ਸੌ ਰੁਪਏ ਦਾ ਬਿੱਲ ਨ ਆ ਜਾਯੇ ! ਹਾ ! ਹਾ !! ਹਾ !!!

ਨਟਨੀ-ਸ੍ਰੀ ਰਾਮ, ਸ੍ਰੀ ਰਾਮ ! ਸੱਚ ਆਹੰਦੇ ਨੇ ਕਿ ਜਿੰਨ ਚਲਾ ਜਾਂਦਾ ਏ, ਪਰ ਜੰਨ ਨਹੀਂ ਜਾਂਦਾ । ਮਹਾਰਾਜ, ਜੰਨ ਨ ਕਰੋ, ਜਦੋਂ ਦੀ ਲੱਖੂ ਸ਼ਾਹ ਨੇ ਪਿਛਲੀ ਉਚਾਪਤ ਦੀ ਚਿੱਠੀ

ਪਾਈ ਏ, ਮੇਨੂੰ ਸੁਰੀਧ ਏ, ਜੇ ਮੈਂ ਕੋਈ ਵੀ ਚੀਜ਼ ਓਹਦੀ ਹੱਟੀਯੋਂ ਉਧਾਰ ਮੰਗਾਈ ਏ।

ਸੂਤ੍ਰਧਾਰ–ਭੱਲਾ, ਭੱਲਾ, ਕਰਮਾਂਵਾਲੀਯੇ! ਹੁਨ ਤੂੰ ਬੜੀ ਸਿਆਨੀ ਹੋਗਈਓਂ ਏਂ। ਆ, ਫੇਰ। ਸੰਗਤਾਂ ਨੂੰ ਕੋਈ ਸ੍ਵਾਦਲਾ ਜਿਹਾ ਟੱਪਾ ਈ ਸੁਨਾਦੇ!

ਨਟਨੀ–ਮਹਾਰਾਜ ਲਓ। [ਗਾਉਂਦੀ ਏ]

॥ ਗੀਤ ॥

ਕੋਠੇ ਉਤੇ ਮੰਜਾ। ਸੌਹਰਾ ਮੇਰਾ ਗੰਜਾ।
ਸੱਸ ਮੇਰੀ ਕਾਨੀ। ਪਾਂਗਲੀ ਜਿਠਾਨੀ।
ਦੇਉਰ ਮੇਰਾ ਕੁੱਬਾ। ਰਾਵੀ ਦੇ ਵਿਚ ਡੁੱਬਾ।
ਮਾਹੀ ਮੇਰਾ ਸੋਹਨਾ। ਸਭਨਾਂਦਾ ਮਨਮੋਹਨਾ।
ਚੰਗਾ ਮੇਰੇ ਹਾਨਦਾ। ਸਿਰ ਲਾਹੇ ਨਨਾਨ ਦਾ।

ਸੂਤ੍ਰਧਾਰ–[ਦਿਲ ਵਿਚ] ਪਹਿਲੇ ਘਰ ਦੀ ਅਲਖ ਲਾਹ ਲੈ, ਤੇ ਫੇਰ ਦੂਜੇ ਬੰਨੇ ਧਿਆਨ ਪਾਈਂ [ਉਚੀ] ਭਲੀਯੇ ਲੋਕੇ, ਤੂੰ ਤੇ ਖੇਨੂੰ ਖੇਡਨ ਲੱਗ ਪਈ ਏਂ? ਏਹ ਸਭਾ ਏਸ ਵੇਲੇ ਕਾਵ੍ਯ ਰਸ ਦੀ ਤ੍ਰਿਸਿੰਨੀ ਏ। ਤੇਰੀ ਵਾਜ ਵੀ ਦਿਲ ਖਿੱਚਵੀਂ ਤੇ ਰਸਭਿੰਨੀ ਏ। ਕੋਈ ਚੋਂਦਾ ਚੋਂਦਾ ਰਸ ਭਰਿਆ ਟੋਟਕਾ ਜਿਹਾ ਛੱਡਦੇ।

ਨਟਨੀ–ਮਹਾਰਾਜ, ਹੋਰ ਸੁਨ ਲਓ। [ਗਾਉਂਦੀ ਏ]

॥ ਗੀਤ ॥

ਲਾਮਾਂ ਲੱਗੀਆਂ ਪਿਸ਼ਾਵਰ ਤੇ ਕੰਧਾਰ, ਨੀ ਮਾਯੇ।

ਮੇਰਾ ਮਾਹੀ ਤੇ ਹੋਯਾ ਈ ਤਿਯਾਰ, ਨੀ ਮਾਯੇ।
ਤੋੜਾ ਕਲਗੀ ਤੇ ਸਾਫਾ ਝਾਲਰਦਾਰ, ਨੀ ਮਾਯੇ।
ਕੱਸੀ ਬਰਦੀ ਤੇ ਲੱਗੇ ਸੂਬੇਦਾਰ, ਨੀ ਮਾਯੇ।
ਘੋੜਾ ਹਿਨਕੇ ਤੇ ਚੱਲੇ ਸੋਹਨੀ ਟੋਰ, ਨੀ ਮਾਯੇ।
ਨਵੇਂ ਵਿਹਾਜਾਂ ਦੇ ਦਿਲ ਵਿਚ ਵੱਸਨ ਚੋਰ, ਨੀ ਮਾਯੇ।
ਨੇਜਾ ਲਿਸ਼ਕੇ ਤੇ ਖੁੱਸਨ ਮੇਰੇ ਪ੍ਰਾਣ, ਨੀ ਮਾਯੇ।
ਕਿੱਦਨ ਦੇਖਾਂਗੇ ਮੁੜਕੇ ਪਿਆਰੀ ਜਾਨ, ਨੀ ਮਾਯੇ।
ਕੱਜਲ ਮੱਸੀ ਤੇ ਪਲਕਾਂ ਮੇਰੀ ਕਾਨੀ, ਨੀ ਮਾਯੇ।
ਚਿੱਠੀ ਘੱਲਾਂ ਮੈਂ ਤੈਨੂੰ ਦਿਲਬਰ ਜਾਨੀ, ਨੀ ਮਾਯੇ।
ਅੱਥਰ ਡੋਲ੍ਹਾਂ ਤੇ ਦੱਸਾਂ ਅਪਨਾ ਹਾਲ, ਨੀ ਮਾਯੇ।
ਕਾਗਤ ਦਿਲ ਦਾ ਮੈਂ ਲਿਖਨੀਆਂ ਦਰਦਾਂ ਨਾਲ, ਨੀ ਮਾਯੇ।
ਸਖੀਆਂ ਹੱਸਨ ਤੇ ਗੁੜ੍ਹਕਨ ਲਾਵਨ ਵੇਸ, ਨੀ ਮਾਯੇ।
ਸਾਡਾ ਜੀਉੜਾ ਤੇ ਰੁਲਦਾ ਵਿਚ ਪਰਦੇਸ, ਨੀ ਮਾਯੇ।
ਡੂੰਘੀਆਂ ਸੋਚਾਂ ਤੇ ਪੈਂਦੇ ਦਿਲ ਨੂੰ ਡੋਲ, ਨੀ ਮਾਯੇ।
ਕਾਂਵਾਂ ਉਡ ਚਲ ਤੂੰ ਲੈ ਚਲ ਮਾਹੀ ਕੋਲ, ਨੀ ਮਾਯੇ।
ਹਰੜ ਪੋਪੋ ਤੇ ਰਾਵਲ ਪਾਂਦੇ ਫਾਲ, ਨੀ ਮਾਯੇ।
ਜੀ ਪਰਚਾਵਾਂ ਮੈਂ ਔਂਸੀਆਂ ਦੇ ਨਾਲ, ਨੀ ਮਾਯੇ।

—o—

ਸੂਤ੍ਰਧਾਰ—ਵਾਹ ਵਾ! ਵਾਹ! ਪੱਟਿਆ ਈ ਢੱਕੀ ਦਾ ਟੱਬਾ! ਛਲੀਯੇ ਲੋਕੇ, ਸਭਾ ਵਿੱਚ ਆਕੇ ਸਭਾ ਦੀ ਗੱਲ ਕਰ। ਸੁਫਨੇ ਵਿਚ ਢੱਟਿਆਂ ਦੇ ਸਿਆਪੇ ਨ ਪਈ ਕਰ। ਸਭੇ ਕੰਮ ਵੇਲੇ ਵੇਲੇ ਦੇ ਹੁੰਦੇ ਨੇ, ਤੇ ਫਬਦੀ ਲੜੀ ਹਾਰ ਪਰੁੰਦੇ ਨੇ, ਮੈਂ ਕਿਸੇ

ਲਾਮ ਵਿਚ ਨਹੀਂ ਜਾਂਦਾ,ਤੇ ਤੇਰੇ ਭਾ ਦਾ ਸਿਆਪਾ ਨਹੀਂ ਪਾਂਦਾ॥ ਕੋਈ ਚੰਗਾ ਜਿਹਾ ਰਾਗ ਸੁਨਾ । ਔਸੀਆਂ ਪਾਨੀਆਂ ਛੱਡ ਦੇ। ਤੇ ਨ ਪਏ ਕਾਂ ਉਡਾ।

ਨਟਨੀ-ਮਹਾਰਾਜ ਹੋਰ ਸੁਨੋ। [ਗਾਉਂਦੀ ਏ]

ਗੀਤ

ਰੁੱਤ ਆਈ ਏ ਬਸੰਤ,ਸੁਹਾਵੇ ਭਲੀ।
ਸੁਹਾਵੇ ਭਲੀ, ਹੋ ਸੁਹਾਵੇ ਭਲੀ। ਰੁਤ....
ਹਰ ਬੂਟੇ ਤੇ ਨਵੀਂਓ ਜਵਾਨੀ।
ਰੂਹਾਂ ਦੀ ਹੋ ਗਈ ਸਾਵੀ ਤਲੀ ॥ ੨ ॥
ਪੈਲੀ ਸਰਯੋਂ ਦੀ ਖਿੜੀ ਬਸੰਤੀ,
ਕਨਕ ਨੂੰ ਪੈ ਗਈ ਕੂਲੀ ਨਲੀ ॥ ੩ ॥
ਰੁੱਖਾਂ ਦੇ ਨਿਕਲੇ ਨਵੇਂ ਕਰੂੰਬਲ,
ਕੂਲੇ ਕੂਲੇ ਪਤੇ ਵਿੱਚ ਲਾਲੀ ਰਲੀ ॥ ੪ ॥
ਝੂਲਾਂ ਛੁਪਾਏ ਆੜੂ ਤੇ ਨਾਖਾਂ,
ਕਰਣੇ ਦੀ ਖਿੜ ਪਈ ਬਾਂਕੀ ਕਲੀ ॥੫॥
ਬਾਗ ਬਨੇ ਬਿੰਦ੍ਰਾਬਨ ਵਾਂਗਰ,
ਕ੍ਰਿਸ਼ਨ ਪਵਣ ਕਲੀ ਗੋਪੀ ਛਲੀ ॥ ੬ ॥
ਪੋਲੇ ਪੋਲੇ ਫੁੱਲੇ ਦੀ ਦੇ ਪਚਕਾਰੀ,
ਖਿੱੜ ਖਿੱੜ ਪਏ ਨੱਢੀ ਕਲੀ ਮਚਲੀ ॥੭॥
ਫੁੱਲ ਰਸ ਭੋਗ ਹੋਯਾ ਮਦ ਮਾਤਾ,
ਤੇਜ ਨ ਰਹਿਆ ਵਿਚ ਪਵਣ ਬਲੀ ॥੮॥
ਜੋਬਨ ਦੇ ਰਸੀਆਂ ਨੂੰ ਵੀ ਨਵੀਂ ਖੁਮਾਰੀ,

ਮੂੰਹ ਤੇ ਜਵਾਨਾਂ ਦੇ ਲਾਲੀ ਮਲੀ ॥ ੯ ॥
ਅੰਗਾਂ ਵਿਚ ਮਦ ਆਲਸ ਭਰਿਆ,
ਜੋਸ਼ ਤ੍ਰੰਗ ਨਵੀਂ ਉਛੱਲੀ ॥ ੧੦ ॥
ਚਿੜੀਆਂ ਜਨੌਰਾਂ ਵਿਚ ਆਈ ਚਲਾਕੀ,
ਸਭਨਾਂ ਸ਼ੈਆਂ ਦੀ ਵੇਖੋ ਹੋ ਬਦਲੀ ॥੧੧॥
ਅੰਬਾਂ ਵਿਚ ਪਈ, ਕੋਇਲ ਬੋਲੇ,
ਆਓ ਜੀ ਪੀਆ, ਮੇਰੀ ਕੁੰਜ ਗਲੀ ॥੧੨॥

—o—

ਸੂਤ੍ਰਧਾਰ—ਭਾਗਵਾਨੇ, ਨਿਹਾਲ ਕਰ ਛੱਡਿਆਈ। ਹੁਨ ਕੁਝ ੨ ਰਾਸ ਆਉਂਦੀ ਜਾਨੀ ਏਂ। ਪਰ ਸਿਆਣੇ ਆਂਹਦੇ ਨੇ- "ਵੇਲੇ ਦਾ ਰਾਗ, ਤੇ ਕੁਵੇਲੇ ਦੀਆਂ ਟਾਹਰਾਂ।"ਏਸ ਵੇਲੇ ਬਸੰਤ ਮਨਾਨਾ ਸਿਆਲੇ ਵਿਚ ਉਨ੍ਹਾਲੇ ਦਾ ਵੇਸ ਲਾਨਾ ਏ।ਵੇਖ ਸਿਆਲ ਆਯਾ ਚਾਹੁੰਦਾ ਏ। ਜਹਾਨ ਪਿਆ ਘਬਰਾਉਂਦਾ ਏ। ਕੋਈ ਗਰਮ ਸੂਟ ਪਿਆ ਬਨਾਂਉਂਦਾ ਏ। ਕੋਈ ਲੇਫ ਰਜਾਈ ਪਿਆ ਭਰਾਉਂਦਾ ਏ। ਏਸ ਵੇਲੇ ਤੇਰਾ ਬਸੰਤ ਕੀ ਸੋਭਾ ਪਾਂਓਂਦਾ ਏ। ਨਦੀਆਂ ਤੇ ਤਲਾ ਸੁੱਕ ਚੱਲੇ। ਜੰਗਲੀ ਬੂਟਿਆਂ ਤੋਂ ਹਰਯਾਵਲ ਦੇ ਸ਼ਿੰਗਾਰ ਮੁੱਕ ਚਲੇ। ਫੁਲ ਝੱੜ ਗਏ। ਪਾਪੇ ਸੜ ਗਏ। ਮੈਦਾਨ ਰੜਾ ਏ। ਪਾਲੀ ਖੜਾ ਏ। ਮੱਛਰ ਬੜਾ ਏ। ਧੁੱਪ ਤੇ ਪਾਲੇ ਦਾ ਇੱਕੋ ਧੱੜਾ ਏ। ਬਾਗਾਂ ਤੇ ਜੰਗਲਾਂ ਵਿਚ ਸੁੰਞ ਵਰਤੀ ਏ। ਛੱਪੜਾਂ ਤੇ ਨਾਲਿਆਂ ਦੀ ਖੁਸ਼ਕ ਧਰਤੀ ਏ। ਨ ਚਿੜੀਆਂ ਓਕਨ ਚੋਹ ਚਹਾਂਦੀਆ ਨੇ, ਨ ਬੁਲਬੁਲਾਂ ਓਕਨ ਗਾਂਦੀਆਂ ਨੇ। ਨ ਜਵਾਨਾਂ ਦਾ ਓਹ...

ਰੰਗ ਏ। ਨ ਜੁੱਵਿਆਂ ਦਾ ਓਹ ਢੰਗ ਏ । ਭਲੀਏ ਲੋਕੇ, ਕੋਈ ਵੇਲੇ ਦਾ ਗਾਓਨ ਗੌਂ, ਤੇ ਅੰਨ੍ਹੇ ਕੁੱਤੇ ਵਾਂਗਰ ਹਰਣਾਂ ਮਗਰ ਨ ਭੌਂ ॥

ਨਟਨੀ-ਮਹਾਰਾਜ, ਹੁਣ ਤੇ ਮੇਰਾ ਵਾਜ ਰਹਿਗਿਆਂ ਏ ਤੇ ਸੰਘਾ ਵੀ ਬਹਿ ਗਿਆ ਏ ।

ਸੂਤ੍ਰਧਾਰ-ਹਲਾ, ਹਲਾ! ਖਲੋ ਮੈਂ ਤੈਨੂੰ ਤਿਔੜ ਪਿਆਨਾ ਵਾਂ। (ਸਭਾ ਵੱਲ ਵੇਖਕੇ) ਕਣੇਂ ਜੀ, ਕਿਸੇ ਦੇ ਘਰ ਗਾਂ ਲਵੇਰੀ ਹੈ ? ਮੇਰੀ ਘਰਵਾਲੀ ਦਾ ਬੜੇ ਕੁਵੇਲੇ ਸੰਘਾ ਬੈਠਾ ਏ। ਤਿਓੜ ਪਿਆਈਏ, ਜੇ ਭਲਾ ਉਠ ਪਏ ਤੇ !

ਨਟਨੀ-ਮਹਾਰਾਜ ਮੈਨੂੰ ਏਵੇਂ ਨ ਪਏ ਭੰਡੋ । ਮੈਂ ਤਿਔੜ ਸ਼ਿਔੜ ਕੁਝ ਨਹੀਂ ਪੀਂਦੀ ॥ ਤੁਹਾਡੇ ਨਾਲ ਤੇ ਰੱਲ ਕੀਤਿਆਂ ਵੀ ਸਤਾਰਹਿਆਂ ਦਾ ਘਾਟਾ ਏ।

ਸੂਤ੍ਰਧਾਰ-ਹਲਾ, ਹਲਾ! ਗਾਓ, ਗਾਓ ॥

ਨਟਨੀ-[ਗਾਉਂਦੀ ਏ]

ਵੱਗਦੀ ਏ ਰਾਵੀ, ਮਾਹੀ ਵੇ। ਵਿਚ ਪੈਣ ਉਛਾਲੇ, ਢੋਲਾ।
ਲੋਕਾਂ ਫੜ ਲਏ, ਮਾਹੀ ਵੇ। ਹੁਣ ਉਲਟੇ ਚਾਲੇ, ਢੋਲਾ।
ਭਾਈਆਂ ਭਾਈਆਂ, ਮਾਹੀ ਵੇ। ਵਿਚ ਪਿਆ ਦੁਵੇੜਾ, ਢੋਲਾ।
ਵੈਰ ਨ ਘਰ ਘਰ, ਮਾਹੀ ਵੇ। ਕੋਈ ਜਿਹਾ ਨ ਵੇਹੜਾ, ਢੋਲਾ।
ਆਟੇ ਫ਼ੈਮਾ, ਮਾਹੀ ਵੇ। ਹੁਣ ਰਹਿਆ ਨ ਕਾਣੀ, ਢੋਲਾ।
ਨਵਿਆਂ ਪੋਚਾਂ, ਮਾਹੀ ਵੇ। ਰੱਲ ਸਗੋਂ ਗਵਾਇਓ, ਢੋਲਾ।
ਅਪਨੀ ਬੋਲੀ, ਮਾਹੀ ਵੇ। ਕੋਈ ਬੋਲ ਨ ਜਾਨੇ ਢੋਲਾ।
ਸੁਆਦ ਨ ਲੱਗਦੇ, ਮਾਹੀ ਵੇ। ਵਰਤਾਰ ਪੁਰਾਣੇ, ਢੋਲਾ।
ਠਾਠ ਕਦੀਮੀ, ਮਾਹੀ ਵੇ। ਹੋਏ ਢੇਹ ਢੂਹ ਢੇਰੀ, ਢੋਲਾ।

ਨਵੇ ਪਨੀਰੀ, ਮਾਹੀ ਵੇ। ਹੁਨ ਸ਼ਾਨ ਵਧੇਰੀ, ਢੋਲਾ।
ਸਜੇ ਅਰਾਕੀ, ਮਾਹੀ ਵੇ। ਪਾ ਛੱਟ ਪਲਾਣੇ, ਢੋਲਾ।
ਚਾਲ ਬੇਤਾਲੀ, ਮਾਹੀ ਵੇ। ਦਿਲ ਮੰਨੇਹਾਣੇ, ਢੋਲਾ।
ਕਹਿਨ ਜਵਾਨੀ, ਮਾਹੀ ਵੇ। ਹੁਨ ਜੋਰ ਦਿਗਾਨੇ, ਢੋਲਾ।
ਨ ਓਹ ਸੌਂਚੀ, ਮਾਹੀ ਵੇ। ਨ ਬੁਗਦਰ ਚਾਨੇ, ਢੋਲਾ।
ਨਵੇਂ ਪੜ੍ਹਾਕੂ, ਮਾਹੀ ਵੇ। ਕਜਾ ਛੇਲ ਛਬੀਲੇ, ਢੋਲਾ।
ਅੱਖੀਂ ਐਨਕ, ਮਾਹੀ ਵੇ। ਮੂੰਹ ਸਾਵੇ ਪੀਲੇ, ਢੋਲਾ।
ਬਾਹਵਾਂ ਤੀਲੇ, ਮਾਹੀ ਵੇ। ਗੱਲ੍ਹਾਂ ਵਿਚ ਟੋਯੇ, ਢੋਲਾ।
ਸਾਹ ਸੱਤ ਹੇ ਨਹੀਂ, ਮਾਹੀ ਵੇ। ਪਰ ਬੋਲ ਨਰੋਯੇ, ਢੋਲਾ।
ਪੁੱਤ ਗਿੱਠ ਮਿੱਠੀਯੇ, ਮਾਹੀ ਵੇ। ਹੁਨ ਜੰਮਨ ਮਾਵਾਂ, ਢੋਲਾ।
ਸੁਖੀਏ ਭੋਗਨ, ਮਾਹੀ ਵੇ। ਮੌਠਾਂ ਦੀਆਂ ਛਾਵਾਂ, ਢੋਲਾ।
ਹੱਥ ਹਿਲਾਕੇ, ਮਾਹੀ ਵੇ। ਕਿਸ ਬੁਰਕੀ ਲੈਨੀ, ਢੋਲਾ।
ਸਦਾ ਮੁਥਾਜੀ, ਮਾਹੀ ਵੇ। ਗੱਲ ਭੈੜੀ ਐਨੀ, ਢੋਲਾ।
ਹਰੀ ਸਿੰਘ ਨਲੂਏ, ਮਾਹੀ ਵੇ। ਸੁਨ ਮੋਹਕਮ ਚੰਦਾ, ਢੋਲਾ।
ਦਿੱਸੇ ਨ ਮੈਨੂੰ, ਮਾਹੀ ਵੇ। ਤੇਰੇ ਜਿਹਾ ਬੰਦਾ, ਢੋਲਾ।
ਲਹਿਣਾ ਸਿੰਘਾ, ਮਾਹੀ ਵੇ। ਤੂੰ ਕਲਾਂ ਬਨਾਈਆਂ, ਢੋਲਾ।
ਕਿਥੇ ਗਈਆਂ, ਮਾਹੀ ਵੇ। ਓਹ ਅਕਲ ਦਾਨਾਈਆਂ, ਢੋਲਾ।
ਗਈਆਂ ਹਿੰਮਤਾਂ! ਮਾਹੀ ਵੇ। ਤੇ ਹਿੰਮਤ ਵਾਲੇ! ਢੋਲਾ।
ਨ ਓਹ ਸ਼ਕਲਾਂ! ਮਾਹੀ ਵੇ। ਨ ਸ਼ਕਲਾਂ ਵਾਲੇ! ਢੋਲਾ।

—o—

ਸੂਤ੍ਰਧਾਰ—ਹਾਂ, ਹਾਂ! ਸਮਝ ਲਿਆ। ਪਈ ਆਦਮੀ ਬੜੇ ਭੈੜੇ ਹੋ ਗਏ ਨੇ। ਚੰਗਾ, ਤੁਸੀ ਸਾਰੀਆਂ ਜਨਾਨੀਆਂ

ਇਕਵਾਕ ਕਰਕ ਆਦਮੀਆਂ ਨੂੰ ਛੇਕ ਦਿਓ, ਤੇ ਅੱਜ ਤੋਂ ਮੱਥਾ ਟੇਕ ਦਿਓ।

ਨਟਨੀ-ਮਹਾਰਾਜ, ਮੈਂ ਜਨਾਨੀਆਂ ਦੀ ਰਈ ਨਹੀਂ ਕਰਦੀ। ਓਹਨਾਂ ਦਾ ਵੀ ਹਾਲ ਸੁਨ ਲਓ॥

[ਗਾਉਂਦੀ ਏ]

ਗੀਤ

ਗੱਲ ਗਵਾਈ, ਮਾਹੀ ਵੇ, ਅੱਜ ਕਲ ਦੀਆਂ ਕੁੜੀਆਂ, ਢੋਲਾ।
ਕੰਮ ਨ ਧੰਦੇ, ਮਾਹੀ ਵੇ, ਸਭ ਗੱਲੀਂ ਰੁੜ੍ਹੀਆਂ, ਢੋਲਾ।
ਤੰਦ ਜੇ ਕੱਢਨ, ਮਾਹੀ ਵੇ, ਪਏ ਬਾਹੀਂ ਖੱਲੀ, ਢੋਲਾ।
ਵੜਨ ਅਟੇਰਨ, ਮਾਹੀ ਵੇ, ਨ ਮੁਕਦੀ ਆ ਛੱਲੀ, ਢੋਲਾ।
ਤ੍ਰਿੰਞਣ ਛੁਟੇ, ਮਾਹੀ ਵੇ, ਹੁਨ ਪੈਨ ਨ ਭੋਰੇ, ਢੋਲਾ।
ਵਧੀ ਅਮੀਰੀ, ਮਾਹੀ ਵੇ, ਜਾਨਾਂ ਦੇ ਝੋਰੇ, ਢੋਲਾ।
ਪੇਂਸੀ ਛਿੱਸੀ, ਮਾਹੀ ਵੇ, ਹੁਨ ਸੁਫਨਾ ਹੋਈਆਂ, ਢੋਲਾ।
ਸੋਲਾਂ ਛੱਬੀ, ਮਾਹੀ ਵੇ, ਦਾਜਾਂ ਵਿਚ ਢੋਈਆਂ, ਢੋਲਾ।
ਤੀਰਾ ਤੰਦੀ, ਮਾਹੀ ਵੇ, ਪਿਆ ਮੂੰਹ ਸਿਰ ਦਿਸੇ, ਢੋਲਾ।
ਸਾਲੂ ਭਾਰੇ, ਮਾਹੀ ਵੇ, ਹੁਨ ਪਿੰਡੇ ਲਿੱਸੇ, ਢੋਲਾ।
ਵੇਹਲੇ ਰਹਿਨਾ, ਮਾਹੀ ਵੇ, ਜਾਂ ਫੈਸ਼ਣ ਲਾਨਾ, ਢੋਲਾ।
ਅੱਜ ਕੱਲ ਹੋਗਿਆ, ਮਾਹੀ ਵੇ, ਇਹ ਕੰਮ ਜਨਾਨਾ, ਢੋਲਾ।
ਠਾਠਾਂ ਬਾਠਾਂ, ਮਾਹੀ ਵੇ, ਹੱਡ ਪੈਰ ਗਵਾਏ, ਢੋਲਾ।
ਕੋਰੇ ਸਾੜ੍ਹੀ, ਮਾਹੀ ਵੇ, ਕਈ ਕਜੀਯੇ ਪਾਏ, ਢੋਲਾ।
ਖਸਮੁ ਕੁਮਾਊ, ਮਾਹੀ ਵੇ, ਨਹੀਂ ਇੱਜ਼ਤ ਰਹਿੰਦੀ, ਢੋਲਾ
ਕੰਮੀਂ ਧੰਧੀਂ, ਮਾਹੀ ਵੇ, ਵਹੁਟੀ ਜੇ ਬਹਿੰਦੀ, ਢੋਲਾ।

ਚੌਂਕੇ ਚੜ੍ਹਨਾ, ਮਾਹੀ ਵੇ, ਤੇ ਰੋਟੀ ਕਰਨਾ, ਢੋਲਾ ।
ਇਸ ਜਹਾਨੇ, ਮਾਹੀ ਵੇ, ਤ੍ਰੀਮਤ ਦਾ ਮਰਨਾ, ਢੋਲਾ ।
ਦੋ ਜੀ ਅਪਨੇ, ਮਾਹੀ ਵੇ, ਉਤੋਂ ਰੁੱਤ ਉਨ੍ਹਾਲਾ, ਢੋਲਾ।
ਚੁਲ੍ਹੇ ਅੱਗੇ, ਮਾਹੀ ਵੇ, ਪੈਂਦਾ ਜੀ ਕਾਹੜ੍ਹਾ, ਢੋਲਾ ।
ਕਾਹਨੂੰ ਕਰੀਯੇ, ਮਾਹੀ ਵੇ, ਪਏ ਐਡ ਸਿਆਪੇ, ਢੋਲਾ ।
ਥਾਲ ਤੰਦੂਰੋਂ, ਮਾਹੀ ਵੇ, ਲਿਆਵਨਗੇ ਆਪੇ, ਢੋਲਾ ।
ਛੱਡ ਛੁਡਾਕੇ, ਮਾਹੀ ਵੇ, ਏਹ ਘਰ ਦੀਆਂ ਕਾਰਾਂ, ਢੋਲਾ
ਰੋਗੀ ਹੋਈਆਂ, ਮਾਹੀ ਵੇ, ਨਵੀਆਂ ਮੁਟਿਆਰਾਂ, ਢੋਲਾ ।
ਚੇਹਰੇ ਛੌਂਕੇ, ਮਾਹੀ ਵੇ, ਮੂੰਹ ਝੁਰੜੀ ਪਾਈ, ਢੋਲਾ ।
ਰੰਗ ਗੁਲਾਬੀ, ਮਾਹੀ ਵੇ, ਹੋਯਾ ਫਿਟਕ ਕੁਪਾਹੀ, ਢੋਲਾ ।
ਤੁਪ ਜੋ ਚੜ੍ਹਦਾ, ਮਾਹੀ ਵੇ, ਹੱਡ ਪੈਰ ਹਿਲਾਯਾਂ, ਢੋਲਾ ।
ਕਦੇ ਨ ਆਉਂਦਾ, ਮਾਹੀ ਵੇ, ਲੱਖ ਲੱਟਕਨ ਲਾਯਾਂ, ਢੋਲਾ ।
ਪਚੇ ਨਾ ਖਾਹਦਾ, ਮਾਹੀ ਵੇ, ਨਿੱਤ ਪੀੜ ਕਲੈਜੇ, ਢੋਲਾ ।
ਹੱਡ ਸੁਖਰਹਿਣੇ, ਮਾਹੀ ਵੇ, ਡਿੱਗ ਪੈਂਦੇ ਸਹਿਜੇ, ਢੋਲਾ ।
ਦੇਹ ਨਰੋਈ, ਮਾਹੀ ਵੇ, ਹੈ ਸੁੰਦਰ ਹੋਨਾ, ਢੋਲਾ ।
ਬਿਨ ਗੈਹਣੇ ਤੋਂ, ਮਾਹੀ ਵੇ, ਚੰਦ੍ਰਮਾ ਸੋਹਨਾ, ਢੋਲਾ ।
ਸੀਤਾ ਰਾਣੀ, ਮਾਹੀ ਵੇ, ਜਾਂ ਗੌਰਜਾਂ ਮਾਈ, ਢੋਲਾ ।
ਵੇਖ ਪੰਜਾਬਨ, ਮਾਹੀ ਵੇ, ਓਹ ਦੇਨ ਦੁਹਾਈ, ਢੋਲਾ।
ਲ਼ਹੂ ਚੁਆਕੇ ਮਾਹੀ ਵੇ, ਘਰ ਆਵੇ ਖੱਟੀ, ਢੋਲਾ ।
ਨਾਰ ਉਜਾੜੇ, ਮਾਹੀ ਵੇ, ਸ਼ਿੰਗਾਰਾਂ ਪੱਟੀ, ਢੋਲਾ ।
ਏਹੋ ਜਹੀਆਂ, ਮਾਹੀ ਵੇ, ਜੇ ਗੱਲਾਂ ਰਹੀਆਂ, ਢੋਲਾ।
ਘਰ ਨਹੀਂ ਵਸਨੇ, ਮਾਹੀ ਵੇ, ਮੈਨੂੰ ਸੌਚਾਂ ਪਈਆਂ, ਢੋਲਾ ।

ਸੂਤ੍ਰਧਾਰ-ਵਾਹ, ਵਾਹ ! ਸ੍ਰੀਮਤੀ ਜੀ, ਤੁਸੀ ਤੇ ਸੱਚ ਮੁੱਚ ਗਜਾਨ ਦੀ ਹਨੇਰ ਵੰਦਸ ਓ। ਆਦਮੀਆਂ ਤੇ ਜਨਾਨੀਆਂ ਦਾ ਖਾਕਾ ਤੇ ਡਾਹਡਾ ਈ ਸੋਹਨਾ ਖਿੱਚਿਆ ਜੇ ! ਪਰ ਇੱਕ-ਵਾਸੀ ਚੋਟ ਕਰਨੀ ਠੀਕ ਨਹੀਂ ਹੁੰਦੀ। ਵੇਖੋ ਮਰਦਾਂ ਤੇ ਜਨਾਨੀਆਂ ਵਿੱਚ ਵਿਦਜਾ ਦਾ ਕਿੰਨਾ ਪ੍ਰਚਾਰ ਹੋਗਿਆ। ਮੈਤ੍ਰੀ ਤੇ ਗਾਰਗੀ ਵਾਲਾ ਹਰ ਇਕ ਪਰਿਵਾਰ ਹੋਗਿਆ। ਆਦਮੀ ਪਰਦੇਸ ਜਾਏ। ਜਨਾਨੀ ਅਪਨੇ ਹੱਥ ਦੀ ਚਿੱਠੀ ਪਾਏ। ਗਜਾਨ ਗੋਸ਼ਟ ਦੀ ਗੱਲ ਸੁਨਾਏ। ਤੇ ਫੇਰ ਓਹਦਾ ਹੁਸਣੇਵਾਂ ਕਿਥੇ ਰਹਿ ਜਾਏ ! ਤੁਸਾਂ ਏਸ ਵਿਦਜਾ ਦੀ ਕੋਈ ਕਦਰ ਨਹੀਂ ਪਾਈ। ਵਿਦਜਾਵਾਨ ਕਹਿੰਦੇ ਨੇਃ-

—o—

ਦਾਨ, ਗਜਾਨ, ਗੁਣ ਸ਼ੀਲ, ਤਪ, ਨ ਵਿਦਜਾ ਜਿਨ ਮਾਹੀਂ।
ਬਿਨ ਪੁਸ਼ਲ ਬਿਨ ਸਿੰਙਦੇ, ਓਹ ਜਨ ਪਸ਼ੂ ਕਹਾਂ ਹੀਂ।
ਵਿਦਜਾ ਸ਼ੋਭਨ ਚਿਤਦਾ, ਸ਼ੁਭਚਿੱਤ ਸੁਘੜ ਕਹਾਨ।
ਸੁਘੜੋਂ ਧਨ, ਧਨ ਤੋਂ ਧਰਮ, ਧਰਮੋਂ ਸਭ ਸੁਖ ਪਾਨ।

—o—

ਸ੍ਰੀਮਤੀ ਜੀ, ਵਿਦਜਾ ਦਾ ਮੁਲ ਦਿਤਾ ਨਹੀਂ ਜਾਂਦਾ।

ਨਟਨੀ-ਮਹਾਰਾਜ, ਆਪ ਦਾ ਬਚਨ ਸੱਚਾ ਏ। ਵਿਦਜਾ ਬਿਨਾ ਆਦਮੀ ਡਾਂਵਾਂ ਡੋਲ ਤੇ ਅਕਲ ਦਾ ਕੱਚਾ ਏ। ਵਿਦਜਾ ਚਿੱਤ ਦਾ ਸ਼ਿੰਗਾਰ ਤੇ ਅਕਲ ਦਾ ਚਾਨਨ ਏ। ਵਿਦਜਾ ਨਾਲ ਮਨੁਖ ਦਾ ਸੋਹਜ ਤੇ ਪਰਮ ਪਦ ਦਾ ਜਾਨਨ ਏ। ਤੇ ਬਿਨਾ ਵਿਦਜਾ ਸੰਸਾਰ ਦੇ ਅਨ੍ਹੇਹਨੇਰ ਵਿਚ ਮਿੱਟੀ ਛਾਨਨ ਏ। ਫੇਰ

ਵੀ ਜਿਸ ਵਿਦਯਾ ਨਾਲ ਸ੍ਰੀਰ ਨ ਰਹੇ ਓਹ ਕੌਡੀਓਂ ਖੋਟੀ, ਤੇ ਲੱਗ ਲਗਾਕੇ ਵੀ ਪੱਲੇ ਕੁਝ ਨ ਪਏ, ਓਹ ਡੋਕਲ ਝੋਟੀ। ਸ੍ਰੀਰ ਦੇ ਆਸਰੇ ਧਰਮ ਕਰਮ ਤੇ ਦੁਨੀਆਂ ਦੇ ਵਿਹਾਰ ਚਲਦੇ ਨੇ। ਤਗੜੇ ਸ੍ਰੀਰਾਂ ਵਾਲੇ ਔਕੜ ਭੀੜ ਨੂੰ ਵੀ ਸੁਖਾਲੇ ਈ ਝੱਲਦੇ ਨੇ। ਸ੍ਰੀਰੋਂ ਮਾੜੇ, ਨਿਤਾਨੇ, ਬੇਪਰਾਨੇ ਕੋਲੇ ਹੋਏ ਸੱਪ ਵਾਂਗ ਬੇਪਤੀ ਸਹਿੰਦੇ ਤੇ ਵਿਚੋ ਵਿੱਚ ਜਲਦੇ ਨੇ। ਮੈਨੂੰ ਏਹ ਜਾਪਦਾ ਏ ਕਿ ਵਿਦਯਾ ਤੇ ਲਈ, ਪਰ ਸ੍ਰੀਰ ਦੇ ਸੁਖਾਂ ਦੀ ਬਹਾਰ ਗਈ॥

ਸੂਤ੍ਰਧਾਰ–ਭਲੀਯੇ ਲੋਕੇ, ਮੈਂ ਏਹ ਨਹੀਂ ਮੰਨਦਾ। ਵੇਖਾਂ। ਕੁੜੀਆਂ ਦੇ ਸਕੂਲਾਂ ਵਿਚ ਵੀ ਖੇਲਾਂ ਸਿਖਾਂਦੇ ਨੇ। ਮੁੰਡਿਆਂ ਕੋਲੋਂ ਵੀ ਕੌਡੀ ਖਿਡਾਂਦੇ ਤੇ ਛਾਲਾਂ ਮਰਵਾਂਦੇ ਨੇ। ਜਨਾਨੀਆਂ ਲਈ ਅੱਡ ਟੈਨਸ ਗੱਡੇ ਨੇ। ਮਰਦਾਂ, ਲਈ ਹਾਕੀ, ਫੁੱਟਬਾਲ ਤੇ ਬੈਡਮਿੰਟਨ ਦੇ ਅੱਡੇ ਨੇ। ਜੋ ਜਿਸਦੇ ਮਨ ਭਾਵੇ। ਖੇਡੇ ਤੇ ਜੀ ਪਰਚਾਵੇ। ਪਰ ਤੂੰ ਕਿਸੇ ਸੁਧਾਰਕ ਜੱਥੇ ਦੀ ਜੱਥੇਦਾਰਨੀ ਬਨ ਗਈਏਂ, ਕਿ ਏਡੀਆਂ ਗੱਲਾਂ ਕਰਨੀਏਂ ? ਤੈਨੂੰ ਏਹਨਾਂ ਵਿਹਾਰਾਂ ਨਾਲ ਕੀਹ ? ਛੱਡ ਏਸ ਕਜੀਯੇ ਨੂੰ। ਆਪੇ ਵਿਦਯਾ ਵਿਭਾਗ ਦੇ ਕਰਮ ਚਾਰੀ ਏਹਦੀ ਸੋਧ ਪਏ ਕਰਨਗੇ। ਅਸਾਂ ਏਹਦੇ ਵਿਚੋਂ ਕੀ ਕੱਢਨਾ ਏ ? ਆ, ਅਪਨਾ ਕੰਮ ਕਰੀਯੇ॥ ਸੁਨੋ:–

ਮਹਾਰਾਜਾ ਰਣਜੀਤ ਸਿੰਘ, ਬੜੇ ਪ੍ਰਤਾਪੀ ਵੀਰ।
ਹੋ ਗਏ ਸ਼ੇਰ ਪੰਜਾਬ ਦੇ, ਯੁਧਾਂ ਵਿਚ ਰਣਧੀਰ।
ਗੁੱਡੀ ਚਾੜ੍ਹ ਪੰਜਾਬ ਦੀ, ਲੈ ਗਏ ਅੱਧ ਅਸਮਾਨ।

ਵਾਹ, ਵਾਹ ! ਕਹਿਨ ਖਿਡਾਰੀਏ, ਵੇਖ ਅਨੋਖੀ ਸ਼ਾਨ ।
ਪੇਚਾ ਪਿਆ ਨਸੀਬ ਦਾ, ਏਕਾਟਾ ਗਈ ਹੋਇ ।
ਖਲਕਤ ਛੋਰਾਂ ਲੁਟੀਆਂ, ਜਾਨੇ ਭੇਤ ਨ ਕੋਇ ।
ਏਹ ਸਭ ਏਡ ਵਖਾਲੀਏ, ਨਾਟਕ ਰੂਪ ਅਪਾਰ ।
ਕ੍ਰਿਪਾ ਸਾਗਰ ਬੜੇ ਜਤਨ ਤੇ, ਰਚਿਆ ਤਤੂ ਨਿਤਾਰ ।
ਪਾਤਰ ਹੋਵਨ ਸੁਘੜ ਸਭ, ਦੇ ਛੱਬਿ ਖੂਬ ਬਨਾਇ ।
ਖ਼ੁਸ਼ ਹੋਵਨ ਸਭ ਲੋਕ ਏਹ, ਧੰਨ ਕਹਿਨ ਕਵਿ ਰਾਯ ।

ਨਟਨੀ-ਮਹਾਰਾਜ, ਬਹੁਤ ਹੱਛਾ । ਪਰ ਕਵਿ ਕ੍ਰਿਪਾਸਾਗਰ ਦਾ ਬਨਾਯਾ ਹੋਯਾ ਏਹ ਨਾਟਕ ਪੰਜਾਬ ਦੇ ਇਤਿਹਾਸ ਦਾ ਨਿਚੋੜ ਏ । ਜਿਹਦੇ ਵਖਾਨ ਲਈ ਬੜੇ ਜਤਨ ਤੇ ਸਾਮੱਗਰੀ ਦੀ ਲੋੜ ਏ । ਅੱਗੋਂ ਨਾਟਕਾਂ ਵਾਲਿਆਂ ਉੜਦੂ ਫ਼ੁੜਦੂ ਵਿਚ ਵਜਭਿਚਾਰ ਦੀ ਅਟਕਲ ਪੱਚੂ ਮਨ ਘੜਤ ਕਹਾਨੀਆਂ ਬਨਾ ਕੇ ਲੋਕਾਂ ਦਾ ਮਜਾਜ ਪੱਟ ਸੁਟਿਆ ਏ । ਤੇ ਪੰਜਾਬੀ ਵਿਚਾਰੀ ਨੂੰ ਨਿਰੱਲੀ ਕਹਿ ਕਹਿ ਕੇ ਛੱਟ ਸੁਟਿਆ ਏ । ਖਬਰੇ ਕਵਿ ਕ੍ਰਿਪਾਸਾਗਰ ਦਾ ਬਨਾਯਾ ਹੋਯਾ ਏਹ ਪੰਜਾਬੀ ਨਾਟਕ ਸੁਵਾਦਲਾ ਨ ਲਗੇ ॥

ਸੂਤ੍ਰਧਾਰ- ਹਾਂ, ਸੱਚ ਹੈ । ਤੁਸਾਂ ਏਹ ਅਖਾਨ ਸੁਨਿਆ ਏ । 'ਮਾਂ ਮੂਲੀ, ਪਿਓ ਪਿਆਜ, ਤੇ ਪੁਤੱਰ ਕੇਸਰ ਦੀ ਜੜ੍ਹ ।' ਸੱਚ ਮੁਚ ਬੋਲੀ ਵਲੋਂ ਤੇ ਪੰਜਾਬੀਆਂ ਦਾ ਈਹੋ ਈ ਹਾਲ ਏ ! ਮਾਂ ਜਟਕੀ ਬੋਲੇ ਤੇ ਪੁੱਤ ਫਾਰਸੀਆਂ ਫੇੜੇ । ਧੀ ਅੰਗ੍ਰੇਜ਼ੀ ਦੀ ਰਿੱਟ ਮਿੱਟ, ਤੇ ਪਿਓ ਉੜਦੂ ਪਿਆ ਛੇੜੇ । ਹੱਛਾ ਘਾਬਰੋ ਨ, ਮੈਨੂੰ ਪੂਰਾ ਨਿਸਦਾ ਹੈ, ਕਿ ਪਰਾਈ ਬੋਲੀਆਂ ਦੇ ਅਨ੍ਹੇਰ ਵਿਚ

ਸਾਡਾ ਪੰਜਾਬੀ ਦਾ ਨਾਟਕ ਲੋਕਾਂ ਨੂੰ ਚੰਨ ਵਾਂਗਰ ਸੋਹਨਾ ਲੱਗੇ ਗਾ। ਬੁਲਾ ਸਾਰਿਆਂ ਪਾਤ੍ਰਾਂ ਨੂੰ। ਅਪਨਾ ਅਪਨਾ ਕੰਮ ਕਰਨ।

ਨਟਨੀ-ਬਹੁਤ ਚੰਗਾ ਮਹਾਰਾਜ, । ਆਪ ਦੀ ਆਗਿਆ ਪਰਵਾਣ ਹੈ। ਮੇਰਾ ਪਰਵਾਰ ਵੀ ਨਾਟਕ ਕਰਨ ਨੂੰ ਬੜਾ ਚਤੁਰ ਤੇ ਸੁਜਾਨ ਏ। ਮੈਂ ਸਭ ਨੂੰ ਤਿਆਰ ਕਰਕੇ ਹੁਣੇ ਲਿਆਈ ਜੇ।

(ਨਿਕਲ ਜਾਂਦੀਏ)

ਅੰਗ ਪਹਿਲਾ

ਰੂਪ--੧। ਇਕ ਘਰ।

[ਧੀ ਚਰਖਾ ਕੱਤਦੀ ਏ। ਮਾਂ ਮੁੱਢੇ ਅਟੇਰਦੀ ਏ।]

—o—

ਧੀ–ਨੀ ਬੇਬੇ, ਨੀ ਬੇਬੇ, ਬੀਬੀਏ ਬੇਬੇ, ਮੇਰੀ ਮਾਲਾ ਨੂੰ ਧਾਗਾ ਪੁਵਾਦੇ।

ਮਾਂ–ਹਲਾ ਪੁਵਾ ਦਿਆਂਗੀ।

ਧੀ–ਆਂ, ਆਂ ! ਬੇਬੇ, ਅੜੀਏ ਮੇਰੀ ਮਾਲਾ ਨੂੰ ਧਾਗ ਪੁਵਾਦੇ।

ਮਾਂ–ਹਲਾ, ਹਲਾ ! ਪੁਵਾ ਦਿਆਂਗੀ। ਤੂੰ ਛਲੀ ਲਾਹ। ਪੂਣੀਆਂ ਮੁਕਾ।

ਧੀ–ਆਂ, ਆਂ ! ਫੇਰ ਪੁਵਾਦੇ ਖਾਂ। [ਚਰਖਾ ਛੱਡ ਕੇ ਮਾਂ ਦਾ ਪੱਲਾ ਫੜ ਲੈਂਦੀ ਏ] ਵੇਖਾਂ, ਲਾਜੋ ਦੀ ਮਾਲਾ ਕਹੀ ਸੋਹਣੀ ਪ੍ਰੋਈ ਹੋਈ ਏ ਤੇ। ਬੀਬੀ ਬੇਬੇ, ਉਹੋ ਜਿਹਾ ਧਾਗਾ ਪੁਵਾਦੇ, ਨਾਲੇ ਮਨਕੇ ਵੀ ਰੰਗਾਦੇ।

ਮਾਂ–ਹਲਾ ਮਾਂ ਵਾਰੀ, ਪੁਵਾ ਦਿਆਂਗੀ। ਮਗਰ ਨਹੀਂ ਪੈਜਾਈਦਾ। ਤੂੰ ਛੋਪੇ ਮੁਕਾ, ਛੋਪੇ।

ਧੀ–ਆਂ, ਆਂ ! ਪੁਵਾਦੇ ਖਾਂ। ਲਾਜੋ ਵਰਗੇ ਮਨਕੇ ਵੀ

ਰੰਗਾਦੇ ਖਾਂ।

ਮਾਂ—ਆਖਿਆ ਜੋ ਪੁਵਾ ਦਿਆਂਗੀ, ਨਾਲੇ ਮਨਕੇ ਵੀ ਸੋਹਣੇ ਰੰਗਾ ਦਿਆਂ ਗੀ! ਏਵੇਂ ਝੱਲ ਨ ਪਈ ਖਿਲਾਰ। ਮੁਕਾ ਹੱਥਲਾ ਕੰਮ। ਲੋਕਾਂ ਦੀਆਂ ਰੀਸਾਂ ਨਹੀਂ ਕਰੀ ਦੀਆਂ। ਤੇਰਾ ਲਾਲਾ ਆਵੇਗਾ ਤੇ ਓਹਨੂੰ ਆਖਾਂਗੀ।

ਧੀ—ਊਂ, ਊਂ, ਤੂੰ ਆਪੇ ਪੁਵਾਦੇ ਖਾਂ। ਲਾਲੇ ਹੋਰੀ ਨਹੀਂ ਪੁਵਾ ਦੇਂਦੇ ਤੇ।

ਮਾਂ—ਹਲਾ, ਮੈਂ ਆਪੇ ਪੁਵਾਦਿਆਂਗੀ। ਬੇਬੇ ਵਾਰੀ, ਤੂੰ ਪੂਣੀਆਂ, ਮੁਕਾ।

ਧੀ—[ਫੇਰ ਚਰਖਾ ਕੱਤਨ ਡੇਹ ਪੈਂਦੀ ਏ, ਤੇ ਫੇਰ] ਨੀ ਬੇਬੇ, ਨੀ ਬੇਬੇ, ਬੀਬੀਏ ਬੇਬੇ, ਮੈਨੂੰ ਸ਼ਾਹੀ ਦੀ ਸੁੱਥਨ ਸੁਆਦੇ।

ਮਾਂ—[ਦੰਦ ਵੱਟਕੇ ਚੁਪ ਕਰ ਰਹਿੰਦੀ ਏ]

ਧੀ—[ਰੋਹ ਵਿਚ ਆਕੇ] ਨੀ ਬੇਬੇ ਘੜੇਬੇ! ਬੋਲਦੀ ਕਿਓਂ ਨਹੀਂ? ਤੇਨੂੰ ਜੁ ਆਖਿਆ, ਮੈਨੂੰ ਸ਼ਾਹੀ ਦੀ ਸੁੱਥਨ ਸੁਵਾ ਦੇ।

ਮਾਂ-[ਘੂਰੀ ਪਾਕੇ] ਹਲਾ, ਸਿਰ ਨ ਪਈ ਖਾਹ। ਸੁਵਾ ਦਿਆਂਗੀ। ਤੂੰ ਅਗਲਾ ਕੰਮ ਮੁਕਾ।

ਧੀ—ਤੇ ਫੇਰ ਸੁਵਾ ਕਜੋਂ ਨਹੀਂ ਦੇਂਦੀ?

ਮਾਂ—ਆਖਿਆ ਜੁ ਸੁਵਾ ਦਿਆਂਗੀ। ਕੋਈ ਥਾਂ ਤੇ ਨਹੀਂ ਮਾਰੀ ਗਈ! ਆਹ ਵੇਲਾ, ਸੁੱਥਨਾਂ ਸੁਵਾਨ ਦਾ ਏ?

ਧੀ—[ਛੜੀਆਂ ਮਾਰਕੇ] ਹਾਏ ਰੱਬਾ, ਡਾਢਿਆ! ਸੁਆ ਦਿਆਂਗੀ, ਸੁਆ ਦਿਆਂਗੀ ਆਹੰਦੀ ਏ, ਤੇ ਸੁਆ ਨਹੀਂ ਦੇਂਦੀ!

ਮਾਂ—ਤੈਨੂੰ ਤੇ ਪਿਅ ਹੋਯਾ ਏ ਬਰਲ ! ਇੱਕ ਵਾਰੀ ਜੂ ਆਖਿਆ ਸੁਆਦਿਆਂਗੀ? ਮੁਕਾ ਪੂਣੀਆਂ। ਹੁਣੇ ਤੇਰੇ ਲਾਲੇ ਦੇ ਆਓਨ ਦਾ ਵੇਲਾ ਏ। ਕੁਝ ਰੋਟੀ ਟੁੱਕਰ ਦਾ ਆਹਰ ਕਰੀਏ।

ਧੀ—ਹਾਏ ਰੱਬਾ ਡਾਢਿਆ! ਸੁੱਥਨ ਨਹੀਂ ਸੁਆ ਦੇਂਦੀ ਤੇ!

ਮਾਂ—ਅੜੀਏ, ਮੈਨੂੰ ਘੜੀਮੁੜੀ ਵੱਡੂ ਵੱਡੂ ਨ ਪਈ ਖਾ ਜਰਾ ਕੂ ਜੀਭ ਤੇ ਠੱਪਾ ਲਾ ਤੇ, ਹੱਥਲਾ ਕੰਮ ਮੁਕਾ।

ਧੀ—ਸਾਰੀਆਂ ਕੁੜੀਆਂ ਨੀਵਿਆਂ ਕੁੰਦਿਆਂ ਵਾਲੀਆਂ ਸ਼ਾਹੀ ਦੀਆਂ ਸੁਥਨਾਂ ਸੁਆਈਆਂ ਨੇ ਤੇ। ਆਂ, ਆਂ! ਸੁਆਦੇ ਖਾਂ! ਬੀਬੀ ਬੇਬੇ, ਜੀ ਸਲਾਮ ਕੀਤੀ। ਹੁਣੇ ਸੁਆਦੇ।

ਮਾਂ—ਨੀ ਬੱਹੋ ਨੀ ਪਰ੍ਹਾਂ ਲਤਰੋ। ਲਤਰ, ਲਤਰ, ਕਰੀ ਜਾਂਦੀ ਏ। ਅਜੇ ਬਤੇਰਾ ਵੇਲਾ ਪਿਆ ਹੋਯਾ ਏ। ਤੂੰ ਹੱਥਲਾ ਕੰਮ ਮੁਕਾ। ਬੀਬੀ ਜੁਮਾਲੋ, ਨ ਕੰਮ ਨ ਧੰਦਾ ਤੇ ਗੱਲਾਂ ਦੀ ਗੜਗਾਲੋ।

ਧੀ—ਹੁਨ ਤੇ ਵਿਸਾਖੀ ਵੀ ਆ ਚਲੀ ਏ ਤੇ। ਬੀਬੀ, ਬੇਬੇ ਸੁੱਥਨ ਸੁਆਦੇ। ਮੈਂ ਪਾਂਦੀ ਨਹੀ। ਰੱਖ ਛੱਡਾਂਗੀ।

ਮਾਂ—ਹਲਾ ਸੁਆਦਿਆਂਗੀ ਵਿਸਾਖੀ ਨੂੰ। ਬੀਬੀਆਂ ਧੀਆਂ ਤੇਰੇ ਵਾਂਗਰ ਬਾਸ਼ ਬਾਸ਼ ਨਹੀਂ ਕਰਦੀਆਂ।

ਧੀ—[ਚਰਖਾ ਪੱਤਨ ਲੱਗ ਪੈਂਦੀ ਏ। ਤੇ ਫੇਰ ਚਰਖਾ ਛਡਕੇ]

ਧੀ—ਨੀ ਬੇਏ, ਭੱਲਾ ਮੈਨੂੰ ਬਸੰਤੀ ਚੁੰਨੀਂ ਰੰਗਾ ਦੇ। ਨਾਲੇ ਉਤੇ ਮਰਦਾਂ ਵੀ ਟੁਕਾਦੇ।

ਮਾਂ—ਨੀ ਜਾ ਨੀ ਰੱਦ ਹੋ! ਟੁਰਕੋ, ਟੁਰਕ, ਟੁਰਕ ਕਰੀ ਜਾਂਦੀ ਏ। ਨ ਚਰਖਾ ਨ ਪੂਣੀ, ਮੇਰੀ ਹਰਦਮ ਜੀਭ ਸਲੂਣੀ।

ਆਉਂਦਾ ਏ ਤੇਰਾ ਲਾਲਾ ਤੇ ਉਹਨੂੰ ਆਹਨੀਆਂ ਨ । ਕੋਈ ਧੀਆਂ ਵਾਲੇ ਰਾਹ ਫੜ । ਲੇਹੜਾ ਆਕੇ ਲੱਗਾ, ਭਲਿਆ ਦੀਆਂ ਧੀਆਂ ਦੇ ਏਹ ਚਾਲੇ ਨੇ ! ਕੈਂਚੀ ਚਲਦੀ ਬੱਸ ਹੀ ਨਹੀਂ ਕਰਦੀ । ਬੀਬੀਆਂ ਧੀਆਂ ਉਭਾਸਰ ਕੇ ਗੱਲ ਨਹੀਂ ਕਰਦੀਆਂ । ਪਹਿਲੇ ਦਾਜ ਤੇ ਬਨਾ ਲੇ। ਕੁੜੀਆਂ ਏਕਨ ਉਧੜਧੁੰਮੀ ਚੁਕਦੀਆਂ ਨੇ ?

ਧੀ–ਸਭਨਾ ਕੁੜੀਆਂ ਚੁੰਨੀਆਂ ਰੰਗਾਈਆਂ ਨੇ ਤੇ।

ਮਾਂ–ਇਕ ਤੇ ਅਗਲੇ ਦਿਨ ਬਰਵਾਲੀ ਕੁੜੀ ਸ਼ਾਹੀਆਂ ਪਾਈਆਂ ਸਾਨੀ ਨ।

ਧੀ–ਨੀ ਬੇਬੇ ਕੇਹੜੀ ਬਰਵਾਲੀ ਕੁੜੀ ?

ਮਾਂ–ਨੀ ਓਹ ਮੌਲੇ ਦੀ ਧੀ । ਜਾਨੇ ਬਲਾ, ਕੀ ਨਾਂ ਸਾਸੂ। ਨੀ ਓਹ ਹੱਸੋ, ਬਰਵਾਲੀ।

ਧੀ–ਨੀ ਬੇਬੇ ਓਹਨੂੰ ਕੀ ਹੋਯਾ ?

ਮਾਂ–ਕੀਹ ਹੋਯਾ ? ਓਹਨੂੰ ਓਵੇਂ ਫੜ ਕੇ ਲੇ ਗਏ ।

ਧੀ–ਹਾਯੇ ਮੈਂ ਮਰਗਈ ! ਹੱਸੋ ਬਰਵਾਲੀ ! ਓਹ ਤੇ ਓਦਿਨ ਸਾਡੇ ਨਾਲ਼ ਭੋਰੇ ਬੈਠੀ ਸੀ ?

ਮਾਂ–ਊਹੋ ! ਉਹੋ ॥

ਧੀ–ਬੇਬੇ ਓਹਨੂੰ ਕੌਨ ਲੈ ਗਿਆ ?

ਮਾਂ–ਜਾਨੇ ਮੇਰੀ ਬਲਾ ! ਜਾ ਵਖ ਓਹਦੀ ਮਾਂ ਏਡੀ ਏਡੀ ਅੱਥਰ ਪਈ ਰੋਂਦੀ ਆ ! ਧੀਏ ! ਜਰਕੇ ਖਾਨਾ ਹੰਡਾਨਾ ਚਾਹੀਦਾ ਏ । ਉਤੋਂ ਸਮਾ ਤੇ ਵੇਖ, ਕੀਕਰ ਪਿਆ ਜਾਂਦਾ ਏ। ਤੂੰ ਪੂਣੀਆਂ ਮੁਕਾ, ਬੀਬੀਆਂ ਧੀਆਂ ਤੇਰੇ ਵਾਂਗਰ ਲਤਰ

ਲਤਰ ਨਹੀਂ ਕਰਦੀਆਂ ?

ਧੀ-[ਡੋਰ ਭੋਰੀ ਹੋਕੇ] ਨੀ ਬੇਬੇ,ਨੀ ਬੇਬੇ ! ਓਹ ਹੱਸੋ ਕਿਥੇ ਗਈ ?

ਮਾਂ-ਜਾਨੇ ਮੇਰੀ ਬਲਾ, ਕਿਥੇ ਗਈ ! ਲੈਗਏ ਫੜਕੇ। ਖਬਰੇ ਕੌਨ ਸਨ ! ਪਠਾਨ ਸਨ, ਕੇ ਸਿਪਾਹੀ ਸਨ । ਕੋਈ ਉੱਘ ਸੁੱਘ ਨਿਕਲੀ ਈ ਨਹੀਂ !

ਧੀ-ਨਾਂ ਬੇਬੇ ਓਦਿਨ ਚੌਧਰੀ ਦੀ ਵਹੁਟੀ ਰੋਂਦੀ ਕਿਓਂ ਸੀ ?

ਮਾਂ-ਰੋਂਦੀ ਕਿਓਂਸੀ ? ਧੀਏ ! ਓਹਨਾਂ ਤੇ ਮਹੀਨਾ ਹੋਯਾ ਏ, ਅੰਨ ਖਾਦਿਆਂ । ਓਹਦਾ ਜੁਆਈ ਜੋ ਫੜਿਆ ਗਿਆ ਏ ।

ਧੀ-ਨੀ ਬੇਬੇ, ਕੇਹੜਾ ਜੁਆਈ ?

ਮਾਂ-ਨੀ ਓਹ ਖੀਬੀ ਦਾ ਘਤਦਾ। ਜਾਨੇ ਮੇਰੀ ਬਲਾ ਕੀਹ ਨਾਂ ਸੂ ! ਮੇਰੇ ਮੂੰਹ ਵਿਚ ਪਿਆ ਫਿਰਦਾ ਏ।

ਧੀ-ਹਾਯੇ ਮੈਂ ਮਰ ਗਈ ! ਮੀਆਂ ਬਦਰੂ ?

ਮਾਂ-ਆਹ, ਆਹ ! ਉਹੋ। ਏਕਨ ਨੂੰ ਸਦਦੇ ਨੇ । ਓਹਨੂੰ ਫੜਿਆਂ ਹੋਯਾਂ ਅਜ ਮਹੀਨਾ ਢੁੱਕਨ ਲੱਗਾ ਏ। ਆਹੰਦੇ ਨੇ, ਹਾਂ ਹਾਂ, ਤੂੰ ਪਠਾਨਾਂ ਨੂੰ ਲਾਹੌਰ ਸਦਵਾਯਾ ਏ।

ਧੀ-ਬੇਬੇ ਓਸ ਕਾਹਨੂੰ ਸਦਿਆ ਸੀ ? ਪਠਾਨ ਤੇ ਬੁਰੇ ਡਾਢੇ ਹੁੰਦੇ ਨੇ !

ਮਾਂ-ਮੱਲੋ ਰੱਬ ਦੀਆਂ ਰੱਬ ਜਾਨੇ ਦਲੀਜਾਂ ਦੇ ਅੰਦਰ, ਅੰਦਰ ਰਹਿਕੇ ਗੁਜਾਰਾ ਕਰੀਦਾ ਏ। ਉਚਾਟੀ ਨਹੀਂ ਸਿਖਦੀ।

ਧੀ—ਨੀ ਬੇਬੇ, ਮੇਰੇ ਛੋਪੇ ਮੁੱਕ ਚੱਲੇ।
ਮਾਂ—ਹਛਾ, ਹੁਨ ਰੋਟੀ ਟੁੱਕਰ ਲੱਗ।

[ਪੜਦਾ ਡਿਗ ਪੈਂਦਾ ਏ]

ਰੂਪ—੨। ਚੌਂਕ ਵਜ਼ੀਰ ਖਾਂ।

ਚੌਧਰੀ ਮੁਹੰਮਦ ਆਸ਼ਿਕ—(ਦਿਲ ਵਿਚ) ਹੇ ਸੱਚੇ ਸਾਹਿਬਾ। ਤੂੰ ਬਖਸ਼ਨਹਾਰ ਏਂ। ਨਿਮਾਨਿਆਂ ਨਿਥਾਂਵਿਆਂ ਦੇ ਮਾਨ ਦਾ ਭੰਡਾਰ ਏਂ। ਤੂੰ ਬਖ਼ਸ਼। ਏਸ ਔਕੜੋਂ ਛੁਡਾ। ਹਨੇਰ ਸਾਈਂ ਦਾ ਇੱਕ ਸ਼ੈਹਰ ਤੇ ਤ੍ਰੈ ਰਾਜੇ! ਕਦੇ ਦੁਨਿਆ ਜਹਾਨ ਤੇ ਏਹ ਗਲ ਹੋਈ ਏ? ਤੇ ਰਾਜ ਵੀ ਕਿਹਾ? ਬਹਿਸ਼ਤ ਡੈਣ ਦੇ ਝੱਸ ਜਿਹਾ! ਜਦੋਂ ਜੀ ਕੀਤਾ ਲੋਕਾਂ ਦੀ ਰੂਹ ਕਬਜ਼ ਕਰ-ਲਈ। ਕਿਸੇ ਨੂੰ ਪਤਾ ਏ, ਕਿ ਪਰਜਾ ਦਾ ਕੀ ਹਾਲ ਏ? ਕਾਲ ਏ, ਕਿ ਸੁਖਾਲ ਏ? ਸੁਖੀ ਏ ਕਿ ਦੁਖੀ ਏ? ਰੱਜੀ ਏ ਕਿ ਭੁੱਖੀ ਏ? ਨਜ਼ਰਾਨਾ ਉਗ੍ਰਾਹਣਾ ਤੇ ਸ਼ਰਾਬਾਂ ਦੇ ਮੂੰਹ ਉਡਾਨਾ। ਜਦ ਅਗਲਾ ਦਾਰੂ ਸਿੱਕਾ ਮੁੱਕ ਜਾਨਾ ਤੇ ਫੇਰ ਸ਼ੈਹਰ ਨੂੰ ਮੂੰਹ ਚਾਣਾ, ਤੇ ਲੋਕਾਂ ਦੀ ਛਿੱਲ ਪਿਆ ਲਾਹਣਾ! ਏਹਦਾ ਨਾਂ ਰਾਜ ਹੋ ਗਿਆ ਏ। ਜੇ ਮੋਹਰ ਸਿੰਘ ਨਮੋਹਰੇ ਨੂੰ ਮਗਰੋਂ ਲਾਹਿਆ, ਤੇ ਚੇਤ ਸਿੰਘ ਨੇ ਭੜਥੂ ਆ ਪਾਯਾ। ਜੇ ਚੇਤ ਸਿੰਘ ਬੋਬਾ ਲੈ ਗਿਆ ਤੇ ਸੋਭਾ ਸਿੰਘ ਦੀ ਕੁਸੋਭਾ ਦਾ ਧੁੜਕੂ ਪੈ ਗਿਆ। ਕਦੇ ਜਾਨਾਂ ਨੂੰ ਸਾਹ ਨਾ ਆਯਾ। ਇਕ ਇਕ ਕਰਕੇ ਲੋਕ ਸ਼ੈਹਰੋਂ ਨਿਕਲ ਗਏ ਨੇ। ਤੇ ਮਹੱਲਿਆਂ ਦੇ ਮਹੱਲੇ ਸੁੰਞੇ ਹੋਏ ਪਏ ਨੇ। ਬੂਹਿਆਂ ਦੀਆਂ ਜੋੜੀਆਂ ਪੁਟਾਈਆਂ ਗਈਆਂ।

ਕੋਠਿਆਂ ਦੀਆਂ ਕੜੀਆਂ ਲਾਹੀਆਂ ਗਈਆਂ! ਜਿੱਧਰ ਵੇਖੋ ਵਾਠਾਂ, ਤੇ ਖੋਲੇ! ਹਰ ਖੰਨੇ ਉਜਾੜ ਤੇ ਪਾਸੇ ਬੋਲੇ! ਸ਼ੈਹਰ ਨੂੰ ਵੇਖ ਕੇ ਡਰਨ ਪਿਆ ਆਉਂਦਾ ਏ! ਮੇਰਾ ਚੁਧਰੇਮਾਂ ਵੀ ਡਾਢਾ ਨਿੱਤਰਿਆ! ਉਗ੍ਰਾਹੀ ਕਰਾਂ ਤੇ ਏਹਨਾਂ ਅਗੇ ਧਰਾਂ। ਜੇ ਕੋਈ ਦਾਦ ਫਰਿਆਦ ਕਰਾਂ, ਤੇ ਤੋਏ ਚਿਸ਼ਮੀ ਦਾ ਜੁਆਬ! ਫੇਰ ਅਸੀ ਕੋਈ ਤੇ ਓਹ ਨਵਾਬ। ਹਨੇਰ ਸਾਈਂਦਾ! ਮਹੀਨਾ ਢੁੱਕਣ ਲੱਗਾ ਏ, ਅਦਰ ਦੀਨ ਨੂੰ ਕੰਬਲ ਵਿਚ ਪਾਇਆਂ! ਰੱਬ ਏ, ਜੇ ਏਹਨਾਂ ਦਾ ਮੂੰਹ ਵੀ ਕੱਸੇ ਤੇ! [ਚਲਾ ਜਾਂਦਾ ਏ]

(ਹਕੀਮ ਹਾਕਮ ਗਾਏ ਆਉਂਦਾ ਏ)

ਹਕੀਮ--(ਦਿਲ ਵਿਚ) ਹੇ ਲਾਹੌਰ! ਤੇਰੀ ਨੀਂਹ ਕਿਸ ਭੈੜੀ ਘੜੀ ਧਰੀ ਸੀ? ਤੇਰੇ ਵੈਹੜੇ ਦਿਨਾਂ ਤੋਂ ਕਦੇ ਸੁਖਦਾ ਸਾਹ ਨਹੀਂ ਆਯਾ!

ਕਦੇ ਧਾਂਦਲ ਦੁਰਾਨੀ ਦੀ, ਕਦੇ ਅਬਦਾਲੀ ਦੇ ਫੇਟੇ।
ਤੇਰੀ ਖੁਸ਼ਹਾਲੀ ਤੇ ਧਨ ਮਾਲ, ਵੈਰੀ ਬਨ ਗਏ ਤੇਰੇ।
ਬੀਆਬਾਨਾਂ ਦੇ ਵਹਿਸ਼ੀ, ਲੋਭੀ ਬਨ ਤੇਰੀ ਜਮੀਨਾਂ ਦੇ।
ਬਨੇ ਘਾਤੀ ਏਹੋ ਬਾਲਾਂ, ਤੇ ਪਰਦਾ ਨਸ਼ੀਨਾਂ ਦੇ।
ਅਜੇ ਤਲਵਾਰ ਜ਼ੁਲਮਾਂ ਦੀ, ਨ ਕਿਸਮਤ ਬੰਦ ਕਰਦੀ ਏ।
ਕਦੋਂ ਈਸ਼ਵਰ ਦਯਾ ਹੁਨ ਤੇ, ਪਰਜਾ ਬੇਦੋਸ ਮਰਦੀ ਏ।

ਕਿਸੇ ਵਾਹਵਾ ਕਹਿਆ ਏ—

ਚੋਰ ਉਚੱਕਾ ਚੌਧਰੀ, ਤੇ ਗੁੰਡੀ ਰੰਨ ਪਰਧਾਨ।
ਭਲਿਆਂ ਦੇ ਸਿਰ ਜੁੱਤੀਆਂ, ਤੇ ਲੁੱਚੇ ਮਜ਼ੇ ਉੜਾਨ।

ਸੋ ਲਾਹੌਰ ਵਿਚ ਅਖੀਂ ਵੇਖਣੇ ਆਂ---

ਪਈ ਖ਼ਲਕਤ ਘੱਤੇ ਹਾੜਾ ਜੀ, ਪਿਆ ਕਿਸਮਤ ਵਲੋਂ ਧਾੜਾ ਜੀ।
ਆ ਵੇਖੋ ਰਬ ਦੀਆਂ ਖੇਡਾਂ ਨੂੰ, ਪਏ ਵਾੜੇ ਖਾਂਦੇ ਭੇਡਾਂ ਨੂੰ।

[ਨਿਕਲ ਜਾਂਦਾ ਏ, ਤੇ ਮੁਹੰਮਦ ਆਸ਼ਕ ਆਉਂਦਾ ਏ]

ਮੁਹੰਮਦ:-[ਅਫ਼ਸੋਸ ਵਿਚ]

ਸੱਚੇ ਸਾਈਆਂ। ਤੇਰੀ ਕੁਦਰਤ ਦੇ ਰੰਗ।
ਤੇਰੀ ਕੁਦਰਤ ਦੇ ਰੰਗ। ਸਾਡੀ ਕਿਸਮਤ ਦੇ ਢੰਗ।
ਸਹਿ ਸਹਿ ਨਿੱਤ ਦੇ ਤਸੀਹੇ। ਕੁੜ੍ਹ ਕੁੜ੍ਹ ਜਾਨਾਂ ਨੂੰ ਪੀਹੇ।
ਘੁੰਮਨ ਘੇਰੀਂ ਜੇ ਬੇੜਾ। ਤਾਰੀਂ ਡੁੱਬਦਾ ਏਹ ਸੰਗ॥ ੨ ॥
ਲੂਟੇ ਖਾ ਗਈਆਂ ਵਾੜਾਂ। ਹੋਈਆਂ ਵੱਸੋਂ ਉਜਾੜਾਂ।
ਐਹੜੇ ਆਦਾਂ ਦੇ ਹੱਜੇ। ਟੁਕੱਰ ਜੁੜਦਾ ਨ ਹੈਗ॥ ੩॥
ਭਰ ਭਰ ਅੱਭਰ ਦੀ ਢੱਟੀ। ਵਿਕ ਗਏ ਘਰ ਬੂਹੇ ਹੱਟੀ।
ਫਿਰਵੀ ਛੱਡਦੀ ਨ ਖਹਿੜਾ। ਲੋਕੋ, ਤ੍ਰਿਗੜੇ ਦੀ ਮੰਗ॥ ੪॥
ਲਾਹੰਦੇ ਖਲਕਤ ਤੋਂ ਛਿੱਲੂੰ। ਕਰਦੇ ਖਾਊਂ ਤੇ ਪਿੱਲੂੰ।
ਨੇਮੀ ਰਹਿੰਦੇ ਨੀ ਮੈਂਸੇ। ਜਿੰਦਾਂ ਗਈਆਂ ਨੀ ਹੰਗ॥੫॥
ਵਾਹਵਾ! ਕਰਮਾਂ ਦੀਆਂ ਖੇਡਾਂ। ਵਾੜੇ ਖਾਂਦੇ ਨੀ ਭੇਡਾਂ॥
ਰਾਖੇ ਲਹੂਆਂ ਦੇ ਚਾਖੇ। ਖਲਕਤ ਡਾਢੀ ਆ ਤੰਗ॥੬॥

[ਹਕੀਮ ਹਾਕਮਰਾਯ ਆਉਂਦਾਏ]

ਹਕੀਮ—ਸਾਹਬ ਸਲਾਮਤ, ਚੌਧਰੀ ਜੀ। ਰਾਜੀ ਓ?

ਮੁਹੰਮਦ ਆਸ਼ਿਕ—ਸਾਹਬ ਸਲਾਮਤ, ਹਕੀਮ ਜੀ। ਜੋ ਦਮ ਗੁਜਰ ਜਾਏ ਓਹ ਵਾਹ ਵਾ! ਜਿਹੋ ਜਹੇ ਰਾਜੀ ਆਂ ਤੁਹਾਨੂੰ ਮਲੂਮ ਏ।

ਹਕਮ—ਸੁਨਾਓ, ਮੀਆਂ ਬਦਰਦੀਨ ਨੂੰ ਛਡਦੇ ਨੇ ਕਿ ਨਹੀਂ ?

ਮੁਹੰਮਦ—ਹਕੀਮ ਜੀ, ਓਹ ਗੱਲ ਈ ਨਹੀਂ ਗੌਲਦੇ। ਅਜ ਮਹੀਨਾ ਹੋ ਗਿਆ ਏ। ਰਬ ਦੇ ਜੀ ਨੂੰ ਸਬਰ ਕਰਕੇ ਢੱੜ ਵੱਟੀ ਹੋਈ ਏ। ਟੱਬਰ ਦਾ ਸਾਹ ਸੁੱਕਾ ਹੋਯਾ ਏ। ਕੀਲੇ ਹੋਏ ਸੱਪ ਵਾਂਗ ਵਿਚੇ ਵਿਚ ਵਿੱਸਾਂ ਪਏ ਘੋਲਨੇ ਆਂ।

ਹਕੀਮ—ਹੱਛਾ, ਚੌਧਰੀ ਜੀ, ਸਾਡੇ ਅਮਲਾਂ ਦਾ ਫਲ ਏ। ਸਾਡੇ ਪੇਸ਼ ਪਿਆ ਆਉਂਦਾ ਏ। ਅਜ ਚੇਤਸਿੰਘ ਦੇ ਆਦਮੀ ਉਸ਼ਨਾਕੀ ਮੱਲ ਤੇ ਸੌ ਰੁਪਈਆ ਚੱਟੀ ਲਾ ਗਏ ਨੇ। ਤੇ ਘਰ ਬੂਹਾ ਕੁਰਕ ਕਰਾ ਗਏ ਨੇ।

ਮੁਹੰਮਦ—ਤੋਬਾ! ਤੋਬਾ! ਓਸ ਗਊ ਦੇ ਗਲ ਛੁਰੀ ਦਿਤੀ ਨੇ, ਤੇ ਕੇਹੜੀ ਵੱਡੀ ਮੁਹਿਮ ਜਿੱਤੀ ਨੇ? ਹਕੀਮ ਜੀ—

ਜੋ ਮਾਲਕ ਬਨਕੇ ਖਲਕਤ ਦਾ, ਜੁਲਮ ਦੀ ਤੇਗ ਚਾਂਦਾ ਹੈ।
ਓਹ ਦੀਵਾ ਹੈ ਬਿਨਾ ਤੇਲੋਂ, ਜੋ ਪਿਆ ਹਟਕੋਰੇ ਖਾਂਦਾ ਹੈ।
ਰਈਯਤ ਦੀ ਮੁਹੱਬਤ ਦਾ, ਮਿਲੇ ਜੇ ਤੇਲ ਦੀਵੇ ਨੂੰ।
ਓਹਦੀ ਲਾਟੇ ਖੁਦਾ ਚਾਨਨ, ਬੜਾ ਸੋਹਣਾ ਵਖਾਂਦਾ ਹੈ।

ਹਕੀਮ ਜੀ, ਕੁਸੱਤ ਨਾਲ ਕੋਈ ਨਹੀਂ ਵਧਿਆ—

ਦਿਲਾਂ ਬੇ ਦੋਸਿਆਂ ਦਾ ਜੁਲਮ, ਤੋਂ ਰੋਨਾ ਤੇ ਗੰਮ ਕਰਨਾ।
ਅਰਸ਼ ਤੇ ਢਾਹੋ ਵੈਜਰ ਪਾ, ਤਖਤ ਰੱਬੀ ਹਲਾਂਦਾ ਹੈ।
ਸੁਨੇਂਗਾ ਕਿਓਂ ਨ ਮਜਲੂਮਾਂ, ਦੀ ਫਰਿਆਦਾਂ ਨੂੰ ਸੱਚਾ ਰੱਬ।
ਕਬਰ ਨਮਰੂਦ ਕਰ ਬਹੁਤਾ, ਸਜ਼ਾ ਬਹੁਤੀ ਹੀ ਪਾਂਦਾ ਹੈ।

ਹਾਕਮਰਾਯ—ਚੌਧਰੀ ਜੀ, ਬਿੱਲ ਕੁੱਲ ਠੀਕ ਹੈ।

ਜਿਨ੍ਹਾਂ ਨੇ ਜ਼ੁਲਮ ਦੇ ਬਟੇ, ਉਗਾਯੇ ਡੋਲ੍ਹ ਲਹੂਆਂ ਨੂੰ।
ਉਨ੍ਹਾਂ ਨੂੰ ਮੌਹਰੇ ਦੀ ਗੰਦਲ, ਵੀ ਫਲ ਈਸ਼੍ਵਰ ਚਖਾਂਦਾ ਹੈ।
ਕਦੋਂ ਬੂਟੇ ਕੁਸੱਤ ਦੇ ਸ੍ਵਾਦਲਾ, ਫਲ ਫੁੱਲ ਹੈ ਲਾਯਾ ?
ਕਦੋਂ ਕੋਈ ਬੀਜ ਕੇ ਅੱਕਾਂ, ਨੂੰ ਫਲ ਅੰਬਾਂ ਦਾ ਖਾਂਦਾ ਹੈ?

ਮੁਹੰਮਦ:-ਹਕੀਮ ਜੀ, ਤੁਹਾਨੂੰ ਯਾਦ ਏ? ਓਹ ਜਦੋਂ ਸ਼ਾਹ ਜ਼ਮਾਨ ਨੇ ਗੁੱਜਰ ਸਿੰਘ ਨੂੰ ਸੇਆਂ ਦੀ ਡਾਲੀ ਘੱਲੀ ਸੀ?

ਹਕੀਮ-ਹਾਂ, ਹਾਂ! ਚੌਧਰੀ ਜੀ ਯਾਦ ਏ। ਗੁੱਜਰ ਸਿੰਘ ਨੇ ਮੋੜ ਘੱਲੀ ਸੀ। ਤੇ ਕਹਿਆ ਸੀ ਕਿ ਅਸੀ ਮਕਈ ਬਾਜਰਾ ਖਾਨ ਵਾਲੇ, ਏਹਨਾਂ ਅਮੀਰੀ ਫਲਾਂ ਨੂੰ ਕੀਹ ਜਾਨੀਯੇ! ਆਪ ਗੋਂਗਲੂ ਘਲਦਿਓ, ਤੇ ਸ੍ਵਾਦ ਨਾਲ ਖਾਂਦੇ ਵੀ! ਸੋ ਏਹ ਤੁਸਾਂ ਬਾਦਸ਼ਾਹਾਂ ਦੇ ਖਾਨ ਜੋਗੇ ਪਦਾਰੰਥ ਨੇ। ਅਸੀ ਏਹਨਾਂ ਨੂੰ ਨਹੀਂ ਖਾ ਸਕਦੇ।

ਮੁਹੰਮਦ:-ਰੱਬ ਤੁਹਾਨੂੰ ਨੇਕੀ ਦੇ। ਹਕੀਮ ਜੀ, ਏਹੋ ਜਹੀਆਂ ਖੋਆਂ ਵਾਲਿਆਂ ਰਾਜ ਬਨਾਯਾ ਸੀ। ਜੇ ਏਹਨਾਂ ਵਰਗੇ ਨਸ਼ਈ ਤੇ ਤਮਈ ਹੁੰਦੇ, ਤਦ ਰਾਜ ਨ ਲੈ ਸਕਦੇ। ਹਕੀਮ ਜੀ, ਏਹਨਾਂ ਨੂੰ ਮਗਰੋਂ ਲਾਹਨ ਦਾ ਉਪਾ ਕਰੋ।

ਹਕੀਮ-ਚੌਧਰੀ ਜੀ, ਸੋਚ ਲਵੋ, ਅਸੀ ਕੱਲੇ ਕੀ ਕਰ ਸਕਨੇ ਆਂ?

ਮੁਹੰਮਦ:-ਹਕੀਮ ਜੀ, ਏਹ ਗੱਲ ਨ ਆਖੋ। ਸੁਨੋ।

ਕੂੜਾਂ ਪਾਪੀਆਂ ਤੇ, ਇਕ ਸੱਚਾ ਹੈ ਸਦਾ ਭਾਰੂ।
ਬਰੂਕ ਕੇ ਸ਼ੇਰ ਲੱਖਾਂ, ਗਿੱਦੜਾਂ ਦਾ ਲਹੂ ਸੁਕਾਂਦਾ ਹੈ।

ਖੁਦਾ ਮਦਦ ਦੇ ਓਹਨਾਂ ਨੂੰ, ਜੋ ਅਪਨੀ ਮਦਦ ਕਰਦੇ ਨੇ।
ਚੜ੍ਹੇ ਜਦ ਸੱਚ ਦਾ ਸੂਰਜ, ਕੁਸੱਤ ਚਾ ਸਿਰ ਲੁਕਾਂਦਾ ਹੈ।
ਮੋਹਰਸਿੰਘ ਚੇਤਸਿੰਘਤੇਸੋਭਾ ਸਿੰਘ, ਕਿਸ ਬਾਗਦੀ ਮੂਲੀ?
ਜੇ ਓਹ ਫਿਰਊਣ ਜੇਹਾਂ ਦਾ, ਖੁਰਾ ਉਕਾ ਮਿਟਾਂਦਾ ਹੈ।

ਤੁਸੀ ਸ਼ੇਰ ਬਨੋ, ਦੰਮ ਨ ਸੁਟੋ, ਤੇ ਏਹਨਾਂ ਮੋਹਰੇ ਦੇ ਬੂਟਿਆਂ ਨੂੰ ਜੜ੍ਹਾਂ ਤੋਂ ਪੁਟੋ।

ਹਕੀਮ–ਚੌਧਰੀ ਜੀ, ਸੱਚ ਮੁੱਚ ਨੱਗਰ ਦਾ ਹਾਲ ਡਿੱਠਾ ਨਹੀਂ ਜਾਂਦਾ!

ਘਰਾਂ ਵਿਚ ਸੁੰਞ ਵਰਤੀ ਏ, ਡਰਾਵਨ ਮਹਿਲ ਤੇ ਮਾੜੀ।
ਸਦਾ ਜੇ ਪੇਟ ਦਾ ਝੋਰਾ, ਨ ਜੀਆਂ ਸਿਰ ਜੁੜੇ ਧਾੜੀ।
ਰਹੀ ਜੱਤਰ ਘਰਾਨੇ ਦੀ, ਕੁਨਾਲੀ ਨੂਠਾ ਤੇ ਵਾਹੜੀ।
ਬੇਦਰਦਾਂ ਨਾਸ ਚਾ ਕੀਤੀ, ਬਿਨਾ ਗਾਹਿਆਂ ਈ ਖਲਵਾੜੀ।

ਮੁਹੰਮਦ:–ਸਭ ਤੋਂ ਭੈੜੀ ਗੱਲ ਏਹ ਹੈ, ਕਿ ਕਿਸੇ ਦੀ ਇਜਤ ਪੱਤਦਾ ਖਿਆਲ ਨਹੀਂ! ਪਰਜਾ ਦੇ ਸੁਖ ਦੁੱਖ ਦਾ ਕੋਈ ਛਾਈਵਾਲ ਨਹੀਂ। ਕੁਕਰਮੀ, ਕੁਧਰਮੀ ਤੇ ਭਰਮੀ! ਏਹ ਵੇਖ ਕੋਈ ਬਾਹਰਲਾ ਸ਼ੈਹਰ ਦੇ ਨੇੜੇ ਨਹੀਂ ਛੋਹੰਦਾ। ਕੋਈ ਵਨਜ ਵੱਟਾ ਠੁੱਕ ਨਾਲ ਨਹੀਂ ਹੁੰਦਾ। ਨ ਕੋਈ ਕਾਰ ਰਹਿਆ, ਨ ਰੁਜਗਾਰ। ਢਿੱਡ ਖਾਨ ਨੂੰ ਮੰਗਦਾ ਏ। ਏਹ ਜਿਹਨੂੰ ਫੜਦੇ ਨੇ ਪਾਣ ਪਤ ਲਾਹ ਛੱਡਦੇ ਨੇ–

ਕਿਸੇ ਨੂੰ ਗਾਲ ਦੇਂਦੇ ਨੇ, ਕਿਸੇ ਦੀ ਆ ਫੜਨ ਦਾਹੜੀ।
ਕੋਈ ਬੇਦੋਸ ਡੰਨੀ ਦਾ, ਕਿਸੇ ਦੀ ਜ਼ਬਤ ਹੈ ਵਾੜੀ।
ਕਿਤੇ ਅਸਮਤ ਨਿਸ਼ਾਨਾ ਹੈ, ਕਿਤੇ ਦੌਲਤ ਤੇ ਹੈ ਤਾੜੀ।

ਕੋਈ ਸਾਉਣੀ ਵੇਜਾ ਬੈਠਾ, ਕਿਸੇ ਚੱਟੀ ਭਰੀ ਹਾੜ੍ਹੀ।
ਤਲੇ ਜਿਸ ਰੁੱਖ ਦੇ ਬੈਠਨ, ਜੜ੍ਹੀਂ ਉਸੇ ਦੇ ਕੁਲਹਾੜੀ।
ਉਜਾੜੀ, ਹਾਯ! ਬੇਦਰਦਾਂ, ਫਲੀ ਫੁੱਲੀ ਏਹ ਫੁਲਵਾੜੀ।

ਹਾਕਮਰਾਯ—ਹੇ, ਈਸ਼੍ਵਰ! ਤੂੰ ਏਹਨਾਂ ਚੰਡਾਲਾਂ ਨੂੰ ਆਪ ਸਿਞਾਨ। ਤੂੰ ਏਹਨਾਂ ਨੂੰ ਚੰਗੇ ਰਾਹ ਪਾ।

ਮੁਹੰਮਦ ਆਸ਼ਿਕ—ਆ, ਹਾ! ਹਕੀਮ ਜੀ, ਖ਼ੁਦਾ ਨੂੰ ਏਹ ਲੋਕ ਪਾਰਖਤੀ ਦੇ ਚੁੱਕੇ ਨੇ!

ਹਕੀਮ-ਭੱਲਾ ਕੀ ਹੋਯਾ ਦੇ ਚੁਕੇ ਨੇ ਤੇ? ਉਸ ਤੇ ਨਹੀਂ ਦਿਤੀ?

ਉਹ ਮਾਲਿਕ ਦੋ ਜਹਾਨਾਂ ਦਾ, ਪਿਤਾ ਕੁਲ ਸ੍ਰਿਸ਼ਟੀ ਦਾ ਸਾਂਝਾ।
ਹਜਾਰੇ ਤਖਤ ਦਾ ਵਾਲੀ, ਤੇ ਖਲਕਤ ਹੀਰ ਦਾ ਰਾਂਝਾ।
ਗੁਲਾਮੀ ਖੇੜਿਆਂ ਵਾਲੀ, ਤੇ ਜੇ ਚਾ ਹੀਰ ਖੁਸ਼ ਹੋਵੇ।
ਵਸਾਰੇ ਹੀਰ ਰਾਂਝੇ ਨੂੰ, ਭੁਲਾ ਦੇ ਹੀਰ ਨੂੰ ਰਾਂਝਾ।
ਨ ਡੋਲੇ ਜੇ ਤਸੀਆਂ ਤੋਂ, ਧਰਮ ਅਪਨੇ ਤੇ ਹੋ ਕਾਯਮ।
ਛੁੜਾਵੇ ਹੀਰ ਨੂੰ ਕੈਦੋਂ, ਬਨੇ ਜੋਗੀ ਤਦੋਂ ਰਾਂਝਾ।

[ਮੁਫ਼ਤੀ ਮੁਹੰਮਦ ਬਾਕਰ, ਮੀਆਂ ਸ਼ਾਦੀ ਖ਼ਾਂ ਤੇ ਮੀਆਂ ਮੁਹੰਮਦ ਮੁਕਰਮ ਆਉਂਦੇ ਨੇ]

ਮੁਫ਼ਤੀ—ਹਕੀਮ ਜੀ, ਲਾਹੌਰ ਦੇ ਦੁੱਖਾਂ ਦਾ ਪਿਆਲਾ ਭਰਪੂਰ ਹੋਗਿਆ। ਦਿਲਾਂ ਦਾ ਸ਼ੀਸ਼ਾ ਨੇਮੀ ਠੋਕਰਾਂ ਨਾਲ ਚਕਨਾ ਚੂਰ ਹੋ ਗਿਆ। ਲੋਕਾਂ ਦੇ ਪ੍ਰਾਣ ਮੁਠ ਵਿਚ ਆ ਗਏ। ਨਵੇਂ ਸੂਰਜ ਨਵੇਂ ਸੈਂਸੇ ਜਾਨਾਂ ਨੂੰ ਮਾਰ ਮੁਕਾ ਗਏ। ਗੀਬਾਂ ਨੂੰ ਢਿੱਡ ਦਾ ਝੋਰਾ। ਰੱਜਿਆਂ ਕੱਜਿਆਂ ਨੂੰ ਚੱਟੀ ਦਾ ਜੋਰਾ। ਮੰਨਿਆਂ ਪਰ

ਮੰਨਿਆਂ ਨੂੰ ਇਜਤ ਦਾ ਝੋਰਾ, ਨੱਗਰ ਦੀ ਪਿਰਤ ਗੁਵਾਗਏ।
ਕੋਈ ਓਕਨ ਉਪਾ ਕਰੋ, ਜੀਕਨ ਏਹ ਡੁੱਬਦਾ ਬੇੜਾ ਬੰਨੇ ਜਾ ਲੱਗੇ।

ਹਾਕਮਰਾਯ—ਮੁਫਤੀ ਜੀ,

ਉੱਦਮ ਅੱਗੇ ਲਖਸ਼ਮੀ, ਸਾਰਾ ਕਹੇ ਜਹਾਨ।
ਜੜ੍ਹੋਂ ਉਖੇੜਨ ਉੱਦਮੀ, ਪਰਬਤ ਨਦੀ ਵਗਾਨ।
ਸੁਰਗੋਂ ਗੰਗਾ ਲਿਆ ਗਏ, ਭਾਗੀਰਥ ਜਹੇ ਵੀਰ।
ਦਿੱਲੀ ਤਖਤ ਲੁਟਾ ਗਏ, ਆਲਸ ਭਰੇ ਸ੍ਰੀਰ।

ਮੁਫਤੀ ਜੀ, ਜੇ ਦਿਲੋਂ ਵਜੋਂ ਹੋਕੇ ਉਦੱਮ ਤੇ ਲੱਕ ਬੰਨ੍ਹ ਲਓ। ਤੇ ਅਪਨੇ ਜੀ ਵਿਚ ਮੰਨ ਲਓ, ਕਿ ਅਸਾਂ ਏਹ ਮੌਹਰੇ ਦੀ ਪਨੀਰੀ ਮੂਲੋਂ ਪੁੱਟ ਛੱਡਨੀ ਏ, ਤਦ ਤੁਹਾਡੇ ਅੱਗੇ ਕੇਹੜਾ ਔਖ ਏ ?

ਮੁਹੰਮਦ ਮੁਕੱਰਮ—ਮੇਰੇ ਦਿਲ ਵਿਚ ਏਹ ਆਈ ਏ। ਖਬਰੇ ਰਬ ਕਾਰਸਾਜ ਨੇ ਆਪੇ ਫੁਰਾਈ ਏ, ਕਿ ਰੰਜੀਤ ਸਿੰਘ ਨਾਲ਼ ਕੋਈ ਅਟਾ ਸਟਾ ਗੰਢਿਆ ਜਾਵੇ।

ਵੈਰੀ ਕਰੜਾ ਮਾਰੀਏ, ਕਰੜਾ ਅੱਗੇ ਜੋਹ।
ਮੌਹਰਾ ਮੌਹਰਾ ਵੱਢਦਾ, ਵੱਢੇ ਲੋਹਾ ਲੋਹ।

ਮੀਆਂਸ਼ਦੀਖਾਂ—ਭਰਾਵੋ! ਈਹੋ ਗੱਲ ਮੈਂ ਅੱਗੇ ਆਖਨ ਵਾਲਾ ਸਾਂ। ਕਲ ਕਾਜੀ ਅਬਦਲ ਰਹਿਮਾਨ ਰਸੂਲ ਨਗਰੋਂ ਆਯਾ। ਤੇ ਓਹਨੇ ਸੁਨਾਯਾ, ਕਿ ਰੰਜੀਤ ਸਿੰਘ ਜਿਹਾ ਨਿਆਂਈਂ। ਬਚਨ ਦਾ ਪੂਰਾ, ਮੈਦਾਨ ਦਾ ਸੂਰਾ। ਪਰਜਾ ਦੀ ਪਿਨਾਪਾਖੀ ਕਰਨ ਵਾਲਾ। ਢੱਠਿਆ ਦਿਲਾਂ ਨੂੰ ਠੱਲਕੇ ਉਤਾਂ ਕਰਨ ਵਾਲਾ। ਚਤੁਰ, ਹੁਸ਼ਿਆਰ ਤੇ ਪੜ੍ਹੇ ਦਾ ਸ਼ਿੰਗਾਰ, ਲੋਕਾਂ ਦਾ

ਜਮਾਂਦਰੂ ਮੋਹਰੀ, ਰਾਜਨੀਤ ਦੇ ਗੂਹਜਾਂ ਦਾ ਭੇਤੀ ਤੇ ਗੋਹਰੀ, ਹਿਕਮਤੀ, ਕਿਸਮਤੀ, ਬਾਹਰੇ ਵਿਚ ਹੋਰ ਕੋਈ ਵਖਾਲੀ ਨਹੀਂ ਦੇਂਦਾ, ਓਹਦੇ ਬਿਨਾ ਏਸ ਕੰਮ ਨੂੰ ਹੱਥ ਪਾਨ ਦਾ ਹੋਰ ਕਿਸੇ ਨੂੰ ਜੁਰਕਾ ਵੀ ਨਹੀਂ ਪੈਂਦਾ।

ਮੁਫ਼ਤੀ—ਵਾਹਵਾ, ਵਾਹ ! ਚੰਗੀ ਵਿਚਾਰ ਏ। ਰੰਜੀਤ ਸਿੰਘ ਕਾਬਲ ਵਲੋਂ ਵੀ ਲਾਹੋਰ ਦਾ ਦਾਵੇਦਾਰ ਹੈ।

(ਮੈਹਰ ਮੋਹਕਮਦੀਨ ਆਉਂਦਾ ਏ)

ਮੁਹੰਮਦ ਆਸ਼ਕ—ਵੇਖਾਂ, ਜਦ ਰੱਬ ਕੰਮ ਬਨਾਂਦਾ ਏ। ਤਦ ਕਹੇ ਚੰਗੇ ਢੋ ਢਾ ਲਾਂਦਾ ਏ ? ਮੈਹਰ ਹੋਰਾਂ ਦਾ ਏਸ ਵੇਲੇ ਦੀਦਾਰ, ਭਖਦੇ ਲੋਹੇ ਨੂੰ ਹਥੌੜੇ ਦੀ ਮਾਰ ਦੇ ਬਰਾਬਰ ਏ।

ਮੈਹਰ—ਅੜਿਆ, ਚੋਰੀ ਚੋਰੀ ਬੁੱਕਲ ਵਿਚ ਨ ਪਏ ਗੁੜ ਭੋਰੋ।

ਹਾਕਮਰਾਯ—ਮੈਹਰ ਜੀ, ਘੁਮਲਿਆਂ ਬਨ ਕੇ, ਧਾਵੀਆਂ ਗੱਲਾਂ ਨ ਪਏ ਟੋਰੋ।

ਮੈਹਰ—ਤੁਸੀ ਵੀ ਮਿਠੇ ਸ਼ਰਬਤ ਵਿਚ ਲੂਣ ਨ ਪਏ ਘੋਰੋ।

ਹਾਕਮਰਾਯੇ—ਤੇ ਤੁਸੀ ਪੱਕਿਆਂ ਫੋੜਿਆਂ ਨੂੰ ਜਾਣਕੇ ਨ ਪਏ ਠਕੋਰੋ।

ਮੈਹਰ—ਮੈਂ ਕੋਈ ਤੁਹਾਥੋਂ ਵੱਖ ਵਾਂ ? ਜਾਨ ਦੇ ਨਹੀਂ, ਭਰਾ ਭਰਾਵਾਂ ਦੇ, ਤੇ ਚਿੱਚੜ ਕਾਵਾਂ ਦੇ ?

ਹਾਕਮਰਾਯ—ਬੱਸ ਬੱਸ। ਮੈਹਰ ਜੀ, ਸਭ ਗੱਲਾਂ ਵਿਚੇ ਆ ਗਈਆਂ। ਅਸੀ ਰੰਜੀਤ ਸਿੰਘ ਨੂੰ ਲਾਹੌਰ ਬੁਲਾਨੇ ਆਂ, ਤੇ ਏਸ ਕੰਮ ਵਿਚ ਆਪਦੀ ਮਦਦ ਚਾਹਨੇ ਆਂ।

ਮੇਹਰ–ਜੇ ਤੁਸੀ ਏਸੇ ਗੱਲੇ ਈ ਰਾਜੀ ਓ, ਤੇ ਚੰਗਾ ਵਾਹਵਾ! ਮੈਂ ਤੁਹਾਥੋਂ ਨਾਬਰ ਆਂ?

ਹਾਕੀਮ:–ਬੱਸ, ਮੇਹਰ ਜੀ, ਦੂਜੀ ਗੱਲ ਨ ਹੋਵੇ।

ਮੇਹਰ–ਮੈਂ ਰੰਜੀਤ ਸਿੰਘ ਨੂੰ ਬੂਹਾ ਖੋਲ੍ਹ ਦਿਆਂਗਾ।

ਸਭੇ– ਆਫ੍ਰੀਨ, ਮੇਹਰ ਜੀ ਆਫ੍ਰੀਨ! ਫੇਰ ਮੀਆਂ ਸ਼ਾਦੀਖਾਂ ਗੁਜਰਾਂਵਾਲੇ ਜਾਯੇ ਤੇ ਕਾਜੀ ਹੋਰਾਂ ਦੀ ਰਾਹੀਂ ਰੰਜੀਤ ਸਿੰਘ ਦੀ ਮਰਜੀ ਪਾਯੇ।

ਮੇਹਰ–ਹਾਂ, ਮੇਰੇ ਵਲੋਂ ਪੱਥਰ ਤੇ ਲੀਕ ਹੋਈ।

ਸਭੇ–ਪੁਨ ਰਣਜੀਤ ਸਿੰਘ ਨੂੰ ਬੁਲਾਨ ਦੀ ਸਲਾਹ ਠੀਕ ਹੋਈ

(ਪਰਦਾ ਗਿਰਦਾ ਏ)

ਰੂਪ–੩। ਰੰਜੀਤ ਸਿੰਘ ਦਾ ਮਹੱਲ।

ਰੰਜੀਤ ਸਿੰਘ–(ਸੋਚ ਵਿਚ)

ਸੁਫਨਾ ਬੜਾ ਅਨੋਖਾ, ਅਜ ਰਾਤ ਪਿਛਲੀ ਆਯਾ।
ਬਾਬੇ ਹੋਰਾਂ ਦਾ ਦਰਸ਼ਨ, ਸ੍ਰੀ ਵਾਹਿਗੁਰੂ ਕਰਾਯਾ।
ਮਸਤਕ ਤੇ ਲਾਟ ਜਿਸਦੇ, ਇਕ ਸਿੰਘ ਸ਼ਸਤ੍ਰਧਾਰੀ।
ਹਥ ਬਾਜ ਸਿਰ ਤੇ ਕਲਗੀ, ਨੀਲਾ ਦੁੜਾ ਲਿਆਯਾ।
ਕਿਰਪਾਣ ਇਕ ਜੜਾਊ, ਸਿੰਘ ਜੀ ਨੇ ਦਿੱਤੀ ਮੈਨੂੰ।
ਸਿਰ ਤੇ ਪਿਆਰ ਦੇਕੇ, ਚੁੱਕ ਥਾਪਨਾ ਲਗਾਯਾ।
ਬਾਬੇ ਹੋਰਾਂ ਨੇ ਅਪਨੀ, ਖੁਰਜੀ ਦਾ ਟੋਹਿਆ ਐਖਾ।
ਸੇਆਂ ਦਾ ਇਕ ਜੋੜਾ, ਮੇਰੀ ਤਲੀ ਟਿਕਾਯਾ।
ਆਖਨ ਗੁਰੂ ਦੀ ਕਿਰਪਾ, ਹੋਈ ਤੇਰੇ ਤੇ ਡਾਢੀ।
ਮਾਲਕ ਮੁਲਖ ਦਾ ਤੈਨੂੰ, ਅਜ ਖਾਲਸੇ ਬਨਾਯਾ।

ਤੂੰ ਬਹਿ ਰਹਿਆਏਂ ਏਥੇ, ਚੰਮੜਤੂੰ ਹੋਕੇ ਕੀਕਨ?
ਲਾਹੌਰ ਤੇਰੇ ਜੋਗਾ, ਖਾਲੀ ਅਸਾਂ ਕਰਾਯਾ।
ਏਹ ਗੱਲ ਕਹਿ ਕੇ ਮੈਨੂੰ, ਖਬਰੇ ਗਏ ਓਹ ਕਿਥੇ!
ਮੈਂ ਸੋਚੀਂ ਪੈ ਗਿਆਵਾਂ, ਕੀ ਸਤਗੁਰਾਂ ਦੀ ਮਾਯਾ।

[ਏਧਰ ਓਧਰ ਤੱਕ ਕੇ] ਕੋਈ ਹੈ?

ਚੋਬਦਾਰ-(ਅੰਦਰ ਆਕੇ) ਸਿੰਘ ਸਾਹਿਬ ਜੀ, ਹੁਕਮ ਕਰੋ

ਰੰਜੀਤਸਿੰਘ-ਸਰਦਾਰ ਦੱਲਸਿੰਘ ਹੋਰ੍ਹਾਂ ਨੂੰ ਅਬੇ ਬੁਲਾਓ।

(ਚੋਬਦਾਰ ਜਾਂਦਾ ਏ, ਤੇ ਸਰਦਾਰ ਦਲ ਸਿੰਘ ਆਉਂਦਾ ਏ।)

ਦਲਸਿੰਘ-ਸਿੰਘ ਸਾਹਿਬ ਜੀ, ਅਜ ਪਰਭਾਤੇ ਸਦਨ ਦੀ ਕਿਰਪਾ ਕੀਤੀ ਜੇ? ਸੁਨਾਓ, ਸੁੱਖ ਏ? ਆਪਦੇ ਚੇਹਰੇ ਤੇ ਖੁਸ਼ੀ ਦੀਆਂ ਲਾਲੀਆਂ ਭਖਦੀਆਂ ਨੇ।

ਰੰਜੀਤਸਿੰਘ-ਸਰਦਾਰ ਜੀ, ਅਜ ਅੰਮ੍ਰਿਤ ਵੇਲੇ ਨਾਲ ਇਕ ਸੁਫਨਾ ਆਯਾ ਏ। ਬਾਬੇ ਹੋਰੀ ਇਕ ਸੰਤ ਮਹਾਤਮਾ ਨਾਲ ਆਏ ਤੇ ਓਹਨਾਂ ਮੇਰੀ ਤਲੀ ਤੇ ਦੋ ਸੇ ਟਿਕਾਯੇ ਨੇ। ਸੰਤਾਂ ਦੇ ਹੱਥ ਵਿਚ ਬਾਜ ਤੇ ਸਿਰ ਤੇ ਕਲਗੀ ਸੀ। ਓਹ ਨੀਲੇ ਘੋੜੇ ਤੇ ਸਵਾਰ ਸਨ। ਮੈਨੂੰ ਥਾਪਨਾ ਤੇ ਕ੍ਰਿਪਾਣ ਦੇ ਕੇ ਖਬਰੇ ਕਿਧਰ ਚਲੇ ਗਏ! ਮੇਰੀ ਨੀਂਦਰ ਓਸੇ ਵੇਲੇ ਦੀ ਉਟਕੀ ਹੋਈ ਏ। ਕੁਝ ਸਮਝ ਨਹੀਂ ਆਉਂਦਾ। ਤੁਸੀ ਸੋਚ ਕੇ ਵੇਰਵਾ ਖੋਲ੍ਹੋ।

ਦਲਸਿੰਘ-ਵਾਹ, ਵਾ! ਸਿੰਘ ਸਾਹਿਬ ਜੀ, ਆਪ ਤੇ ਸਤਿਗੁਰਾਂ ਦੀ ਬੜੀ ਕ੍ਰਿਪਾ ਦਾ ਪ੍ਰਕਾਸ਼ ਏ। ਸ੍ਰੀ ਕਲਗੀਧਰ ਵਲੋਂ ਆਪਨੂੰ ਬੜੇ ਰਾਜ ਦੀ ਆਸ ਹੈ। ਆਪਨੂੰ ਓਹਨਾਂ ਜੋ ਕ੍ਰਿਪਾਣ ਫੜਾਈ

ਏ, ਓਹ ਸਿੱਖੀ ਧਰਮ ਦੀ ਰਖਿਆ ਕਰਨ ਦੀ ਮਰਿਆਦ ਚਲਾਈ ਏ। ਸੁਨੋਂ:—

ਬਾਜਾਂ ਵਾਲੇ ਸੰਤ ਜਨ, ਸ੍ਰੀ ਕਲਗੀ ਧਰ ਮਹਾਰਾਜ ਨੇ।
ਚਿੜੀਆਂ ਤੋਂ ਮਰਵਾਏ, ਜਿਨ੍ਹਾਂ ਡਾਢੇ ਖ਼ੂਨੀ ਬਾਜ ਨੇ॥

(ਕਾਜ਼ੀ ਅਬਦੁਲ ਰੈਹਮਾਨ ਤੇ ਮੀਆਂ ਸ਼ਾਦੀ ਖ਼ਾਂ ਆਉਂਦੇ ਨੇ)

ਕਾਜ਼ੀ—ਸਾਹਬ ਸਲਾਮਤ, ਸਿੰਘ ਸਾਹਿਬ ਜੀ।

ਰੰਜੀਤ ਸਿੰਘ—ਸਾਹਬ ਸਲਾਮਤ, ਕਾਜ਼ੀ ਜੀ। ਏਹ ਥਾਂ ਪਵਿਤ੍ਰ ਕਰਨ ਦਾ ਵਿਚਾਰ ਕੀਕਨ ਆਯਾ?

ਕਾਜ਼ੀ—ਆਪਦਾ ਰਈਯਤ ਨਾਲ ਪ੍ਰੇਮ ਬਦੋਬਦੀ ਖਿੱਚ ਲਿਆਯਾ। ਸਿੰਘ ਸਾਹਿਬ ਜੀ [ਨਾਲਦੇ ਵਲ ਸੈਨਤ ਕਰਕੇ] ਏਹ ਮੀਆਂ ਸ਼ਾਦੀ ਖ਼ਾਂ ਲਾਹੌਰੋਂ ਆਯੇ ਨੇ (ਸ਼ਾਦੀਖਾਂਸਲਾਮਕਰਦਾ ਏ) ਆਪਦੇ ਨਾਂ ਪੈਂਚਾਂ ਦਾ ਸੁਨੇਹਾਂ ਲਿਆਏ ਨੇ।

ਰੰਜੀਤ ਸਿੰਘ—(ਦਿਲ ਵਿਚ) ਭਾਵੇਂ ਤੇ ਸੁਫਨਾ ਸੱਚ ਹੋਜਾਯੇ! (ਉਚੀ) ਪੈਂਚਾਂ ਨੇ ਯਾਦ ਕਰਨ ਦੀ ਬੜੀ ਕ੍ਰਿਪਾ ਕੀਤੀ ਏ। ਮੈਂ ਹਾਜ਼ਰ ਆਂ।

ਸ਼ਾਦੀਖਾਂ—ਜੇ ਪਲਕੁ ਇਕੱਲਵਾਂਝੇ ਬਹੀਯੇ, ਤੇ ਫੇਰ ਦਿਲਾਂ ਦੇ ਭੇਤ ਦੇਈਯੇ ਤ੍ਰੇ ਲਈਯੇ।

(ਅੰਦਰ ਜਾਂਦੇ ਨੇ। ਬਾਹਿਰ ਆਕੇ, ਰੰਜੀਤ ਸਿੰਘ)

ਹੈ ਹੁਕਮ ਕਰਤਾਰ ਦਾ, ਲਾਕੇ ਡਗਾ ਸਭ ਨੂੰ ਸੁਨਾਂ।
ਜੜ੍ਹ ਉਖੇੜਾਂ ਜ਼ੁਲਮ ਦੀ, ਮੈਂ ਧਰਮ ਦਾ ਬੂਟਾ ਲਗਾਂ।

ਨਿਆਂ ਦਾ ਤ੍ਰਕੱੜ ਚੜ੍ਹੇ, ਰਖਿਆ ਕਰੇ ਕਿਰਪਾਣ ਏਹ ।
ਸੁਖ ਤੇ ਸੰਪਤ ਦੀ ਨਦੀ, ਸਭ ਮੁਲਖ ਵਿਚ ਘਰ੍ਹ ਘਰ ਵਗਾਂ।
ਬਚਨ ਦੀ ਸਚਿਆਈ ਹੈ, ਸੋਹਣਾ ਜਿਲਾ ਦਿਲ ਸ਼ੀਸ਼ੇ ਤੇ ।
ਲਾਹ ਕੁਸੰਤ ਦੀ ਮੈਲ,ਦਿਲ ਖੱਲਕਤ ਦਾ ਉਦਯਾਚਲ ਬਨਾਂ।
ਜੋਉ ਆਯੇ ਨੂੰ,ਲਓ ਏਹ ਖਿਲਅਤ,ਇਕ ਨਿਸ਼ਾਨੀ ਪ੍ਰੀਤ ਦੀ।
ਜਾ ਦਿਓ ਸਭਨੂੰ ਤਸੱਲੀ, ਮੇਰੀ ਚੰਗੀ ਨੀਤ ਦੀ ।

(ਖਿਲਅਤ ਲੈਕੇ ਵਿਦਿਆ ਹੁੰਦੇ ਨੇ)

ਰੰਜੀਤ ਸਿੰਘ--ਸਰਦਾਰ ਦਲ ਸਿੰਘ ! ਤਿਆਰਾ ਸਜਾਓ, ਅਸੀ ਕਲ ਵਟਾਲੇ ਜਾਂਗੇ, ਤੇ ਅਪਨੀ ਚੋਨਵੀ ਫ਼ੌਜ ਵੀ ਨਾਲ ਲਿਜਾਂਗੇ ।

ਦਲ ਸਿੰਘ-ਬਹੁਤ ਹੱਛਾ, ਸਿੰਘ ਸਾਹਿਬ ਜੀ, ਫੌਜਾਂ ਤਿਆਰ ਬਰ ਤਿਆਰ ਨੇ ।

(ਪਰਦਾ ਗਿਰਦਾ ਏ)

ਰੂਪ—੪ । ਵਟਾਲੇ ਦਾ ਰਾਜਮਹੱਲ ।

(ਰਾਨੀ ਸਦਾ ਕੋਰ ਤੇ ਗੋਲੀਆਂ ਗੁਰਦਵਾਰਿਓਂ ਮੱਥਾ ਟੇਕਕੇ ਆਈਆਂ ਨੇ)

ਸਦਾ ਕੋਰ-ਤਾਬੇ ! ਅਜ ਭਾਈ ਗੁਰਮੁਖਸਿੰਘ ਦੀ ਕਥਾ ਦਾ ਬੜਾ ਈ ਅਨੰਦ ਆਯਾ । ਸੁਨਿਆਈ, ਭਾਈ ਮਨੀ ਸਿੰਘ ਤੇ ਤਾਰੂ ਸਿੰਘ ਕੇਡੇ ਜਤਿ ਸਤਿ ਵਾਲੇ ਤੇ ਕਰਨੀਆਂ ਵਾਲੇ ਸਿੱਖ ਹੋਏ ਨੇ ? ਤੇ ਓਹਨਾਂ ਕੇਡੇ ਜੋਰ ਨਾਲ ਸਿੱਖੀ ਸਾਧੀ ਏ ?

ਤਾਬੇ-ਮਾਈ ਜੀ, ਧੰਨ ਗੁਰੂ ਮਹਾਰਾਜ ਏ ! ਓਹਨਾਂ ਦਾ ਸਿਦਕ ਵੇਖਕੇ ਮੇਰੇ ਤੇ ਲੂੰ ਕੰਡੇ ਖਲੋ ਹੋ ਗਏ । ਪਰ ਸਾਰਿਆਂ ਤੋਂ ਵੱਧਕੇ ਮੈਨੂੰ ਤੇ ਬਾਬੇ ਅਟੱਲ ਹੋਰਾਂ ਦਾ ਪ੍ਰਸੰਗ ਡਾਢਾ ਈ

ਸੋਹਣਾ ਲੱਗਾ ਏ । ਸਦਕੇ ਜਾਈਏ ਗੁਰਾਂ ਦੇ, ਜਿਨ੍ਹਾਂ ਏਡੀ ਛੋਟੀ ਉਮਰਾਂ ਵਿਚ ਏਡੀ ਕਲਾ ਦੱਸੀ।

ਸਦਾਕੌਰ–ਤਾਬੋ, ਓਹ ਜੰਮਾਂਦਰੂ ਕਣੀਵਾਲੇ ਹੋਏ ਨੇ। ਸੁਨ ਖਾਂ, ਪਰਲਾਦ ਭਗਤ ਉਮਰੋਂ ਕੇਡੇ ਕੁ ਵੱਡੇ ਸਨ, ਜਿਹਨਾਂ ਏਡੇ ਹਰਨਾਕਸ਼ ਨੂੰ ਮਾਰਿਆ ? ਧ੍ਰੂਹ ਭਗਤ ਵੀ ਕੋਹੇ ਜਿਨੇ ਬਾਲ ਈ ਸਨ, ਜਿਹਨਾਂ ਦਾ ਨਾਂ ਅਜ ਤਕ ਸੰਸਾਰ ਵਿਚ ਲਿਆ ਜਾਂਦਾ ਏ। ਕ੍ਰਿਸ਼ਨ ਜੀ ਮਹਾਰਾਜ ਨੇ ਛੋਟੇ ਹੁੰਦਿਆਂ ਕੇਡੇ ਕੇਡੇ ਕੰਮ ਕੀਤੇ ਨੇ ? ਇਹ ਪਰਮੇਸ਼ਰ ਦਾ ਅਵਤਾਰ ਹੁੰਦੇ ਨੇ, ਜੇਹੜੇ ਵੇਲੇ ਕੁਵੇਲੇ ਮਹਾਰਾਜ ਦੇ ਘੱਲੇ ਹੋਏ ਸਾਨੂੰ ਸਿੱਖ ਮੱਤ ਦੇਨ ਆਉਂਦੇ ਨੇ।

ਤਾਬੋ–ਧੰਨ ਮਹਾਰਾਜ ਨੇ ! ਜਿਨ੍ਹਾਂ ਏਹੋ ਜਿਹੀਆ ਕਮਾਈਆਂ ਵਾਲੇ ਜੀ ਪਰਗਾਸ਼ੇ ਨੇ !

ਸਦਾਕੌਰ–ਏਹ ਕੀਰਤਨ ਕਰਨ ਵਾਲੇ ਰਾਗੀ ਕਦੋਂ ਆਏ ਨੇ ?

ਤਾਬੋ–ਮਾਈ ਜੀ, ਏਹਨਾਂ ਨੂੰ ਆਇਆਂ ਤੇ ਅਜ ਸਾਤਾ ਹੋ ਰਿਹਾ ਏ। ਪਰਸੋਂ ਦੇਟ ਵਲੋਂ ਆਏ ਨੇ। ਅਜ ਮੰਗਾਂਦ ਕਰਕੇ ਠਹਿਰ ਗਏ ਸਨ, ਨਹੀਂ ਤੇ ਕਦੋਂ ਕਦੇ ਚਲੇ ਜਾਣਾ ਸਾਨੇ।

ਸਦਾਕੌਰ–ਹਛਾ, ਏਹਨਾਂ ਨੂੰ ਆਖ ਛੋੜੋ, ਕਿ ਕੱਲ ਤੋਂ ਸਾਡੇ ਠਹਿਰਨ। ਤੇ ਮਹਿਲਾਂ ਵਿਚ ਕੀਰਤਨ ਕਰਨ। ਓਹਨਾਂ ਦੇ ਸ਼ਬਦ ਸੁਨਕੇ ਅਜ ਚਿੱਤ ਨੂੰ ਬੜੀ ਸ਼ਾਂਤ ਹੋਈ ਏ।

ਤਾਬੋ–ਬਹੁਤ ਹੱਛਾ ਮਾਈ ਜੀ, ਮੈਂ ਹੁਨੇ ਤੁਹਾਡਾ ਸੁਨੇਹਾ ਪਚਾਦਿਆਂਗੀ।

ਸਦਾਕੌਰ–ਲਾਂਗਰੀ ਨੂੰ ਕਹਿ ਦੇ, ਕਿ ਅਜ ਤੋਂ ਚਾਰ ਰਸਦਾਂ ਜੀਆਂ ਸੇਤੀ ਦੁਵੇਲੇ ਰਾਗੀਆਂ ਨੂੰ ਦਿੱਤੀਆਂ ਜਾਨ।

ਤਾਂਬੋ–ਬਹੁਤ ਹੱਛਾ, ਮਾਈ ਜੀ।

(ਦੋ ਸਾਧੂ ਚਿਮਟਾ ਵਜਾਂਦੇ ਤੇ ਗਾਉਂਦੇ ਆਉਂਦੇ ਨੇ)

ਸੁਨ ਲਓ ਮੁਸਾਫ਼ਰੀ ਲੋਕੋ। ਏਹ ਦੁਨੀਆਂ ਚਾਰ ਦਿਹਾੜੇ।
ਦੁਨੀਆਂ ਚਾਰ ਦਿਹਾੜੇ। ਕਜ਼ਾ ਚੰਗੇ ਤੇ ਕਜ਼ਾ ਮਾੜੇ।
ਰਾਜੇ ਰਾਣੇ ਜੋਧੇ ਜੰਗੀ। ਕੜਕ ਦੜਕ ਸੰਗ ਫੌਜ ਭੁਜੰਗੀ।
ਮਲ ਦੱਲ ... ਕਾਲ ਲਤਾੜੇ। ਇਹ ਦੁਨੀਆਂ ਚਾਰ ਦਿਹਾੜੇ।
ਰਹਿਮੀ ... ਧਰਮ ਕੁਮੱਤਾ। ਵੀਰ ਕਰਮ ਜੱਸ ਕੀਰਤ ਸੱਤਾ।
ਜਦ ਡਿੱਠਾ ਨੈਨ ਉਘਾੜੇ। ਇਹ ਦੁਨੀਆਂ ਚਾਰ ਦਿਹਾੜੇ।
ਸੋਭਾ ਜੀਵਨ ਦੇ ਮਰਣ ਕੁਸੋਭਾ। ਬਿਨ ਸੋਭਾ ਦੇ ਬਾ ਸਭ ਖੋਭਾ।
ਸਬ ਠਾਠ ਦਿਲਾਂ ਦੇ ਮਾੜੇ। ਇਹ ਦੁਨੀਆਂ ਚਾਰ ਦਿਹਾੜੇ।

ਆਲੱਖ! ਆਲੱਖ! ਭਗਵਾਨ ਕਲਿਆਨ ਕਰੇ। ਮਾਈ ਜੀ, ਸਾਧੂ ਭਿਛਿਆ ਨੂੰ ਆਏ ਨੇ।

ਸਦਾਕੌਰ–ਬਾਵਾ ਜੀ, ਕਿਨੀਆਂ ਮੂਰਤਾਂ ਓ?

ਸਾਧੂ–ਮਾਈ ਜੀ, ਬੀਸ ਮੂਰਤਾਂ ਰਿਖੀਕੇਸ਼ ਦੀ ਜਾਤਾ ਨੂੰ ਜਾ ਰਹੀਆਂ ਨੇ।

ਸਦਾਕੌਰ–ਤਾਬੋ ਦੋ ਦਿਨਾਂ ਦੀ ਰਸਦ ਭਿਜਵਾਦੇ।

ਤਾਬੋ–ਬਹੁਤ ਹਛਾ, ਮਾਈ ਜੀ। (ਜਾਂਦੀ ਏ)

ਕਿਲੇਦਾਰ(ਅੰਦਰ ਆਕੇ) ਮਾਈ ਜੀ, ਵੈਨੇ 'ਤੋਂ ਖਬਰ ਆਈ ਏ ਕਿ ਸੁਜਾਨਪੁਰੀਆਂ ਵੇਰ ਕਈ ਪਿੰਡੀਂ ਮਾਰਧਾੜ ਕੀਤੀ ਏ।

ਸਦਾਕੌਰ--ਹੱਲਾ, ਸੰਗਤ ਸਿੰਘ ਬੜਾ ਭੂਏ ਚੜ੍ਹਿਆ ਏ ! ਨਵੇਂ ਸੂਰਜ ਨਵੀਆਂ ਛੇੜਾਂ ਛੇੜਦਾ ਏ। ਮੈਂ ਏਹਦੀ ਛਿੱੜਮ ਭੰਨਾਂਗੀ, ਪਰ ਜਰਾ ਕੁ ਜੰਬ ਜਾਏ। ਦੇਮ ਸਿੰਘ ਨੂੰ ਕਹੋ ਕਿ ਨਿਧਾਨ ਸਿੰਘ ਨਾਲ ਜਾਏ, ਤੇ ਓਹਨੂੰ ਚੰਗੀ ਤਰਾਂ ਹੋਸ਼ ਕਰਾਏ।

(ਕਿਲੇ ਦਾਰ ਚਲਾ ਜਾਂਦਾਏ)

ਗੋਲੀ--(ਭੱਜੀ ਭੱਜੀ ਆ ਕੇ)ਮਾਈ ਜੀ ! ਮਾਈ ਜੀ! ਤੁਹਾਡਾ ਤ੍ਰਆਛੂ ਆਯਾ ਏ !

ਸਦਾਕੌਰ--ਹੱਛਾ, ਜੰਮ ਜੰਮ ਆਵੇ। ਖੈਰੀਂ ਮੇਹਰੀਂ ਆਵੇ !

ਰੰਜੀਤਸਿੰਘ--(ਅੰਦਰ ਆਕੇ)ਬੇਬੇ ਜੀ, ਮੱਥਾ ਟੇਕਨਾਂ।

ਸਦਾਕੌਰ--ਜੀਉਂਦਾ ਰਹੋ, ਜਵਾਨੀ ਮਾਨ। ਅੱਖੀਂ ਸੁਖ ਤੇ ਘਰ ਦੀ ਸ਼ਾਨ ! ਆ ਰੰਜੀਤ ਸਿੰਘਾ ਮੱਲਾ, ਤੂੰ ਕਿਥੋਂ ?

ਰੰਜੀਤ ਸਿੰਘ--ਦਿਲ ਵਿਚ ਆਈ ਸੀ, ਕਿ ਬੇਬੇ ਹੋਰਾਂ ਨੂੰ ਮਿਲ ਆਈਯੇ।

ਸਦਾਕੌਰ--ਨਾਲ ਹੋਰ ਕੌਨ ਈ ?

ਰੰਜੀਤ ਸਿੰਘ--ਸਭ ਡੇਰਾ ਡੰਡਾ ਨਾਲ ਏ।

ਸਦਾਕੌਰ--ਵੇ ਕਿਤੇ ਭਾਜੜ ਕਰ ਚੱਲਿਆ ਏਂ ? ਉਧਾਲ ਵੰਣ ਵਾਂਗਰ ਤੇਨੂੰ ਵੀ ਕਿਤੇ ਚਓ ਨਹੀਂ ਆਉਂਦਾ।

ਰੰਜੀਤ ਸਿੰਘ--ਅਜੇ ਤੇ ਉਧਾਲ ਈ ਆਂ। ਜੇ ਵਾਹਗੁਰੂ ਕਿਤੇ ਟਿਕਾਨਾ ਬਨਾਯਾ ਤੇ ਚਓ ਵੀ ਆਜਾਏਗਾ।

ਸਦਾਕੌਰ-ਮਾਂ ਦੇ ਝੋਰੇ ਨਾਲ ਮੁੰਡਾ ਅੱਧਾ ਹੋ ਗਿਆ ਏ ! ਘਰ ਦਿਲ ਨਹੀਂ ਸੂ ਲੱਗਦਾ।

ਰੰਜੀਤ ਸਿੰਘ-ਜਿਹਨਾਂ ਦੇ ਘਰ ਘਾਟ ਨਹੀਂ ਹੁੰਦੇ, ਉਨ੍ਹਾਂ ਦੇ ਦਿਲ ਕੀਕਨ ਲੱਗਣ !

ਸਦਾ ਕੌਰ-ਸੁਣਾ, ਕੋਈ ਨਵੀਂ ਗੱਲ ?

ਰੰਜੀਤ ਸਿੰਘ-ਇੱਕ ਨਵੀਂ ਗੱਲ ਈ ਸੁਣਾਨ ਆਯਾ ਵਾਂ।

ਸਦਾ ਕੌਰ-ਫੇਰ, ਅੰਦਰ ਚਲੀਯੇ ? (ਗੋਲੀ ਨੂੰ) ਨੀ, ਪ੍ਰੇਮੀਯੇ! ਨੀ, ਪ੍ਰੇਮੀਯੇ ! ਜਾ, ਅੰਦਰਲਾ ਦੀਵਾਨ ਖੋਲ੍ਹ ਦੇ।

ਪ੍ਰੇਮੀ-ਜੁਆਈ ਨੂੰ ਵੇਖ ਕੇ ਮਾਈ ਨੂੰ ਸੁੱਧ ਬੁੱਧ ਨਹੀਂ ਰਹਿੰਦੀ।

ਸਦਾ ਕੌਰ-ਨੀ, ਪ੍ਰੇਮੇ ! ਚੁੜੇਲੇ, ਸੁਣਨੀ ਏਂ ? ਜਾ, ਦੀਵਾਨ ਖੋਲ੍ਹ ਦੇ।

ਪ੍ਰੇਮੀ-(ਮੂੰਹ ਵਿਚ) ਵੇਖਾਂ, ਕੀਕਨ ਬੜ੍ਹਕਾਂ ਮਾਰਦੀ ਏ !

ਸਦਾ ਕੌਰ-ਨੀ, ਗਾਲਜੇ, ਫੇਰ ਗੱਲਾਂ ਕਰ ਲਈਂ।

ਪ੍ਰੇਮੀ-(ਉਠਕੇ) ਮਾਈ ਜੀ, ਜਰਾ ਮੈਨੂੰ ਜਵਾਤ੍ਰੇ ਦਾ ਦਰਸ਼ਨ ਤੇ ਕਰ ਲੈਣ ਦਿਓ ! ਸੁਖ ਨਾਲ ਬੀਬੀ ਹੋਰਾਂ ਨੂੰ ਲੈਣ ਆਏ ਹੋਣਗੇ ?

ਸਦਾ ਕੌਰ-ਹੇ ਸਿਰਸੜੀ ਅਪਨੀ ਖੋਓਂ ਭੌਂਦੀ ? ਨੀ, ਟਰਪੱਲੋ ! ਜਾ ਦੀਵਾਨ ਖੋਲ੍ਹ ਦੇ।

ਪ੍ਰੇਮੀ-ਮਾਈ ਜੀ, ਧੀਆਂ ਰੱਬਾ ਅਪਨੇ ਘਰੀਂ ਈ ਵੱਸਨ ਰੱਸਨ ! ਉਹੋ ਮੋਹਢੰਡਾਓਨੇ ਹੋਨ !

ਸਦਾ ਕੌਰ-ਨੀ, ਆਵੀਂ, ਨੀ ਤਾਬੋ ! ਏਹਦਾ ਸਿਰ ਸਾੜੀਂ। ਏਹ ਸ਼ੁਪਲੋ ਅਪਨੀਆਂ ਘੁਮਲੀਆਂ ਮਾਰੀ ਜਾਂਦੀ ਏ।

(ਤਾਬੋ ਆਉਂਦੀ ਏ)

ਭਾਬੋ- ਮਾਈ ਜੀ, ਏਹ ਅਪਨੇਂ ਮਤਲਬ ਦੀ ਪੂਰੀ ਏ! ਏਹਨੂੰ ਤੇ ਹੱਸ ਦੀ ਲਗਣ ਲਗੀ ਹੋਈ ਏ। ਬੀਬੀ ਹੋਰਾਂ ਕਹਿਆ ਸੀ ਨ, ਕਿ ਜਦੋਂ ਮੈਂ ਜਾਂਗੀ ਤੈਨੂੰ ਇਕ ਹੱਸ ਤੇ ਸੁੱਚਾ ਜੋੜਾ ਪੁਆਂਗੀ?

ਰੰਜੀਤ ਸਿੰਘ-ਪ੍ਰੇਮੀਏ, ਕਾਹਦਾ ਹੱਸ ਲੈਣਾ ਈ? ਚਾਂਦੀ ਦਾ, ਕਿ ਸੋਨੇ ਦਾ? ਆ ਤੈਨੂੰ ਮੈਂ ਹੱਸ ਦਿਆਂ (੫੦ ਰੁਪਯੇ ਕਢ ਕੇ ਦੇਂਦਾ ਏ) ਲੈ, ਹੱਸ ਬਨਵਾ ਲਈਂ?

ਸਦਾ ਕੌਰ-ਦਫਾ ਕਰ ਸੂ! ਏਹਨੂੰ ਗਲ ਨ ਪਾ। ਏਹ ਛਿੱੜ ਪਏ ਤੇ ਫੇਰ ਮਗਰੋਂ ਈ ਨਹੀਂ ਲਹਿੰਦੀ। ਸਿਰਮੁੰਨੀ, ਅਪਨੀਆਂ ਮਾਰੀ ਜਾਂਦੀ ਏ।

ਪ੍ਰੇਮੀ-ਜੀਊ, ਜਾਗ, ਜਵਾਨੀਆਂ ਮਾਨ। ਮੱਥੇ ਦਾ ਭਾਗ-ਕਲੈ ਜੇ ਠੰਢ। ਮਾਈ ਹੋਰੀ ਤੇ ਉੱਕਾ ਬੋਲਨ ਈ ਨਹੀਂ ਦੇਂਦੇ। ਵੇਖਾਂ, ਸਾਡਾ ਜੁਵਾਣੂ। ਸੁੱਖੀ ਲੱਧਾ, ਕਹੀਆਂ ਸੋਹਣੀਆਂ ਗੱਲਾਂ ਕਰਦਾ ਏ!

ਸਦਾ ਕੌਰ-ਚਲ ਰੱਦ ਹੋ! ਦੂਰ ਹੋ, ਅੱਖਾਂ ਤੋਂ। ਗੱਲਾਂ ਪਿੱਟੀ।

[ਦੀਵਾਨ ਖੁਲ ਪੈਂਦਾ ਏ]

[ਸੱਸ ਨੂੰਆਈ ਅੰਦਰ ਜਾਂਦੇ ਨੇ। ਪਰਦਾ ਡਿਗਦਾ ਏ ਤੇ ਫੇਰ ਚੁੱਕਿਆ ਜਾਂਦਾ ਏ]

ਰੰਜੀਤ ਸਿੰਘ-(ਅੰਦਰ ਬੈਠਾ ਹੋਯਾ) ਬੇਬੇ ਜੀ, ਲਾਹੌਰ ਦੇ ਲੋਕ ਭੰਗੀਆਂ ਦੇ ਹੱਥੋਂ ਡਾਢੇ ਅਵਾਜ਼ਾਰ ਨੇ, ਤ ਓਹਨਾਂ ਨੂੰ ਕੱਢਨ ਤੇ ਮੇਰਾ ਝੰਡਾ ਗੱਡਨ ਨੂੰ ਤਿਆਰ ਬਰ ਤਿਆਰ ਨੇ। ਜੇ ਤੁਸੀ ਅਪਨੀ ਫੌਜ ਮੇਰੇ ਨਾਲ ਘਲੋ, ਤੇ ਇਕ ਦੋ ਦਿਨਾਂ ਲਈ ਆਪ ਵੀ ਚਲੋ, ਤਦ ਲਾਹੌਰ ਹੱਥ ਆ ਜਾਂਦਾ ਏ।

ਸਦਾਕੌਰ–ਜ਼ੰਮ,ਜ਼ੰਮ ! ਜੀਉ ਸਦਕੇ ! ਮੈਂ ਆਪ ਤੇਰੇ ਨਾਲ ਜਾਂਗੀ, ਤੇ ਫੌਜ ਵੀ ਨਾਲ ਲਿਜਾਂਗੀ।

ਰੰਜੀਤ ਸਿੰਘ–ਹਕੀਮ ਹਾਕਮਰਾਯ ਤੇ ਚੌਧਰੀ ਮੁਹੰਮਦ-ਆਸ਼ਿਕ ਦੀ ਚਿੱਠੀ ਆਈ ਏ। ਕਾਜ਼ੀ ਅਬਦਲ ਰਹਿਮਾਨ ਨੇ ਸਭ ਪੱਕੀ ਪਕਾਈ ਏ। ਤੇ ਮੇਹਰ ਮੋਹਕਮ ਦੀਨ ਵੀ ਓਹਨਾਂ ਦਾ ਮਦਦਗਾਰ ਤੇ ਸਹਾਈ ਏ।

ਸਦਾਕੌਰ–ਅਕਾਲ ਪੁਰਖ ਨੇ ਏਹ ਸਭ ਬਿੱਧ ਆਪੇ ਮਿਲਾਈ ਏ। ਕਿਸੇ ਵੇਲੇ ਕੁਵੇਲੇ ਦੀ ਕੀਤੀ, ਤੇਰੇ ਅੱਗੇ ਆਈ ਏ।

ਰੰਜੀਤ ਸਿੰਘ–ਫੇਰ, ਫੌਜ ਨੂੰ ਤਿਆਰੀ ਦਾ ਹੁਕਮ ਦਿਓ। ਕੱਲ ਏਥੋਂ ਟੁਰਕੇ ਅਟਾਰੀ ਡੇਰਾ ਲਾਈਯੇ, ਤੇ ਪਰਸੋਂ ਲਾਹੌਰ ਜਾ ਢੋਲ ਖੜਕਾਈਯੇ।

ਸਦਾਕੌਰ–ਚੰਗਾ, ਵਾਹਵਾ। [ਪਰਦਾ]

ਰੂਪ–੫। ਵਜ਼ੀਰ ਖਾਂ ਦਾ ਬਾਗ।

ਰੰਜੀਤ ਸਿੰਘ–ਬੇਬੇ ਜੀ, ਹੁਨ ਕੀ ਢੌਲ ਕਰੀਯੇ ?

ਸਦਾਕੌਰ–ਮੱਲਾ, ਪਹਿਲੇ ਪਤਾ ਨੀਵਾਂ ਕਰ, ਤੇ ਫੇਰ ਪੈਰ ਅੱਗੇ ਧਰ।

ਰੰਜੀਤ ਸਿੰਘ–(ਕਿਸੇ ਆਉਂਦੇ ਨੂੰ ਦੇਖ ਕੇ) ਅਹੁ ਵੇਖਾਂ ! ਕੋਈ ਲਾਹੌਰ ਦਾ ਪੈਂਚ ਆਯਾ ਏ ! (ਮੁਹੰਮਦ ਆਸ਼ਿਕ ਆਉਂਦਾ ਏ)

ਮੁਹੰਮਦ ਆਸ਼ਿਕ–ਸਿੰਘ ਸਾਹਿਬ ਜੀ ! ਫਤੇ ਆਹਨੇਂ ਆਂ।

ਰੰਜੀਤ ਸਿੰਘ–ਆਓ, ਚੌਧਰੀ ਜੀ, ਕੀਕਨ ਆਯੇ ?

ਮੁਹੰਮਦ ਆਸ਼ਿਕ–ਸਿੰਘ ਸਾਹਿਬ ਜੀ, ਮੈਨੂੰ ਹਕੀਮ ਹੋਰਾਂ ਘੱਲਿਆ ਏ।

ਰੰਜੀਤ ਸਿੰਘ–(ਪਰੇ ਲਿਜਾ ਕੇ) ਹਛਾ, ਕੀਕਨ ਡੌਲ ਬਨਾਈ ਜੇ ?

ਮੁਹੰਮਦ ਆਸ਼ਿਕ–ਸਿੰਘ ਸਾਹਿਬ ਜੀ, ਯੱਕੀ ਦਰਵਾਜੇ ਦੀ ਕੰਧ ਢ੍ਹਾਹ ਢੂਹ ਕੇ ਅੜਾ ਤੜਾ ਛਡੀ ਏ। ਤੇ ਏਹ ਜੁਗਤ ਘੜੀ ਏ, ਕਿ ਤੁਸੀ ਮਲਕੜੇ ਓਧਰੋਂ ਦੀ ਹੋ ਕੇ ਸਿਧੇ ਸ਼ੈਹਰ ਆ ਵੜੋ।

ਰੰਜੀਤ ਸਿੰਘ–ਨਹੀਂ, ਚੌਧਰੀ ਜੀ, ਮੇਰੇ ਨਾਲ ਤੇ ਏਹ ਨੇਮ ਸੀ ਕਿ ਲੁਹਾਰੀ ਦਰਵਾਜਾ ਖੋਲ੍ਹਿਆ ਜਾਏਗਾ। ਸੁਨੋ–

ਨੇਮ ਦੀ ਬੱਧੀ ਜਿੱਮੀਂ, ਤੇ ਨੇਮ ਦਾ ਅਸਮਾਨ ਹੈ।
ਨੇਮ ਦਾ ਝੂਠਾ ਜੋ ਹੈ, ਬੰਦਾ ਨਹੀਂ ਸ਼ੈਤਾਨ ਹੈ।

ਤੁਸੀ ਅਪਨੇ ਨੇਮ ਤੇ ਪੂਰਣਾ ਪਾਓ।

ਮੁਹੰਮਦ ਆਸ਼ਿਕ–ਸਿੰਘ ਸਾਹਿਬ ਜੀ, ਓਹ ਰਾਹ ਡਾਢਾ ਸੌਹਨਾ ਏ। ਨ ਕਿਸੇ ਨੂੰ ਚਿੱਤ ਏ, ਨ ਚੇਤਾ, ਤੇ ਨ ਕਿਸੇ ਅੜਕੇ ਖਲੋਨਾ ਏ।

ਰੰਜੀਤ ਸਿੰਘ–ਨਹੀਂ, ਚੌਧਰੀ ਜੀ, ਅਪਨੇ ਠੁੱਕ ਤੇ ਰਹਿਨਾ ਠੀਕ ਏ। ਮੈਹਰ ਹੋਰਾਂ ਨੂੰ ਕਹਿ ਦਿਓ ਕਿ ਅਪਨਾ ਨੇਮ ਪਛਾਨਨ।

ਮੁਹੰਮਦ ਆਸ਼ਿਕ–ਹਛਾ, ਸਿੰਘ ਸਾਹਿਬ ਜੀ, ਸੁਰ ਮਿਲਾ ਕੇ ਫੇਰ ਪਤਾ ਘੱਲਾਂਗੇ।

ਰੰਜੀਤ ਸਿੰਘ–ਸੁਰ ਈਹੋ ਮਿਲੇ, ਕਿ ਲੁਹਾਰੀ ਦਾ ਬੂਹਾ ਖੋਲ੍ਹਿਆ ਜਾਵੇ। (ਮੁਹੰਮਦ ਆਸ਼ਿਕ ਜਾਂਦਾ ਹੈ)

ਸਢਾਕਰ-ਮੱਲਾ, ਸੁਨ ਮੇਰੀ ਗਲ।

ਬਾਜ਼ੀ ਲਈਯੇ ਅਕਲ ਤੇਂ, ਕਿਓਂ ਤੇਗ ਚਲਾਨੀ।
ਘਰ ਵੈਰੀ ਦਾ ਪਾੜੀਯੇ, ਕਰ ਸਾਥ ਮਿਲਾਨੀ।
ਮਾਯਾ ਜਾਲ ਖਿਲਾਰੀਯੇ, ਵਿਚ ਮਰਦ ਜਨਾਨੀ।
ਸਾਰ ਗਵਾਈਯੇ ਸਾੜ ਕੇ, ਦੁਬਤਾ ਦੀ ਢਾਣੀ।
ਕਿਧਰੇ ਨਾਲ ਗਵਾਂਢੀਆਂ, ਚਾ ਛੇੜ ਛਿੜਾਨੀ।
ਕਿਧਰੇ ਬਨ ਕੇ ਮਦਲਿਆਂ, ਗੱਲ ਗਿੱਟੇ ਲਾਣੀ।
ਪਿਛੋਂ ਮੁੜ ਚਾ ਟੁੰਬੀਯੇ, ਵਿਚ ਕੇਡੇ ਪਾਨੀ।
ਜੁਗਤੋਂ ਵੈਰੀ ਸਾਧੀਯੇ, ਏਹ ਮੱਤ ਸਿਆਨੀ।

ਤੂੰ ਫੌਜ ਲੈਕੇ ਲੁਹਾਰੀ ਨੂੰ ਹੋ, ਤੇ ਵੈਰੀ ਨੂੰ ਅਕਲ ਨਾਲ ਟੋਹ।

ਰੰਜੀਤ ਸਿੰਘ-ਸਰਦਾਰ ਦਲ ਸਿੰਘ ਜੀ, ਲੁਹਾਰੀ ਦਰਵਾਜ਼ੇ ਤੇ ਤਿਅਰਾ ਸਜਾਓ। [ਹਲਕਾਰਾ ਆਉਂਦਾ ਏ]

ਹਲਕਾਰਾ-ਸਿੰਘ ਸਾਹਿਬ ਜੀ, ਸ਼ੇਹਰ ਦੀਆਂ ਫੌਜਾਂ ਲੁਹਾਰੀਓਂ ਨਿਕਲ ਕੇ ਲੜਨ ਨੂੰ ਤਿਆਰ ਖਲੀਆਂ ਨੇ।

ਰੰਜੀਤ ਸਿੰਘ-ਵਾਹ ਵਾ! ਏਹ ਤੇ ਆਪੇ ਚਾ ਸਤਗੁਰਾਂ ਨੇ ਬਿੱਧ ਮਿਲਾਈ! ਹੁਨ ਫਤੇ ਦਾ ਕਾਹਦਾ ਭਰਮ ਏ! ਜਦ ਵਾਹਿਗੁਰੂ ਸੱਪ ਦੀ ਮੌਤ ਨੇੜੇ ਲਿਆਉਂਦਾ ਏ। ਓਹਨੂੰ ਖੁੱਡੋਂ ਕੱਢ ਕੇ ਰਾਹ ਵਿਚ ਚਾ ਬਹਾਉਂਦਾ ਏ। ਜਦ ਪਾਪੀ ਦਾ ਅੰਤ ਨੇੜੇ ਆਉਂਦਾ ਏ। ਤਦ ਓਹਦੇ ਹਥੋਂ ਆਪੇ ਪਿਆ ਅਨਹੋਣੀਆਂ ਕਰਾਉਂਦਾ ਏ। ਵਾਹਿਗੁਰੂ ਦੇ ਰਾਹ ਨਿਆਰੇ ਨੇ!

ਜੇ ਘੁਰਣਾ ਛੱਡ ਕੇ ਗਿੱਦੜ, ਆ ਟੱਕਰ ਸ਼ੇਰ ਨੂੰ ਲਾਵੇ।
ਓਹ ਮੂਰਖ ਇਸ ਉਚਾਟੀ ਦਾ, ਨ ਚੰਗਾ ਫਲ ਕਦੀ ਪਾਵੇ।
ਚਲੋ, ਫੌਜਾਂ ਰੋੜ੍ਹ ਦਿਓ।

ਫੱਲ ਸਿੰਘ-ਸਤਿ ਬਚਨ, ਸਿੰਘ ਸਾਹਿਬ ਜੀ।

[ਫੌਜਾਂ ਕੂਚ ਕਰਦੀਆਂ ਨੇ]

ਰੂਪ-੬। ਲੁਹਾਰੀ ਦਰਵਾਜ਼ੇ ਦਾ ਬੂਹਾ।

ਰੰਜੀਤਸਿੰਘ ਦੀ ਤੇ ਸ਼ਹਰੀ ਫੌਜ ਦੀ ਲੜਾਈ। ਪੰਜ ਜੁਆਨ ਮਰਨ ਤੇ ਸ਼ੈਹਰੀ ਫੌਜ ਅੰਦਰ ਨੂੰ ਭਜ ਜਾਂਦੀ ਏ।

ਰੰਜੀਤ ਸਿੰਘ-ਜੰਬੂਰਕਾਂ ਦਾ ਮੋਰਚਾ ਜੋੜੋ, ਤੇ ਸ਼ੈਹਰ ਦਾ ਬੂਹਾ ਹੁਣੇ ਤੋੜੋ। (ਕਿਸੇ ਆਉਂਦੇ ਵਲ ਵੇਖ ਕੇ) ਠਹਿਰੋ, ਅਹੁ ਕੌਣ ਆਯਾ ਏ।

ਆਦਮੀ-(ਕੋਲ ਆ ਕੇ)ਸਰਕਾਰ! ਸਲਾਮ।

ਰੰਜੀਤ ਸਿੰਘ-ਸਲਾਮ, ਭਈ ਮੀਆਂ, ਕਿਥੋਂ ਆਯਾ ਏਂ?

ਆਦਮੀ-ਸਰਕਾਰ, ਰਤਾ ਕੂ ਨਵੇਕਲੇ ਹੋ ਕੇ ਗੱਲ ਸੁਨ ਲਓ।

ਰੰਜੀਤ ਸਿੰਘ-ਆ, ਸੁਨਾ। (ਵੱਖਰਾ ਲੈ ਜਾਂਦਾ ਏ)

ਆਦਮੀ-ਹਕੀਮ ਹੋਰਾਂ, ਕਹਿਆ ਏ, ਕਿ ਕੱਲ ਭੱਤੇ ਵੇਲੇ ਚੌਣਵੇਂ ਆਦਮੀ ਲੈ ਕੇ ਲੁਹਾਰੀਓਂ ਬਾਹਰ ਆ ਜਾਨਾ। ਤੁਹਾਨੂੰ ਬੂਹਾ ਲਾਹਿਆ ਜਾਯੇਗਾ। ਹੁਨ ਤੁਸੀ ਆਰਾਮ ਕਰੋ।

ਰੰਜੀਤ ਸਿੰਘ-ਚੰਗਾ, ਵਾਹਵਾ! ਸਾਡੇ ਵਲੋਂ ਸਾਰਿਆਂ ਨੂੰ ਫ਼ਤੇ ਕਹਿਣੀ। (ਪਰਦਾ ਗਿਰਦਾ ਏ)

ਰੂਪ—੭। ਲੰਡੇ ਮੰਡੀ ਦਾ ਮਦਾਨ।

(ਸਰਦਾਰ ਚੇਤ ਸਿੰਘ, ਸੋਭਾ ਸਿੰਘ ਤੇ ਮੋਹਰ ਸਿੰਘ ਆਉਂਦੇ ਨੇ)

ਸੋਭਾ ਸਿੰਘ—ਚੇਤ ਸਿੰਘ ਜੀ, ਹੁਨ ਲਾਹੌਰ ਦਾ ਕੀਕਨ ਛੁਟਕਾਰ ਏ ?

ਚੇਤ ਸਿੰਘ—ਜੇ ਬੂਹੇ ਪੱਕੇ ਰਖੋ ਤੇ ਫੇਰ ਬੇੜਾ ਪਾਰ ਏ।

ਮੋਹਰ ਸਿੰਘ—ਮੈਂ ਆਹਨਾਂ, ਜੇ ਘੁੱਟ ਘੁੱਟ ਛੱਕ ਲਓ ਤੇ ਫੇਰ ਖਾਲਸਾ ਤਿਆਰ ਏ। (ਦੋ ਛਾਬੜੀ ਵਾਲੇ ਆਉਂਦੇ ਨੇ)

ਪਕੌੜਿਆਂ ਵਾਲਾ—ਪਕੌੜੇ-ਮਸਾਲੇਦਾਰ-ਪਕੌੜੇ। ਆਓ ਚੱਟ ਪਟਿਆਂ ਦੇ ਖਾਨ ਵਾਲੇ।

ਪਾਪੜਾਂ ਵਾਲਾ—(ਆ ਕੇ)ਪਾ-ਪੜ। ਗਰਮਾ ਗਰਮ ਪਾ-ਪੜ। ਆਓ ਮਸਾਲਿਆਂ ਵਾਲੇ ਪਾ-ਪੜ।

ਪਹਿਲਾ—(ਛਾਬੜੀ ਰੱਖ ਕੇ)

ਆ ਜਾਓ, ਖਾਨ ਪੀਣ ਦੇ ਪਿਆਰੇ।
ਲਿਆਂਦੇ ਗਰਮਾ ਗਰਮ ਕਰਾਰੇ।

ਖਾਨ ਪਕੌੜੇ ਯੋਧੇ ਬੀਰ,
ਕੱਸਨ ਖੰਡੇ ਫੜਨ ਰੀਝੀਰ।
ਪਾਂਦੇ ਮੁਲਖਾਂ ਵਿਚ ਵਹੀਰ,
ਮਾਰ ਮੁਕਾਂਦੇ ਭੇੜੇ ਕੀਰ।
ਵਾਹਵਾ, ਚੱਟ ਪਟਿਆਂ ਦਾ ਸੁਆਦ।
ਆਵੇ ਕ੍ਰਿਸ਼ਨ ਮੁਰਾਰੀ ਯਾਦ ॥

ਦੂਜਾ—ਪਾਪੜ ਖਾ ਗੁੱਜਰ ਸਿੰਘ ਛੰਗੀ।
ਮੋਛਾ ਸਿੰਘ ਲਹਿਣਾ ਸਿੰਘ ਜੰਗੀ।
ਚਾੜ੍ਹ ਲਿਆਯੇ ਫੌਜ ਭੁਜੰਗੀ।
ਘੂਕ ਵਿਖਾ ਗਏ ਡਾਢੀ ਢੰਗੀ।
ਲੋਕੋ ਗਰਮਾ ਗਰਮ ਬਨਾਯੇ।
ਇਸ ਵਿਚ ਤੇਜ ਮਸਾਲੇ ਪਾਏ।
ਪਹਿਲਾ—ਖਾਹਦੇ ਜੱਸਾ ਸਿੰਘ ਪਕੌੜੇ।
ਹਿੰਮਤ ਵਾਲੇ ਦਿਲੋਂ ਨ ਸੌੜੇ।
ਦੇਸ ਨਿਵਾਯੇ ਲੰਮੇ ਦੌੜੇ,
ਦੁਸ਼ਮਨ ਖਾ ਖਾ ਮਾਰਾਂ ਦੌੜੇ।
ਮੁੰਡਿਆ, ਲੈ ਦਮੜੀ ਦੇ ਪਾ।
ਕੁੜੀਯੇ ਲੈ ਕੇ ਘਰ ਨੂੰ ਜਾ॥
ਦੂਜਾ—ਪਾਪੜ ਖਾਂਦੀ ਰਾਣੀ ਵੱਡੀ।
ਜਿਸ ਨੇ ਮਾਣੀ ਰੋਜੀ ਕੱਢੀ।
ਪਾਪੜ ਵਾਲੇ ਭਰ ਲਈ ਗੱਡੀ।
ਲੋਕਾਂ ਤਲੀ ਲੈਨ ਨੂੰ ਟੱਡੀ।
ਦਮੜੀ ਇਕ ਤੇ ਪਾਪੜ ਚਾਰ।
ਸੌਦਾ ਕਰਨਾ ਨਹੀਂ ਉਧਾਰ।
ਪਹਿਲਾ—ਖਾਨ ਪਕੌੜੇ ਕੁਲ ਅਕਾਲੀ।
ਸਿਰ ਤੇ ਲਾਂਦੇ ਚੱਕਰ ਚਾਲੀ।
ਤੇਜ਼ ਕਛੈਹਰਾ ਬਰਦੀ ਕਾਲੀ।
ਵਾਰ ਨ ਦੇਂਦੇ ਜਾਵਨ ਖਾਲੀ।

ਵਾਹ ਵਾ ਚੱਟਪਟਿਆਂ ਦੀ ਸ਼ਾਨ।
ਬੁੱਢੇ ਖਾ ਕੇ ਹੋਣ ਜਵਾਨ ।

ਦੂਜਾ—ਪਾਪੜ ਖਾਵੇ ਗੁਲਾਬੋ ਜੱਟੀ।
ਕਣਕ ਲਿਆਵੇ ਢੂਕੀ ਛੱਟੀ।
ਭਰੋ. ਜੁਲਾਹੀ ਚਸਕੇ ਪੱਟੀ।
ਚੋਰੀ ਦੇ ਸੂਤਰ ਦੀ ਅੱਟੀ।
ਕੁੜੀਆਂ ਮੁੰਡੇ ਪਾਪੜ ਖਾਨ ।
ਬੁੱਢੇ ਨਿੱਤ ਪਚਾਕੇ ਲਾਨ ॥

ਮੋਹਰ ਸਿੰਘ—ਬੁਲਾਓ, ਛਾਬੜੀ ਵਾਲਿਆਂ ਨੂੰ।

ਇਕ ਸਿਪਾਹੀ—ਓਏ, ਛਾਬੜੀ ਵਾਲੇ ! ਆਓ ਸਰਦਾਰ ਹੋਰਾਂ ਦਾ ਮੂੰਹ ਸਲੂਣਾ ਕਰਾਓ।

ਛਾਬੜੀ ਵਾਲੇ— (ਕੋਲ ਆ ਕੇ) ਸਰਦਾਰ ਜੀ, ਰਾਮ, ਰਾਮ !

ਸਰਦਾਰ—ਓਏ,ਕੀ ਲਾਧਾ ਹੋਯਾ ਜੇ ? ਲਿਆਓ ਸੁਆਦ ਵਖਾਓ।

ਪਹਿਲਾ—ਸਰਦਾਰ ਜੀ, ਗਰਮਾ ਗਰਮ ਚੱਟਪਟੇ ਪਕੌੜੇ ਜੇ।

ਦੂਜਾ—ਸਰਦਾਰ ਜੀ, ਮਸਾਲੇਦਾਰ ਪਾਪੜ। ਇਕ ਵਾਰੀ ਖਾਓ ਤੇ ਮੂੰਹ ਖੁਲ੍ਹ ਜਾਯੇ।

ਸਰਦਾਰ—ਲਿਆਓ, ਸੁਆਦ ਵਖਾਓ ।

(ਛਾਬੜੀ ਵਾਲੇ ਦੇਂਦੇ ਨੇ।)

ਮੋਹਰ ਸਿੰਘ—(ਖਾ ਕੇ) ਲਾਓ,ਓਏ ! ਏਹਨਾਂਨੂੰ ਜੁੱਤੀਆਂ। ਸੁਆਹ ਵੀ ਨਹੀਂ ਪਕੌੜੇ। ਨ ਮਿਰਚ ਨ ਮਸਾਲਾ। ਪਾਪੜ ਤੇ

ਵੇਖੋ, ਜਿਵੇਂ ਬਹੇ ਟੁੱਕਰ ਹੁੰਦੇ ਨੇ। ਏਡੀ ਡੰਡ ਪਾਈ ਹੋਈ ਸਾਨੇ! ਸਗੋਂ ਮੂੰਹ ਈ ਬੇਸੁਆਦ ਕਰ ਛਡਿਆ ਨੇ।

ਪਹਿਲਾ ਛਾਬੜੀ ਵਾਲਾ—ਸਰਦਾਰ ਜੀ, ਲੂਣ ਮਿਰਚ ਤੇ ਡਾਢਾ ਮੇਚ ਦਾ ਏ, ਪਰ ਤੁਸੀ ਬਾਹਲੇ ਕਰਾਰੇ ਖਾਨ ਗਿੱਝੇ ਹੋਏ ਓ।

ਦੂਜਾ—ਸਰਦਾਰ ਜੀ, ਬਾਹਲੇ ਕਰਾਰੇ ਤੀਡੂ ਮੁੱਛੀ ਹੱਟੀਆ ਬਨਾਂਦਾ ਏ।

ਸਿਪਾਹੀ—ਖਲੋ, ਤੁਹਾਡੀ ਐਸੀ ਤੈਸੀ! ਤੁਸਾਂ ਸਰਦਾਰ ਹੋਰਾਂ ਦਾ ਮੂੰਹ ਈ ਬੇਸੁਆਦ ਕਰ ਛਡਿਆ ਏ! ਲੁੱਟ ਲਓ, ਏਹਨਾਂ ਦੀ ਛਾਬੜੀ!

ਛਾਬੜੀ ਵਾਲੇ—ਸ਼ਾਹ ਜੀ, ਹੁਨ ਬਖਸ਼ੋ। ਫੇਰ ਈਹੋ ਜਿਹਾ ਸੌਦਾ ਨਹੀਂ ਲਾਂਦੇ। ਅਸੀ ਸਰਦਾਰ ਹੋਰਾਂ ਕੋਲੋਂ ਮੁੱਲ ਨਹੀਂ ਲੈਂਦੇ।

ਮਹਰ ਸਿੰਘ—ਹਛਾ, ਏਹਨਾਂ ਨੂੰ ਜਾਨ ਦਿਓ। (ਛਾਬੜੀ ਵਾਲਿਆਂ ਨੂੰ) ਵਗ ਜਾਓ, ਓਏ! ਛੇਤੀ। ਨਹੀਂ ਤੇ ਹੁਨੇ ਕਾਠ ਵਜਦਾ ਜੇ।

ਗੱਜਨ ਸਿੰਘ—(ਨੱਠਾ ਨੱਠਾ ਆਉਂਦਾ ਏ) ਵਾਹਰ ਜੀ ਕੀ ਫਤੇ। ਸਰਦਾਰ ਜੀ, ਰੰਜੀਤਸਿੰਘ ਆ ਗਿਆ!

ਸੋਭਾ ਸਿੰਘ—ਓਏ, ਕਿਥੇ ਕੂ?

ਗੱਜਨ ਸਿੰਘ—ਲੁਹਾਰੀ ਦਰਵਾਜੇ।

ਮੋਹਰ ਸਿੰਘ—ਚੱਲੋ ਭੱਜੋ, ਓਹਨੂੰ ਅੱਗੋਂ ਹੋਕੇ ਮਿਲੀਏ।

(ਸਭੇ ਭੱਜ ਕੇ ਜਾਂਦੇ ਨੇ)

ਰੂਪ—੮। ਮੈਹਰ ਮੋਹਕਮਦੀਨ ਦਾ ਪੈਹਰਾ।

ਮੈਹਰ—(ਅਪਨੀ ਫੌਜੀ ਨੂੰ) ਹਲਾ, ਬਹਾਦਰੋ ! ਖਬਰਦਾਰ ਹੋ ਜਾਓ। ਦੁਸ਼ਮਨ ਨੂੰ ਮਾਰ ਮਾਰ ਦੂਰ ਨਸਾਓ।

ਚੇਤ ਸਿੰਘ—ਮੈਹਰ ਜੀ, ਰੰਜੀਤ ਸਿੰਘ ਕਿੱਥੇ ਕੂ ਏ ?

ਮੈਹਰ—ਸਰਦਾਰ ਜੀ, ਅਹੁ ਬਾਹਰੋ ਬਾਹਰੀ ਦਿੱਲੀ ਨੂੰ ਗਿਆ ਜੇ। ਮੇਰੇ ਆਦਮੀਆਂ ਨੇ ਮਾਰ ਮਾਰ ਬੰਦੂਕਾਂ ਈਹੋਜਿਹਾ ਭੰਗਲ ਕੀਤਾ ਕਿ ਉਸ ਏਥੇ ਠਹਿਹਨ ਦਾ ਨਾਂ ਨਹੀਂ ਲੀਤਾ !

ਸੋਭਾ ਸਿੰਘ—ਫੇਰ ਹੁਨ ?

ਮੈਹਰ—ਫੇਰ ਹੁਨ ਕੀ ? ਓਹਦੀ ਦਾਲ ਏਧਰ ਨਹੀਂ ਗਲਦੀ। ਜਦ ਤਕ ਮੇਟੇ ਵਿਚ ਜਾਨ ਏ, ਓਹਦੀ ਕੋਈ ਤਤ-ਬੀਰ ਨਹੀਂ ਚਲਦੀ। ਤੁਸੀ ਢਿੱਲ ਨ ਲਾਓ, ਦਿਲੀ ਨੂੰ ਜਾਓ, ਤੇ ਜੋਹੜਾ ਵੰਝ ਚੱਪਾ ਲਗਦਾ ਜੇ ਹੁਣੇ ਲਾਓ।

ਸੋਭਾ ਸਿੰਘ—ਚਲੋ ਦਿੱਲੀ ਨੂੰ (ਮੁੜ ਪੈਂਦੇ ਨੇ)।

ਮੈਹਰ—(ਦਿਲ ਵਿਚ) ਮੂਰਖ ਨੂੰ ਲਾਲ ਲੱਭਾ, ਪਰ ਓਸਨੇ ਪਕੌੜੇ ਲੈ ਕੇ ਖਾ ਲਏ। ਏਹਨਾਂ ਮੂਰਖਾਂ ਨੂੰ ਰਾਜ ਜਹੇ ਲਾਲ ਦੀ ਕਦਰ ਨਹੀਂ ! ਵੇਖਾਂ, ਪਕੌੜੇ ਦੇਨ ਵਾਲਾ ਜਵਾਹਰੀ ਬਚਾ ਹੁਨੇ ਆਉਂਦਾ ਏ। [ਸਿਪਾਹੀ ਨੂੰ] ਪੀਰ ਬਖਸ਼ਾ, ਬੂਹਾ ਖੋਲ੍ਹ ਦੇ।

(ਬੂਹਾ ਖੁਲ੍ਹਨ ਤੇ ਫਜ ਅੰਦਰ ਆਉਂਦੀ ਏ)।

ਸਭੇ—ਵਧਾਏ, ਮਹਾਰਾਜ !

ਰੰਜੀਤ ਸਿੰਘ—ਸਰਦਾਰ ਦਲ ਸਿੰਘ ਜੀ, ਰਤਾ ਅੱਗੇ ਹੋ ਕੇ ਭੰਗੀਆਂ ਨੂੰ ਫਤੇ ਬੁਲਾਓ।

ਦਲ ਸਿੰਘ—ਸਿੰਘ ਸਾਹਿਬ ਜੀ, ਭੰਗੀ ਹਰਨ ਹੋ ਗਏ। ਲਾਹੌਰ ਦੇ ਲੋਕੀ ਹੁਨ ਆਪ ਦੀ ਸ਼ਰਣ ਹੋ ਗਏ। ਚੇਤ ਸਿੰਘ ਨੇ ਕਿਲਾ ਜਾ ਮੱਲਿਆ ਏ। ਜੇ ਹੁਕਮ ਹੋਵੇ, ਤੇ ਖਾਲਸਾ ਹੁਨੇ ਓਧਰ ਚੱਲਿਆ ਏ।

ਰੰਜੀਤ ਸਿੰਘ—ਹਾਂ ਕਿਲੇ ਨੂੰ ਮੋਰਚਾ ਲਾਓ। ਤੇ ਕੰਧਾਂ ਨੂੰ ਨੀਹਾਂ ਭਾਨੀ ਢਾਹ ਕੇ ਫੌਜ ਅੰਦਰ ਲਿਜਾਓ।

ਸਦਾ ਕੌਰ—ਵੇਖਾਂ, ਮੂਰਖਾਂ ਵਾਲੀ ਮੱਤ! ਨ, ਬੀਬਾ, ਨ! ਕਿਲਾ ਢਾਹੁਣਾ ਠੀਕ ਨਹੀਂ। ਜਿੱਲਏ ਚੇਤ ਸਿੰਘ ਓਥੋਂ ਮਹੱਕਨ। ਬੂਹੇ ਤੇ ਪਹਿਰਾ ਰਖਾ, ਤੇ ਆਉਨਾ ਜਾਨਾ ਬੰਦ ਕਰਾ। ਵੇਖਾਂ, ਕਿਚਿਰ ਕੂ ਡੱਕਿਆ ਰਹਿੰਦਾ ਏ। ਆਪੇ ਦੋ ਦਿਨਾਂ ਨੂੰ ਟੱਕਰਾਂ ਮਾਰਕੇ ਕਿਤੇ ਵੰਨੇ ਰਾਹੀ ਹੋ ਜਾਯੇਗਾ।

ਰੰਜੀਤ ਸਿੰਘ—ਬਹੁਤ ਹੱਛਾ, ਬੇਬੇ ਜੀ। (ਦਲ ਸਿੰਘ ਨੂੰ) ਚੰਗਾ ਕਿਲੇ ਦੀ ਦਰਬੰਦੀ ਕਰਾ ਦਿਓ।

(ਫੌਜਾਂ ਨਿਕਲ ਜਾਂਦੀਆਂ ਨੇ)

(ਰਈਸ ਨਜ਼ਰਾਂ ਲੈਕੇ ਆਉਂਦੇ ਨੇ)

ਹਕੀਮ—(ਇਕ ਨਰੇਲ ਤੇ ਰੁਪੈਆਂ ਦਾ ਥਾਲ ਅਗੇ ਕਰਕੇ) ਮਹਾਰਾਜ, ਏਹ ਚੰਨ ਚੜ੍ਹੇ ਨੂੰ ਧਾਗਾ ਪ੍ਰਵਾਣ ਹੋਵੇ।

ਮੁਹੰਮਦ ਆਸ਼ਿਕ—ਰਾਜਾ ਜੀ, ਅਪਨੀ ਰਈਯਤਾਂ ਦਾ ਨਿਗਾਹਬਾਨ ਹੋਵੇ।

ਮੁਫਤੀ—ਖੁਦਾ ਨੇ ਇਸ ਝਿਗੜੇ ਤੋਂ ਸਾਡੀ ਜਾਨ ਛੁਡਾਈ ਏ।

ਗੁਰਬਖਸ਼ ਸਿੰਘ—ਸਾਹਿਬਾਂ ਨੂੰ ਲਾਹੌਰ ਵਿਚ ਆਉਨ ਦੀ

ਬਹੁਤ ਬਹੁਤ ਵਧਾਈ ਏ।

ਰੰਜੀਤ ਸਿੰਘ—ਸਤਿਗੁਰਾਂ ਆਪਦੀ ਭਾਉਨੀ ਪੂਰੀ ਕਰਾਈ ਏ, ੜੇ ਮੇਰੇ ਗਲ ਨਰੜ ਕੇ ਰਾਜ ਦੀ ਫਾਹੀ ਪਾਈ ਏ। ਰਾਜੇ ਤੇ ਪਰਜਾ ਦੀ ਰਹੋਰੀਤ ਇੱਕੋ ਏ। ਜੇ ਮੈਨੂੰ ਵਧਾਈ ਏ ਤੇ ਤੁਹਾਨੂੰ ਵੀ ਬਹੁਤ ੨ ਵਧਾਈ ਏ। (ਨਰੇਲ ਲੈਕੇ ਰੁਪਯੇ ਮੋੜ ਦੇਂਦਾ ਏ)।

ਰਈਸ—ਮਹਾਰਾਜ, ਏਹ ਨੱਗਰ ਵਲੋਂ ਨਜਰਾਨਾ ਲਿਆ ਜਾਯੇ।

ਰੰਜੀਤ ਸਿੰਘ—ਨਹੀਂ, ਨਹੀਂ। ਅਸੀ ਵਾਧੂ ਨਜਰਾਨੇ ਨਹੀਂ ਲੈਂਦੇ।

ਰਈਸ—ਧੰਨ ਹੋ, ਮਹਾਰਾਜਾ! ਇੱਕ ਹੋਰ ਬੇਨੜੀ ਏ, ਕਿ ਫੌਜਾਂ ਨੂੰ ਗਲੀਆਂ ਵਿਚ ਜਾਨੋਂ ਬੰਦ ਕੀਤਾ ਜਾਯੇ। ਤੇ ਸਭ ਸ਼ੈਹਰ ਨੂੰ ਲੁੱਟ ਮਾਰ ਤੋਂ ਬਚਾ ਕੇ ਅਨੰਦ ਕੀਤਾ ਜਾਯੇ।

ਰੰਜੀਤ ਸਿੰਘ—ਸਰਦਾਰ ਦਲ ਸਿੰਘ ਜੀ, ਢੰਡੋਰਾ ਪਿਟਾਯਾ ਜਾਯੇ, ਕਿ ਕੋਈ ਸਿਪਾਹੀ ਕੂਚਾਬੰਦੀਆਂ ਵਿਚ ਪੈਰ ਨ ਪਾਏ। ਜੋ ਕਿਸੇ ਦੀ ਪੈਸਾ ਭਰ ਚੀਜ ਵੀ ਉਠਏਗਾ, ਓਹਦਾ ਘਣ ਬੱਚਾ ਘਾਣ ਪੀੜਿਆ ਜਾਯੇਗਾ।

ਰਈਸ—ਧੰਨ ਹੋ, ਮਹਾਰਾਜ! ਏਹ ਪਰਜਾ ਦੇ ਲੋਕ ਆਪ ਦੇ ਬਾਲ ਬੱਚੇ ਨੇ।

ਰੰਜੀਤ ਸਿੰਘ—ਅਸੀਂ ਲਾਹੌਰ ਨੂੰ ਲੁੱਟਨ ਨਹੀਂ ਆਯੇ। ਸਰਦਾਰ ਹੁਕਮਾ ਸਿੰਘ ਸਭ ਪੈਂਚਾਂ ਨਾਲ ਗੱਲ ਬਾਤ ਕਰਨਗੇ ਤੇ ਲਾਹੌਰ ਦੇ ਨਜਰਾਨੇ ਦਾ ਠੇਕਾ ਭਰਣਗੇ।

—o—

ਅੰਗ ਦੂਜਾ

ਰੂਪ—੧ । ਰਾਮ ਗੜ੍ਹੀਆਂ ਦਾ ਮਹੱਲ ।

ਜੋਧ ਸਿੰਘ ਰਾਮ ਗੜ੍ਹੀਆ—ਬਾਪੂ ਜੀ, ਸੁੱਕਰਚਕੀਆਂ ਬੜੀ ਅੱਤ ਚੁੱਕ ਲਈ ਏ । ਕੱਚੀ ਲੱਸੀ ਵਾਂਗ ਦਿਨੋ ਦਿਨ ਵਧੀ ਜਾਂਦੇ ਨੇ । ਤੇ ਸਿੱਖ ਸੰਗਤ ਵਿਚ ਨਿੱਤ ਨਵੇਂ ਬੋੜ ਪਏ ਪਾਂਦੇ ਨੇ । ਭੰਗੀਆਂ ਦਾ ਸੰਘਾ ਤੇ ਚੰਗੀ ਤਰਾਂ ਘੁੱਟਿਆ ਗਿਆ । ਗੁੱਜਰ ਸਿੰਘ ਦਾ ਬੂਟਾ ਜੜ੍ਹਾਂ ਤੋਂ ਪੁੱਟਿਆ ਗਿਯਾ । ਜੇ ਏਸ ਵਧੀਕੀ ਦਾ ਕਿਸੇ ਗਹੋ ਕਰਕੇ ਦਾਰੂ ਨ ਕੀਤਾ, ਤਦ ਸਮਝੋ ਕਿ ਸਿੱਖੀ ਮਿਸਲਾਂ ਦਾ ਸੀਰਮਾ ਤੇ ਰੰਜੀਤ ਸਿੰਘ ਨੇ ਪੀਤਾ ।

ਜੱਸਾ ਸਿੰਘ—ਬੱਚੂ, ਮੈਂ ਤੇ ਹੁਨ ਕਿਸੇ ਗੱਲ ਜੋਗਾ ਨਹੀਂ । ਜੋ ਵੰਝ ਚੱਪਾ ਲਗਦਾ ਜੇ ਆਪੇ ਲਾਓ, ਤੇ ਏਹਦੀ ਛਿੱੜਮ ਮੱਠੀ ਕਰਾਓ । ਸ਼ੇਰਾਂ ਦੇ ਬੱਚੇ ਗਿਦੜਾਂ ਤੇ ਨਹੀਂ ਕਰੀਜਦੇ । ਦੰਮਾਂ ਦੇ ਤੁੱਠੇ ਗੱਲੀਂ ਨਹੀਂ ਪਤੀਜਦੇ ।

ਜੋਧਸਿੰਘ—ਬਾਪੂ ਜੀ, ਫੇਰ ਕੀਹ ਵਾਹ ਲਾਈਏ ? ਸਿੱਖਾਂ ਨੂੰ ਰੰਜੀਤ ਸਿੰਘ ਡਾਢਾ ਟੂੰਹ ਹੋ ਕੇ ਦੰਮੜਿਆ ਏ !

ਜੱਸਾ ਸਿੰਘ—ਜੇ ਜੀਉਨਾ ਚਾਹੁੰਦੇ ਓ, ਤੇ ਗੂੰਹ ਦਾ ਉਪਾ

ਕਰੋ। ਨਹੀਂ ਤੇ ਏਸੇ ਗ੍ਹੋ ਨਾਲ ਕੁੜ੍ਹ ਕੁੜ੍ਹ ਕੇ ਅਨਿਆਈਂ ਮੌਤ ਪਏ ਮਰੋ।

ਜੋਧ ਸਿੰਘ—ਬਾਪੂ ਜੀ, ਤੁਸੀ ਕੀਹ ਮਦਦ ਦੇਂਦੇ ਓ ?

ਜੱਸਾ ਸਿੰਘ—ਬੱਚੂ, ਮੈਂ ਤੇ ਅਪਨੀ ਭਲੀ ਨਿਬਾਹ ਚੁੱਕਾ। ਸੰਸਾਰ ਦੇ ਸਾਰੇ ਪੱਤਨ ਗਾਹ ਚੁੱਕਾ। ਏਸ ਗਾਹਨ ਨੂੰ ਤੁਸੀ ਆਪੇ ਤਰੋ, ਤੇ ਜੇ ਪਸਲੀ ਸਹਿੰਦੀ ਜੇ ਤੇ ਦੱਬ ਦਬੇੜ ਨਾਲ ਛਿੜਮੇ ਹੋਏ ਦੀ ਛਿੰੜਮ ਵੀ ਮੱਠੀ ਕਰੋ।

(ਗੁਲਾਬ ਸਿੰਘ ਭੰਗੀ ਆਉਂਦਾ ਏ)

ਗੁਲਾਬ ਸਿੰਘ—ਬੋਲ ਵਾਹਰ ਜੀ ਕੀ ਫਤੇ। ਵਡੇ ਸਰਦਾਰ ਹੋਰੀ ਕਿਓਂ ਲੇਟੇ ਹੋਏ ਨੇ ?

ਜੋਧਸਿੰਘ—ਵਾਹਰ ਜੀ ਕੀ ਫਤੇ।

ਜੱਸਾ ਸਿੰਘ—ਵਾਹਿਗੁਰੂ ਜੀ ਕੀ ਫਤੇ। ਗੁਲਾਬ ਸਿੰਘਾ, ਹੁਨ ਅਸੀ ਵਡੇਰੇ ਹੋ ਗਏ ਆਂ।

ਗੁਲਾਬ ਸਿੰਘ—ਵਾਹਿਗੁਰੂ, ਵਾਹਿਗੁਰ ! ਅਜੇ ਤੇ ਜੁਆਨਾਂ ਨਾਲੋਂ ਉਡਾਰੂ ਓ, ਤੇ ਸੈਆਂ ਤੇ ਭਾਰੂ ਓ। ਸੁਨਿਆ ਜੇ, ਹੁਨ ਰੰਜੀਤ ਸਿੰਘ ਕੀ ਰਾਹ ਫੜੀਆ ਏ ? ਸਾਡੇ ਮੁੰਡਿਆਂ ਨੂੰ ਕੱਢ ਕੇ ਲਾਹੌਰ ਜਾ ਵੜਿਆ ਏ। ਏਹਦਾ ਹੁੱਝ ਮੱਕੂ ਕੱਸੋ, ਨਹੀਂ ਤੇ ਏਸ ਤੇ ਸਾਰਿਆਂ ਨੂੰ ਇੱਕਸੇ ਰੱਸੇ ਕੜਿਆ ਏ।

ਜੋਧ ਸਿੰਘ—ਸਰਦਾਰ ਜੀ, ਮੁੰਡੇ, ਰਾਵਲ, ਰੰਟਾਂ। ਤੇ ਤ੍ਰੇਵੇ ਉਜਾੜ ਦਾ ਬੰਨਾ। ਜਿਹੋ ਜਿਹਾ ਓਹ ਮੁੰਡਾ ਮਸ਼ੋਹਰਾ ਸੀ, ਊਹੋ ਜਹੀ ਸੱਸ ਖੜਦੁੰਬੀ ਨਾਲ ਰਲ ਪਈ ਏ। ਸ਼ਰਮ ਹਯਾ ਦੀ ਪੱਟੀ ਮੇਸੀ ਗਈ ਏ। ਕਨਕੌਂ ਵਿੱਟ ਰੰਢੇਲ। ਮਾੜੇ ਨੂੰ ਘੂਰਨਾ

ਤੇ ਭਾਵੇ ਦੇ ਦਥੇਲ । ਜਿਹਨੂੰ ਚਾਂਹੰਦੇਨੇ ਹੱਥਲ ਕਰ ਬਹਾਂਦੇ ਨੇ । ਅਜੇ ਛੋਣ ਵੀ ਢਾਈ ਘਰ ਛੱਡ ਕੇ ਵਾਰ ਕਰਦੀ ਏ । ਜਦੋਂ ਵੇਖੋ ਦੋਵੇਂ ਰਲੇ, ਜਾਨੋ ਕਿਤੇ ਨ ਕਿਤੇ ਜਰੂਰ ਭਾਂਬੜ ਬਲੇ ।

ਜਸਾ ਸਿੰਘ-ਗੁਲਾਬ ਸਿੰਘਾ, ਕਾਣਾ ਬੰਦਾ ਹੁੰਦਾ ਬੜਾ ਘੁਠਾ ਏ, ਪਰ ਜੇਹੜਾ ਓਹਦਾ ਵਸਾਹ ਖਾਏ, ਓਹ ਵੀ ਕਰਮਾਂ ਦਾ ਲੂਠਾ ਏ । [ਸਾਹਿਬ ਸਿੰਘ ਭੰਗੀ ਆਉਂਦਾਏ]

ਸਭੇ-ਵਾਹਰ ਜੀ ਕੀ ਫਤੇ ।

ਸਾਹਿਬ ਸਿੰਘ-ਵਾਹਰ ਜੀ ਕੀ ਫਤੇ । ਸਿੰਘ ਜੀ, ਸਿੰਘੀ ਮਿਸਲਾਂ ਤੇ ਹੁਨ ਗਈਆਂ । ਜਥੇਦਾਰੀ ਤੇ ਗੁਰਮੱਤਿਆਂ ਦੀ ਥਾਂਵਾਂ ਹੁਨ ਆਪਨਵਾਹੀਆਂ ਨੇ ਲਈਆਂ । ਪੁਰਾਣੇ ਸਿੱਖੀ ਇੱਕ-ਵਾਕ ਦਾ ਹੁਨ ਬੀ ਮਾਰਿਆ ਗਿਆ । ਧਰਮ, ਨੇਮ, ਸਜਨੇਕੀ ਛੱਡ ਕੇ ਪੰਥ ਹੰਕਾਰਿਆ ਗਿਆ । ਅਗਲੇ ਸਿਖੀ ਬੋਹੜ ਨੇ ਆਪੋਡੁੰਮੇ ਦੀ ਨੀਂਹ ਧਰੀ । ਪਰ-ਹੰਸ ਪੈ ਜਾਏ-ਨਵੇਂ ਪੋਰ ਕੋਲੋਂ ਭੇੜੀ ਗੱਲ ਈ ਸਰੀ ! ਆਪੋ ਵਿਚਦੀ ਸਿਰ ਵੱਢਵੇਂ ਵੈਰ ਪਾ ਲਏ । ਤਗੜਿਆਂ ਨੇ ਉੱਠ ਕੇ ਮਾੜੇ ਸਮੂਲਚੇ ਖਾ ਲਏ । ਦਸੋ,ਰੰਜੀਤ ਸਿੰਘ ਨੇ ਜੋ ਸਾਡਿਆਂ ਮੁੰਡਿਆਂ ਨੂੰ ਲਾਹੌਰੋਂ ਪੁੱਟ ਕੇ ਦੰਨੇ ਮਾਰਿਆ ਏ,ਓਹਨਾਂ ਓਹਦਾ ਕੀ ਵਿਗਾੜਿਆ ਏ? ਹੁਨ ਤੁਸੀ ਪੰਥ ਵਿਚ ਸਿਰਕਰਦੇ ਤੇ ਸਭਨਾਂ ਦੀਆਂ ਅੱਖਾਂ ਦੇ ਧ੍ਰੂ ਤਾਰਾ ਓ । ਮੇਰੀ ਫਰਿਆਦ ਸੁਨੋ, ਜੇ ਏਹਦੀ ਕਿੱਲੀ ਛੇਤੀ ਨੂੰ ਮੇਚ ਕੀਤੀ ਗਈ, ਤੇ ਫੇਰ ਅੰਬਰਸਰ ਦੀ ਵੀ ਖੈਰ ਨਹੀਂ । ਤੇ ਬਾਬੇ ਸਾਹਿਬ ਸਿੰਘ ਹੋਰੀ ਵੀ ਛੇਤੀ ਡੇਰਾ ਡੰਡਾ ਚੁੱਕਨ ਦਾ ਆਹਰ ਕਰਨ ।

ਜੱਸਾ ਸਿੰਘ—ਅੜਿਆ, ਧਾਵੀਆਂ ਨ ਪਿਆ ਠੋਕ। ਸਾਡੇ ਨਾਲ ਮਖੌਲ ਬਾਜ਼ੀ ਛੱਡ ਦੇ। ਕਦੇ ਨਹੁੰਆਂ ਨਾਲੋਂ ਮਾਸ ਵੀ ਵਿੱਛੜਿਆ ਏ? ਤੂੰ ਤੇ ਹੋਇਓਂ ਸੱਕਾ। ਤੇਰੀ ਓਹਦੀ ਕਾਹਦੀ ਵਿੱਤ ਵਿੱਥ ਏ? ਏਵੇਂ ਸਾਡੇ ਸਾਹਮਣੇ ਨ ਪਿਆ ਲੱਲੀਆਂ ਥੱਥੀਆਂ ਲਾ। ਆਪੇ *ਲੱਛਮੀ ਭਤਰੀਏ ਨੂੰ ਸਮਝਾ ਕੇ ਲਾਹੌਰ ਮੁੜਾ ਲਵੇਗੀ।

ਸਾਹਿਬ ਸਿੰਘ—ਅਸ਼ਕੇ, ਚਾਚਾ! ਡਾਢੀ ਸਾਕਾਦਾਰੀ ਸੁਣਾਈ ਆ! ਤੂੰ ਮਖੌਲ ਨ ਕਰੇਂ ਤੇ ਹੋਰ ਕੌਣ ਕਰੇ? ਚਾਚਾ, ਸਾਕ ਮੰਨੇ ਦਾ, ਤੇ ਰਹੋ ਰੀਨੇ ਦਾ। ਜੇ ਛੱਡੇ ਥਾਂ, ਤੇ ਕੀ ਲੈਣੇ ਨਾਂ? ਜੇ ਸਾਕਾਂ ਵਾਲੇ ਨ ਰਹੇ, ਤੇ ਸਾਕਾਦਾਰੀ ਕਹੀ? ਸੱਕਿਆਂ ਦੇ ਸੱਕ ਲਾਹੀਦੇ ਨੇ? ਜੋ ਕੁਝ ਓਹ ਸਾਡੇ ਨਾਲ ਸੁਰਗਤ ਘੋਲਨ ਡਿਹਾ ਹੋਯਾ ਏ, ਓਹ ਕੇਹੜੀ ਸਾਕਾਦਾਰੀ ਦੀ ਗੱਲ ਏ? ਤੇ ਜੇਹੜੀ ਤੁਸੀ ਲੱਛਮੀ ਕਹਿੰਦੇ ਓ, ਓਹ ਵਿਚਾਰੀ ਡਰਦੀ ਹਰ ਹਰ ਕਰਦੀ ਕਦੇ ਭਤਰਾਯ ਦੀ ਦਲੀਜੇ ਵੀ ਲੰਘੀ ਏ? ਏਹ ਨਿਜ ਜੰਮਿਆ,—ਖਬਰੇ, ਕੀਕਨ ਕਣਕ ਵਿਚ ਰੀਂਡੂਲ ਜੰਮ ਪਿਆ ਏ?—ਨ ਮਾਂ ਦਾ, ਨਾ ਮਾਮ ਦਾ, ਨ ਭੂਆ ਦਾ ਨ ਹੋਰ ਕਿਸੇ ਸਾਕ ਸੈਨ ਦਾ। ਮੂਲੋਂ ਗੱਲ ਕੀਹ? ਨ ਕਿਸੇ ਦਾ ਦਰਦ ਤੇ ਨ ਕਿਸੇ ਦਾ ਸੇਕ। ਹਰ ਗੱਲੇ ਆਭੁੱਦਾ! ਇਕੋ ਸੱਸ ਸੂ, ਜੇਹੜੀ ਹਰ ਵੇਲੇ ਮੋਢਿਆਂ ਤੇ ਚੜ੍ਹੀ ਰਹਿੰਦਾ ਸੂ।

---

*ਰੰਜੀਤ ਸਿੰਘ ਦੀ ਭੂਆ, ਸਾਹਿਬ ਸਿੰਘ ਦੇ ਘਰੋਂ।

ਜੱਸਾ ਸਿੰਘ—ਓਏ, ਬੀਬਾ ਦੰਮ ਲੈ! ਘਾਬਰ ਨ। ਓਹਨੂੰ ਵੀ ਪੂਰਾ ਪੂਰਾ ਜੁਵਾਈ ਹੋਕੇ ਟੱਕਰਦਾ ਏ! ਓਹਦਾ ਕੀ ਏ? ਜਿਵੇਂ ਸੁਥਰੇ ਦੇ ਹੱਥ ਵਿਚ ਚਿੜੀ? ਅਖੇ ਦੱਸੋ? ਜੀਉਂਦੀ ਏ ਕਿ ਮੋਈ ਹੋਈ? ਜਦੋਂ ਦਿਲ ਕੀਤਾ, ਘਿਲਟੀ ਮਰੋੜ ਲੀਤੀ।

ਸਾਹਿਬ ਸਿੰਘ—ਅਜੇ ਭਾਈਆ ਮਾਂਹ ਸਿੰਘ ਬੜਾ ਬੀਬਾ ਆਦਮੀ ਸਾਜੇ!

ਜੱਸਾ ਸਿੰਘ—ਓਏ, ਓਹਦੀ ਕੀ ਗੱਲ ਕਰਨਾ ਏਂ? ਓਹਦਾ ਪਿੱਛਾ ਪਿਆ ਸੁਨਦਾ ਏ। ਛਾਵੇਂ ਮੇਰੇ ਨਾਲ ਓਹ ਕਈ ਵਾਰੀ ਖੈਬੜਿਆ, ਪਰ ਫੇਰ ਵੀ ਮੈਂ ਈਹੋ ਆਖਾਂਗਾ, ਕਿ ਏਹਦੇ ਤੇ ਓਹਦੇ ਵਿਚ ਜਿਮੀਂ ਅਸਮਾਨ ਦਾ ਫਰਕ ਏ। ਵੇਖਾਂ, ਤੇਰੀ ਤੇ ਗੁੱਜਰ ਸਿੰਘ ਦੀ ਕੀਕਨ ਘਰ ਵਿਚ ਨਿਬੜਾ ਦਿਤੀ ਸਾਸੁ?

ਸਾਹਿਬ ਸਿੰਘ—ਵਾਹਗੁਰੂ! ਵਾਹਿਗੁਰੂ! ਚਾਚਾ ਜੀ! ਏਹ ਨਿਰਾ ਪੂਰਾ ਕੁਲਦਾ ਕਲੰਕ ਜੇ। ਲੋਕ ਸੱਚ ਆਹੰਦੇ ਨੇ ਕਿ ਕਾਣਿਆਂ ਦੀ ਇੱਕ ਰਗ ਵਾਧੂ ਹੁੰਦੀ ਏ।

ਜੱਸਾ ਸਿੰਘ—ਓਏ, ਇਕ ਰਗ? ਵਾਹਿਗੁਰੂ ਦੇ ਪ੍ਰਤਾਪ ਨਾਲ ਏਹਦੇ ਵਿਚ ਕਈ ਰਗਾਂ ਵਾਧੂ ਨੇ?

ਸਾਹਿਬ ਸਿੰਘ—ਤਦ ਏਸ ਗੌਂਹ ਦਾ ਕੀ ਉਪਾ ਸੋਚਿਆ ਜੇ?

ਜੱਸਾ ਸਿੰਘ—ਸਿਆਣਿਆਂ ਦੀ ਕਹਿਵਤ ਏ—

ਜੇ ਵੈਰੀ ਅਪਨੇ ਤੋਂ ਤਗੜਾ। ਓਹਦਾ ਨਿਉਂਕੇ ਸਹਿਲਓ ਰਗੜਾ।

ਜੇ ਵੈਰੀ ਜੇ ਟਿੱਲੋਂ ਸਾਂਵਾਂ। ਜੁਗਤ ਬਨਾ ਕੇ ਕਰੋ ਨਿਥਾਂਵਾਂ।
ਜੇ ਮਿਲ ਪਏ ਬਲ ਬੁਧੀ ਹੀਨ। ਮਾਰ ਹੁਲੱਥਾ ਕਰੋ ਅਧੀਨ।

ਤੁਸੀ ਤ੍ਰੈਵੇ ਉਡਾਟੂ, ਤੇ ਕਈਆਂ ਤੇ ਭਾਰੂ ਓ। ਦਿਲ ਟਿੱਲ ਤੇ ਢਿੱਲ ਵੀ ਕੋਲ ਜੇ। ਮਿਲ ਕੇ ਪੁੱਛ ਗਿੱਛ ਲਓ। ਨਹੀਂ ਤੇ ਫੋਕੀਆਂ ਵਿੱਸਾਂ ਕਾਹਨੂੰ ਪਏ ਘੋਲਦੇ ਓ ?

ਗੁਲਾਬ ਸਿੰਘ—ਜੇ ਤੁਸੀ ਮੈਨੂੰ ਡਾਢ ਦਿਓ ਤੇ ਮੈਂ ਰੰਜੀਤ ਸਿੰਘ ਨਾਲ ਸਿੱਝਾਂ। ਓਹ ਹੈ ਕੇਹੜੇ ਬਾਗ ਦੀ ਮੂਲੀ? ਕਲ ਜੰਮੀ ਗਿੱਦੜੀ, ਤੇ ਅੱਜ ਹੋਯਾ ਵਿਆਹ। ਸਾਹਿਬ ਸਿੰਘ ਭਾਵੇਂ ਦੁੱਵਲ਼ ਬਨ ਕੇ ਲਿਹਾਜ ਕਰੇ, ਪਰ ਮੈਂ ਓਹਦਾ ਕੀ ਧਰਾਨਾ ਵਾਂ ?

ਸਾਹਿਬ ਸਿੰਘ—ਨ ਭਾਈਆ, ਮੈਨੂੰ ਕੋਈ ਲਿਹਾਜ ਨਹੀਂ ਮਾਰਿਆ ਜਾਂਦਾ।

ਜੱਸਾ ਸਿੰਘ—ਮੇਰੇ ਵਲੋਂ ਜੋਧਸਿੰਘ ਤੇਰੇ ਨਾਲ ਏ।

ਜੋਧ ਸਿੰਘ—ਕਸੂਰੀਯੇ ਵੀ ਸਾਨੂੰ ਬਰਾਬਰ ਮਦਦ ਦੇਨ ਗੇ।

ਗੁਲਾਬ ਸਿੰਘ—ਚੰਗਾ ਵਾਹਵਾ ! ਫੇਰ ਤਿਆਰਾ ਸਜਾ ਦਿਓ। ਤੇ ਸ੍ਰੀ ਅਮ੍ਰਿਤਸਰ ਜੀ ਫੌਜਾਂ ਦਾ ਕੱਠ ਕਰਾ ਦਿਓ।

ਜੱਸਾ ਸਿੰਘ—ਓਏ, ਏਵੇਂ ਮੁੰਡਿਆਂ ਵਾਂਗਰ ਜੋਰਾਂ ਵਿਚ ਨ ਆਓ। ਅਖੇ,

ਗੁੜ ਦਿਤੇ ਜੇ ਵੈਰੀ ਮਰੇ,
ਤੇ ਮੌਹਰੇ ਦੀ ਕਿਉਂ ਚਿੰਤਾ ਕਰੇ।

ਤੁਸੀ ਕੋਈ ਜੁਗਤ ਵਿਚਾਰੋ। ਤੇ ਰੋਛਿਆਂ ਵਾਂਗਰ ਭੜਾਂ ਨ ਪਏ ਮਾਰੋ।

ਗੁਲਾਬ ਸਿਘ—ਚੰਗਾ, ਅਸੀ ਹੋਰ ਗੱਲ ਕਰਨੇ ਆਂ।

ਜੱਸਾ ਸਿੰਘ—ਕੀਹ ?

ਗੁਲਾਬ ਸਿੰਘ—ਲਾਹੌਰ ਦੇ ਮੁਢ ਭਸੀਨ ਵਿਚ ਗੁਰਮਤਾ ਬੁਲਾਯਾ ਜਾਵੇ। ਤੇ ਫੇਰ ਓਥੇ ਜੇਹੜਾ ਪੇਚ ਲਗਦਾ ਹੋਵੇ ਲਾਯਾ ਜਾਵੇ।

ਸਭੇ—ਵਾਹ! ਭਈ, ਵਾਹ! ਮਨਜੂਰ। ਅਸ਼ਕੇ ਗੁਲਾਬ ਸਿੰਘਾ! ਨਹੀਂ ਰੀਸਾਂ ਤੇਰੀਆਂ।

ਜੱਸਾ ਸਿੰਘ—ਕਸੂਰੀਆਂ ਨੂੰ ਵੀ ਨਾਲ ਲਾ ਲਓ!

ਗੁਲਾਬ ਸਿੰਘ—ਪਹਿਲੇ!

ਜੋਧ ਸਿੰਘ—ਬਸ, ਫੇਰ ਪੱਕ ਹੋਯਾ।

ਜੱਸਾ ਸਿੰਘ—ਚੰਗਾ, ਵਾਹ ਵਾ! [ਪਰਦਾ]

ਰੂਪ—੨। ਰੰਜੀਤ ਸਿੰਘ ਦਾ ਦਰਬਾਰ

ਡਿਓੜ੍ਹੀਆ (ਅੰਦਰ ਆਕੇ) ਮਹਾਰਾਜ, ਕਿਲੇ ਵਿਚੋਂ ਸਰਦਾਰ ਚੇਤ ਸਿੰਘ ਦਾ ਆਦਮੀ ਸਾਹਿਬਾਂ ਲਈ ਅਰਦਾਸ ਲਿਆਯਾ ਏ।

ਰੰਜੀਤ ਸਿੰਘ—ਅੰਦਰ ਆਉਨ ਦਿਓ।

ਆਦਮੀ—(ਅੰਦਰ ਆਕੇ) ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਸਰਕਾਰ, ਸਰਦਾਰ ਹੋਰਾਂ ਵਲੋਂ ਏਹ ਅਰਦਾਸ ਹੈ।

ਰੰਜੀਤ ਸਿੰਘ—[ਹੱਥ ਵਿੱਚ ਲੈਕੇ] ਸਰਦਾਰ ਦਲਸਿੰਘ ਜੀ, ਏਹ ਤੁਸੀ ਉਠਾਓ।

ਦਲ ਸਿੰਘ [ਉਠਾਂਦਾ ਏ] ਅਰਦਾਸ—

"ਲਿਖਤਮ ਚੇਤ ਸਿੰਘ ਸਰਦਾਰ, ਜੋਗ ਰੰਜੀਤ ਸਿੰਘ ਸਰਕਾਰ।
ਸਾਈ ਭਲੀ ਜੋ ਪ੍ਰਭ ਮਨ ਭਾਈ, ਦਾਵਾ ਨਹੀਂ ਹੁਨ ਮੇਰਾ ਕਾਈ।
ਕਿਲਿਓਂ ਜੇ ਚਾ ਦੇਵੇਂ ਜਾਨ, ਮੈਂ ਏਹ ਮੰਨਾਂ ਬੜਾ ਹਸਾਨ।"

ਰੰਜੀਤ ਸਿੰਘ—ਚੰਗਾ, ਵਾਹਵਾ ! ਏਹਦਾ ਉੱਤਰ ਲਿਖ ਦਿਓ।

ਏਹ ਅਰਦਾਸ ਹੋਈ ਪਰਵਾਨ।
ਚੇਤ ਸਿੰਘ ਜੀ ਬੇਸ਼ਕ ਜਾਨ।
ਲੈ ਜਾਵਨ ਸਭ ਟੱਬਰ ਟੋਰ।
ਪਰ ਕੁਝ ਢੁੱਕਨ ਚੀਜ ਨ ਹੋਰ।

[ਦਲ ਸਿੰਘ ਲਿਖਦਾ ਏ]

ਆਦਮੀ—ਸਰਕਾਰ, ਸਰਦਾਰ ਹੋਰੀ ਕੁਝ ਗੁਜਾਰੇ ਵਜੋਂ ਵੀ ਬੇਨਤੀ ਕਰਦੇ ਸਨ !

ਰੰਜੀਤ ਸਿੰਘ—ਹਛਾ, ਲਿਖ ਦਿਓ ਕਿ ਚੇਤ ਸਿੰਘ ਵਣੀਯੇਕੇ ਚਲਾ ਜਾਯੇ। ਮਾਮਲਾ ਉਗ੍ਰਾਹੇ ਤੇ ਮੌਜਾਂ ਨਾਲ ਖਾਯ।

[ਚਿੱਠੀ ਲੈਕੇ ਆਦਮੀ ਜਾਂਦਾਏ]

ਅਤਰ ਸਿੰਘ ਕਾਲਿਆਂ ਵਾਲਾ—ਸਿੰਘ ਸਾਹਿਬ ਜੀ, ਆਪ ਨੂੰ ਸੱਦਾ ਆਯਾ ਏ ਕਿ ਭਸੀਨ ਵਿਚ ਇਕ ਗੁਰਮਤਾ ਹੋਨ ਲੱਗਾ ਏ। ਬੇਨਤੀ ਕੀਤੀ ਗਈ ਏ ਕਿ ਬਾਣੀ ਬਿਲਾਸ ਲਈ ਆਪ ਜਰੂਰ ਦਰਸ਼ਨ ਦਿਓ।

ਰੰਣਜੀਤ ਸਿੰਘ—ਹੱਛਾ, ਗੁਰਮਤੇ ਹੋਨ ਲੱਗ ਪਏ ? ਕੁਝ ਹਾਲ ਵੀ ਮਲੂਮ ਕੀਤਾ ਜੇ ਕਿ ਨਹੀਂ?

ਦਲ ਸਿੰਘ—ਸਿੰਘ ਸਾਹਿਬ ਜੀ, ਜੋ ਅਗਲਿਆਂ ਦੇ

ਦਿਲਾਂ ਵਿਚ ਵੇ ਓਹ ਤੁਹਾਡੇ ਨਹੁੰਆਂ ਵਿਚ ਵੇ। ਮੈਂ ਸੁਣਿਆ ਏ ਕਿ ਫੌਜਾਂ ਵੀ ਆਈਆਂ ਨੇ,ਤੇ ਜਮੂਰਖਾਨੇ ਵੀ ਆਏ ਨੇ।

ਰੰਜੀਤ ਸਿੰਘ—ਤਾਂ ਤੇ ਗੁਰਮਤੇ ਦੀ ਚਾਂਦਮਾਰੀ ਕਰਨੀ ਹੋਵੇਗੀ।

ਦਲ ਸਿੰਘ—ਸਿੰਘ ਸਾਹਿਬ ਜੀ,ਕੁਝ ਈਹੋ ਜਹੀ ਗਲ ਈ ਜਾਪਦੀ ਏ।

ਰੰਜੀਤ ਸਿੰਘ—ਤਦ ਤੇ ਜਰੂਰ ਜਾਨਾ ਹੋਯਾ। ਅਸਾਂ ਅੱਗੋਂ ਕੇਹੜੀਆਂ ਵੰਙਾਂ ਪਹਿਨੀਆਂ ਹੋਈਆਂ ਨੇ? ਇੱਕ ਦੋ ਨਿਸ਼ਾਨੇ ਅਸੀ ਵੀ ਫੁੰਡ ਆਵਾਂਗੇ। ਸੱਦਾ ਪਰਵਾਨ ਕਰੋ ਤੇ ਤਿਆਰੀ ਦਾ ਸਮਿਆਨ ਕਰੋ॥

ਅਤਰਸਿੰਘ—ਸਿੰਘ ਸਾਹਿਬ ਜੀ, ਲਾਹੌਰ ਦੀ ਲੋਟੀ ਦੀ ਬੰਦਸ਼ ਤੋਂ ਫੌਜਾਂ ਵਿਗੜ ਗਈਆਂ ਨੇ। ਈਹੋ ਆਹੰਦੇ ਨੇ ਕਿ ਜਿਚਰ ਸਾਡੀ ਪਿਛਲੀ ਛਿਮਾਹੀ ਨਹੀਂ ਤਰਦੀ, ਉਚਰ ਅਸਾਂ ਕਿਤੇ ਨਹਾਂ ਜਾਨਾ।

ਰੰਜੀਤ ਸਿੰਘ—ਫੇਰ? ਗੁਜਰਾਂਵਾਲਿਓ ਰੁਪਈਆ ਮੰਗਾਓ, ਤੇ ਛਿਮਾਂਹੀ ਚੁਕਾਓ।

ਦਲ ਸਿੰਘ—ਸਿੰਘ ਸਾਹਿਬ ਜੀ, ਏਹ ਬੜੇ ਜੋਖੋਂ ਦਾ ਕੰਮ ਏ। ਰਾਹ ਵਿਚ ਚੋਰ ਚਕਾਰ ਦਾ ਤੌਖਲਾ ਏ।

ਰੰਜੀਤ ਸਿੰਘ—ਫੇਰ,ਏਸ ਵੇਲੇ ਕੀ ਕੀਤਾ ਜਾਯੇ? ਨਵੀਂ ਤੰਦਨ ਹੋਈ! ਉਧਾਰ ਲੈਨਾ ਵੀ ਠੀਕ ਨਹੀਂ॥

[ਇਕ ਬੁੱਢਾ ਹੱਥ ਵਿਚ ਡੰਗੋਰੀ ਲੀਤੀ ਹੋਈ ਆਕੇ ਸਲਾਮ ਕਰਦਾ ਏ]

ਰੰਜੀਤ ਸਿੰਘ—ਆਓ,ਬਾਬਾ ਜੀ ਕੀਕਰ ਆਏ?

ਬੁੱਢਾ–ਮੈਂ ਸੁਣਿਆਏ,ਕਿ ਸਰਕਾਰ ਨੂੰ ਰੁਪਏ ਦੀ ਤੰਗੀ ਏ, ਜੇ ਬਿਨਾਂ ਹਿੰਙ ਫਟਕੜੀ ਲੱਗਿਆਂ ਰੁਪਈਯਾ ਮਿਲ ਜਾਯੇ, ਤਦ ਮੈਨੂੰ ਕੀ ਇਨਾਮ ਮਿਲੇਗਾ ?

ਰੰਜੀਤ ਸਿੰਘ—ਬਾਬਾ ਜੀ, ਤੁਹਾਡੀਆਂ ਪੀੜ੍ਹੀਆਂ ਤਾਰ ਦਿਆਂਗੇ।

ਬੁੱਢਾ–ਚਲੋ, ਮੇਰੇ ਨਾਲ ਕਿਲੇ ਵਿਚ। (ਨਿਕਲ ਜਾਂਦੇ ਨੇ)

[ਪਰਦਾ ਡਿਗਦਾ ਏ ਤੇ ਫੇਰ ਉਠਦਾਏ]

ਰੰਜੀਤ ਸਿੰਘ–[ਕਿਲੇ ਵਿਚ] ਬਾਬਾ, ਤੁਹਾਨੂੰ ਸੁਫਨਾ ਆਯਾ ਏ ਕਿ ਕੋਈ ਨਜੂਮ ਲਾਯਾ ਜੇ ?

ਬੁੱਢਾ –ਨਹੀਂ, ਸਰਕਾਰ, ਮੈਂ ਮੀਰ ਮਨੂੰ ਦਾ ਆਦਮੀ ਆਂ। ਭਾਜੜ ਵੇਲੇ ਮੇਰੇ ਸਾਮਣੇ ਓਹਨਾਂ ਖਜਾਨਾ ਦੱਬਿਆ ਸੀ। ਹੁਨ ਓਹ ਮਰ ਖੱਪ ਗਏ। ਮੈਂ ਵੀ ਮਰਨ ਦੇ ਕਿਨਾਰੇ ਆਂ। ਜੇ ਤੁਹਾਨੂੰ ਪਤਾ ਨ ਫੜਾਂ ਤੇ ਖਬਰੇ ਸੱਪ ਦੀ ਜੂਨੇ ਪਾਂ !

ਰੰਜੀਤ ਸਿੰਘ–ਵਾਹ ਵਾ। ਬਾਬਾ, ਰੱਬ ਤੁਹਾਨੂੰ ਨੇਕੀ ਦੇ !

ਬੁੱਢਾ—(ਉਂਗਲ ਨਾਲ) ਏਥੋਂ ਪੁਟੋ ! ਏਹ ਖਜਾਨਾ ਏ। [ਦੂਏ ਥਾਂ] ਏਥੋਂ ਪੁਟੋ ! ਏਥੇ ਤੋਪਾਂ ਜੇ।

ਰੰਜੀਤ ਸਿੰਘ— [ਆਦਮੀਆਂ ਨੂੰ] ਵਾਹਿਗੁਰੂ ਦਾ ਨਾਂ ਲੈ ਕੇ ਕਹੀ ਮਾਰੋ। [ਛਨਨ ਕਰਕੇ ਖਜਾਨੇ ਦੀ ਅਵਾਜ]

ਰੰਜੀਤ ਸਿੰਘ—ਬੇਅੰਤ ! ਬੇਅੰਤ। ਤੇਰੀ ਮਾਯਾ ਡਾਢੀ ਬਲਵੰਤ। ਤੂੰ ਜਦੋਂ ਦੇਨ ਤੇ ਆਵੇਂ, ਅਸ਼ੋਪ ਚੰਗਾ ਵੇ ਚਾ ਲਾਵੇਂ !

ਦੇਵਣਹਾਰ ਦਾਤਾਰ, ਜੁਬਲ ਦੇ ਪੜਦੇ ਢੱਕੇਂ ।
ਉਣ ਥੁੱੜਾਂ ਦੇਂ ਟਾਲ, ਕਦੇ ਦੇਂਦਾ ਨ ਥੁੱਕੇਂ ।
ਡਾਢੀ ਕਲਾ ਵਖਾਲ, ਸਕਲ ਸੰਕੱਟ ਦੱਲ ਛੱਕੇਂ ।
ਹਿਠਾਂ ਉਤਾਂ ਨਿੱਤ ਨਵੇਂ, ਰੂਪ ਰਚਦਾ ਨ ਝੱਕੇਂ ।
ਉਜੜੇ ਕਰੇਂ ਅਬਾਦ, ਅਬਾਦਾਂ ਮੰਗਲ ਲਾਵੇਂ ।
ਸ਼ੌਹ ਦਰਿਆ ਕਰ ਰੜਾ, ਰੜੇ ਜਲ ਰੇੜ੍ਹ ਵਗਾਵੇਂ ।
ਪਰਬਤ ਕਰਦੇਂ ਡੂੰਹੰਗ, ਡੂੰਹਗ ਪਰਬਤ ਦਿਖਲਾਵੇਂ ।
ਵਾਂਗ ਪਨੀਰੀ ਲਾਬ, ਨਵੇਂ ਥਾਂ ਨਵੀਂ ਗਡਾਵੇਂ ।

ਹੇ, ਅਕਾਲ ਪੁਰਖ, ਤੂੰ ਧੰਨ ਹੈਂ ! ਤੂੰ ਧੰਨ ਹੈਂ ! ਤੂੰ ਧੰਨ ਹੈਂ !

[ਬੁੱਢੇ ਵਲ ਬੇਰੀਆਂ ਸੁੱਟਕੇ] ਬਾਬਾ ਜੀ, ਜਾਓ ਖਾਓ ਪੀਓ ।

[ਦਲ ਸਿੰਘ ਨੂੰ] ਸਰਦਾਰ ਜੀ, ਫੌਜਾਂ ਦੀ ਛਿਮਾਹੀ ਅਬੇ ਤਾਰੋ ।

ਦਲ ਸਿੰਘ—ਬਹੁਤ ਹੱਛਾ, ਸਿੱਧ ਸਾਹਿਬ ਜੀ ।

ਜਦੋਂ ਬੰਦੇ ਨੂੰ ਰਬ ਇਕਬਾਲ, ਦੀ ਟੀਸੀ ਚੜ੍ਹਾਂਦਾ ਹੈ ।
ਓਹਦੇ ਰਾਹੋਂ ਕਲਾ ਅਪਨੀ ਤੋਂ, ਸਭ ਅਟਕਾ ਗਵਾਂਦਾ ਹੈ ।
ਸੁਮੁੰਦਰ ਨੂੰ ਸੁਕਾ ਦੇਵੇ, ਕਰੇ ਪੱਧਰ ਪਹਾੜਾਂ ਤੇ ।
ਹਨੇਰੇ ਨੂੰ ਕਰੇ ਲੀਰਾਂ, ਜੇ ਓਹ ਮਸਤਕ ਵਖਾਂਦਾ ਹੈ ।
ਖੁਲ੍ਹਨ ਬੂਹੇ ਚੁਫੇਰੇ ਦੇ, ਹਵਾ ਆਂਹਦੀ ਹੈ—ਜੀਊ ਆਏ ।
ਵਟਾ ਅਸਮਾਨ ਦੀ ਰੰਗਤ, ਝੜੀ ਦੌਲਤ ਦੀ ਲਾਂਦਾ ਹੈ ।
ਓਹਦੀ ਬੁੱਧੀ ਕਰੇ ਉਜਲੀ, ਓਹਦੀ ਵਰਤੋਂ ਕਰੇ ਚੰਗੀ ।
ਓਹਦਾ ਪ੍ਰਤਾਪ ਸੂਰਜ ਤੋਂ, ਕਿਤੇ ਵੱਧਕੇ ਭਖ਼ਾਂਦਾ ਹੈ

ਗੁਣੀ, ਗਜਾਨੀ, ਧਨੀ, ਜੋਧੇ, ਪਏ ਢੂੰਡਨ ਓਸ ਪਾਰਸ ਨੂੰ।
ਜਿਹਦੇ ਛੋਹਿਆਂ ਤੋਂ, ਲੋਹਾ ਚਮਕ ਕੇ ਸੋਣਾ ਹੋ ਜਾਂਦਾ ਹੈ।

[ਪਰਦਾ]

ਰੂਪ—੩। ਬਰ ਬਰ ਉਜਾੜ।

[ਹਵਾ ਦੀ ਸ਼ਾਂ ਸ਼ਾਂ ਤੇ ਬਿਜਲੀ ਦੀ ਕੜਕ]

ਇਕ ਚੁੜੇਲ—[ਛਾਲ ਮਾਰਕੇ ਨੱਚਨ ਲੱਗ ਪੈਂਦੀ ਏ ਕਦੇ ਅੱਖਾਂ ਟੱਡਦੀ ਏ। ਕਦੇ ਦੰਦੀਆਂ ਚਿਘਾਂਦੀ ਏ। ਕਦੇ ਬਿਤਰ ਬਿਤਰ ਤੱਕਦੀ ਏ] ਆ ਹਾ! ਹਾ....

[ਫੇਰ ਬਿਜਲੀ...]

ਦੂਜੀ ਚੁੜੇਲ—[ਗੁਠੋਂ ਨਿਕਲ ਕੇ ਪਹਿਲੀ ਵਾਂਗ] ਅਲ ਲ ਲ....

[ਜੱਫੀ ਮਾਰਕੇ ਮਿਲਦੀਆਂ ਨੇ]

ਪਹਿਲੀ—ਜੁਆਈਏ, ਰਾਮ ਸਤ! ਤੂੰ ਕੇਹੜੇ ਠੌਰੋਂ?

ਦੂਜੀ—ਸਤਿ ਰਾਮ! ਸਭਰਾਈਏ, ਮੈਂ ਤੇ ਆਈ ਖਾਸ ਫਲੌਰੋਂ।

[ਫੇਰ ਬਿਜਲੀ ਦੀ ਕੜਕ...]

ਘੰਮੀ (ਛਾਲ ਮਾਰਕੇ) ਏ ਬੇ, ਮੈਂ ਭੀ ਖਾਸ ਲਾਹੌਰੋਂ।

[ਨੱਚਦੀਆਂ ਨੇ]

[ਫੇਰ ਬਿਜਲੀ ਦੀ ਕੜਕ ਤੇ ਹਵਾ ਦੀ ਸ਼ਾਂ ਸ਼ਾਂ]

ਕੁੰਮਾ, ਤੁੰਮਾ, ਜੁੰਮਾ, [ਤ੍ਰੈ ਭੂਤਨੇ ਛਾਲ ਮਾਰਕੇ] ਏਲੀ! ਏਲੀ! ਏਲੀ.... (ਸਭੇ ਹੱਸਦੇ ਤੇ ਨੱਚਦੇ ਟਪਦੇ ਨੇ)

ਸਭਰਾਈ—ਜੁੰਮਾ ਮੇਰਾ ਜੋੜੀਦਾਰ।

ਜੁੰਮਾ—(ਹੱਥ ਫੜ ਕੇ) ਤੂੰ ਰਾਣੀ ਤੇ ਮੈਂ ਸਰਦਾਰ।

[ਸਭਰਾਈ ਬਹਿਜਾਂਦੀ ਏ ਜੁੰਮਾ ਖਲੋਂਦਾ ਏ]

ਸਭਰਾਈ—ਆਓ, ਸਭੇ ਸਾਡੇ ਕੋਲ।

ਜੁੰਮਾ—ਦਿਨ ਦੀ ਬੀਤੀ ਦੱਸੋ ਫੋਲ।

ਜੁਆਈ—(ਅੱਗੇ ਆ ਕੇ)

ਮੈਂ ਅਜ ਉਡੀ ਵਿਚ ਵਰੋਲੇ। ਕਈ ਧੜ ਤੇ ਖਲਵਾੜੇ ਫੋਲੇ।
ਕਈ ਪਿਪੱਲ ਤੇ ਕਿਕੱਰ ਢਾਹੇ। ਕਈ ਰਾਹੀ ਵੀ ਰਾਹ ਖੁੰਜਾਏ।
ਫੇਰ ਮੈਂ ਡਿੱਠੀ ਇਕ ਜਨਾਨੀ। ਖੂਹ ਉਤੇ ਪਈ ਭਰਦੀ ਪਾਨੀ।
ਸੂਰਤ ਓਹਦੀ ਸੋਹਨੀ ਭਾਰੀ। ਮੈਨੂੰ ਵਾਹ ਵਾ, ਲਗੀ ਪਿਆਰੀ।
ਮੈਂ ਜੋ ਓਹਦੇ ਦਿਲਨੂੰਚੰਮੜੀ। ਮਾਰੇ ਡਾਡਾਂ ਹਾਯ ਨੀ ਅੰਬੜੀ।
ਜਦ ਓਹ ਘੁਰਮ ਹੋਕੇ ਢੱਠੀ। ਓਹਦੀ ਸੁਰਤ ਦਮਾਗੋਂ ਨੱਠੀ।
ਅੱਖਾਂ ਚਾਮੈਂਤਾੜੇ ਲਾਈਆਂ। ਨਾੜਾਂਤੜੀਆਂਤੇਅਕੜਾਈਆਂ।
ਮੁਰਦੇ ਵਾਂਗਰ ਓਹ ਪਈ ਜਾਪੇ। ਘਰ ਦੇ ਲੱਗੇ ਕਰਨ ਸਿਆਪੇ।
ਮੈਂ ਦਿਲ ਉਸਦਾ ਰਤਾ ਹਿਲਾਯਾ। ਉਸਨੇ ਮੱਥਾਚੁਕ ਖਿੜਾਯਾ।
ਖਿੜ ਖਿੜ ਕਰਕੇ ਜਦ ਓਹ ਹੱਸੀ। ਓਵੇਂ ਮੈਂ ਚਾ ਸੰਘੀ ਕੱਸੀ।
ਓਹਦੀ ਅਖੋਂ ਨੀਰ ਵਗਾਯਾ। ਕਦੇ ਰਵਾਯਾ ਕਦੇ ਹਸਾਯਾ।
ਫੇਰ ਮੈਂ ਓਹਦੀ ਜੀਭ ਜੋ ਖੋਲ੍ਹੀ। ਊਟਪਟਾਂਗ ਓਹ ਮੂਹੋਂ ਬੋਲੀ।
ਘਰਦੇ ਬਹੁਤੇ ਜਦ ਘਬਰਾਯੇ। ਓਵੇਂ ਇਕ ਸਿਆਨਾ ਲਿਆਏ।
ਭੇੜੇ ਗੁੱਗਲ ਆਨ ਧੁਖਾਯਾ। ਹਾ ਹਾ ਡਾਢਾ ਜੀ ਮਿਚਿਆਯਾ।
ਮੈਂ ਜੋ ਨੱਠੀ ਮਾਰ ਦੁੜੰਗੀ। ਮੇਰੀ ਓਥੇ ਰਹਿ ਗਈ ਅੰਗੀ।

ਸਭਰਾਈ—

ਵਾਹ ਵਾ, ਸੋਹਣਾ ਕੀਤਾ ਕੰਮ। ਬਹਿ ਜਾ ਏਥੇ ਲਿੱਲਏ ਦੰਮ।
ਅੰਗੀ ਸੀ ਓਹ ਅੱਧੋ ਰਾਨੀ। ਕੀ ਉਸਤੇ ਪਈ ਜਾਨ ਖਪਾਨੀ।
ਛਿਲੇ ਕਿਸੇ ਵਿਚ ਹੁਨਚਾ ਜਾਈਂ। ਮਾਰ ਜਨਾਨੀਅੰਗੀ ਪਾਈਂ।

ਜੁੰਮਾ—ਕੁੜਿਆਂ, ਹੁਨ ਤੂੰ ਅੱਗੋਂ ਬੋਲ।
ਕੀਤਾ ਜੋ ਕੁਝ ਕਹਿ ਦੇ ਫੋਲ।

ਕੁੰਮਾ—(ਅੱਗੇ ਹੋਕੇ)

ਮੇਰਾ ਵੀ ਹੁਨ ਸੁਨ ਲਓ ਕੰਮ। ਆਯਾ ਜੇ ਮੈਂ ਜਿਤ ਝੜੰਮ।
ਵੱਡੇ ਵੇਲੇ ਗਿਆ ਮੁਲਤਾਨ। ਡਿੱਠੇ ਸਭ ਮੈਂ ਰੌੜ ਮਦਾਨ।
ਫੇਰ ਜੋ ਮੇਰੇ ਦਿਲ ਤੇ ਆਈ। ਪੱਕੀ ਕਨਕੇ ਵਰਖਾ ਪਾਈ।
ਛੋਲਿਆਂ ਉਤੇ ਗੜਾ ਵਸਾਯਾ। ਬੂਰ ਬਾਰ ਸਭ ਝਾੜ ਗਵਾਯਾ।
ਰੋਡੇ ਰੌਡੇ ਕੀਤਾ ਪਾਨੀ। ਪੈਲੀ ਨਹੀਂ ਓਹ ਮਾਲਾਂ ਖਾਨੀ।
ਖੋਲੇ ਖੂਹ ਪੁਰਾਣੇ ਡੱਲ। ਡਿਠਾ ਇਕ ਇਕ ਟੋਏ ਵੱਲ।
ਕਈ ਰੰਣਾਂ ਤੇ ਪਾਯਾ ਸਾਯਾ। ਬੰਦਾ ਵੀ ਇਕ ਕਾਬੂ ਆਯਾ।
ਜੇਹੜੀ ਸ਼ਕਲੋਂ ਸੋਹਣੀ ਨਾਰ। ਓਹ ਫੇਹ ਪੈਂਦੀ ਪਹਿਲੀ ਵਾਰ।
ਕੁੜੀਆਂ ਜਾਤਕ ਬੜੇ ਡਰਾਯੇ। ਕਿੰਨੇ ਜਲਸੇ ਚੁਕ ਕਰਾਯੇ।
ਕਈਆਂ ਦਾ ਮੈਂ ਰਸਤਾ ਘੇਰ। ਰੋੜ੍ਹੇ ਵਿਚ ਤੱਵੀ ਦੇ ਫੇਰ।
ਫੇਰ ਗਿਆ ਮੈਂ ਲੁਧੇਆਨੇ। ਡਿਠੇ ਖੋਲੇ ਮਹਿਲ ਪੁਰਾਣੇ।
ਜਾਵਾਂਗਾ ਹੁਨ ਵਲ ਪਸ਼ੌਰ। ਓਥੋਂ ਦਾ ਕੁਝ ਵੇਖਨ ਤੌਰ।

ਸਭਰਾਈ—ਹਛਾ ਤੂੰ ਵੀ ਕੀਤਾ ਕੰਮ।
ਬਹਿ ਜਾ ਮੱਲਾ, ਲਿੱਲੈ ਦੰਮ।
ਘੰਮੀ ਤੁੰਮਾ ਦੋਵੇਂ ਬਾਲ।
ਕੰਮ ਕਰਨਗੇ ਉਮਰਾਂ ਨਾਲ।

ਜੁੰਮਾ—ਏਹਨਾਂ ਦਾ ਚਾ ਕਰੀਯੇ ਵਿਆਹ।

ਸਭੇ—ਵਾਹਵਾ, ਵਾਹ! ਭਈ ਵਾਹਵਾ ਵਾਹ!

ਸਭਰਾਈ—ਜੁੰਮਾ, ਕੁੰਮਾ, ਤੁੰਮਾ, ਜਾਨ।
ਜੰਵ ਬਨਾ ਕੇ ਤੁੰਮਾ ਵਜਾਹਨ।

ਕੁੰਮਾ—ਮੈਂ ਡਿੱਠਾ ਇਕ ਬੁੱਢਾ ਪਾਂਧਾ।

ਰਾਹ ਦੇ ਵਿਚ ਪਿਆ ਘਰ ਨੂੰ ਜਾਂਦਾ।
ਜੇ ਆਖੋ ਲੈ ਆਵਾਂ ਨਾਲ।
ਪੜ੍ਹੇ ਵਿਆਹ ਓਹ ਇੰਦਰ ਜਾਲ।

ਜੁੰਮਾ—ਛੇਤੀ ਕਰ, ਓਏ! ਛੇਤੀ ਕਰ।
ਬਾਹਮਨ ਪਹੁੰਚ ਨ ਜਾਏ ਘਰ।

ਸਭਜਾਈ—ਨਾਲ ਲਿਆ ਕੇ ਕਰੋ ਵਿਆਹ।

ਸਭੇ—ਵਾਹਵਾ, ਵਾਹ! ਭਈ ਵਾਹ, ਵਾ ਵਾਹ।

(ਜੁੰਮਾ ਨਿਕਲ ਜਾਂਦਾ ਏ)

ਰੂਪ—੪। ਉਜਾੜ।

(ਦੋ ਰਾਹੀ ਜਾਂਦੇ ਵਖਾਈ ਦੇਂਦੇ ਨੇ)

ਪਹਿਲਾ—ਪਾਂਧਾ ਗਨੂੰ, ਅਹੁ ਵੇਖਾਂ, ਸ਼ੈਹਰ ਦੇ ਦੀਵੇ ਵਖਾਈ ਦੇਂਦੇ। ਹੁਨ ਪੈਂਡਾ ਕੋਹ ਕੁ ਜਾਪਦਾ ਏ।

ਗਨੂੰ—ਮਹਿਤਾ ਗਣੇਸ਼ਿਆ, ਏਹ ਲਾਹੌਰ ਨਹੀਂ ਦੀਹਦਾ। ਏਹ ਦੀਵੇ ਕਿਸੇ ਖੂਹ ਖਲੜ ਤੇ ਜੱਟਾਂ ਬਾਲੇ ਹੋਨਗੇ।

ਗਣੇਸ਼ਾ—ਪਾਂਧਾ, ਜੱਟਾਂ ਦੀ ਮਤ ਮਾਰੀ ਹੋਈ ਏ, ਜੋ ਏਨੇ ਦੀਵੇ ਚਾ ਬਾਲਨ? ਸਾਨੂੰ ਟੁਰਿਆਂ ਵੀ ਚੋਖਾ ਚਿਰ ਹੋ ਗਿਆ ਏ। ਪਹਿਰ ਰਾਤ ਗਈ ਚਲੀ ਏ। ਏਹ ਜਰੂਰ ਲਾਹੌਰ ਦੇ ਈ ਦੀਵੇ ਨੇ।

ਗਨੂੰ—ਸਾਡਾ ਰਾਹ ਤੇ ਏਸ ਵੰਨੇ ਹੋਯਾ। ਦੀਵੇ ਲਾਹਮ ਤੇ ਨੇ। ਰੱਬ ਜਾਨੇ, ਕੋਈ ਹੋਰ ਵਸਤੀ ਹੋਵੇਗੀ?

ਗਣੇਸ਼ਾ—ਪਾਂਧਾ, ਲਾਹੌਰ ਈਹੋ ਈ ਆ। ਖਬਰੇ ਏਧਰੋਂ ਵਲ ਕੇ ਜਾਨਾ ਪਵੇ!

ਗਣੂ–ਦੀਵੇ ਬੜੇ ਨੇੜੇ ਜਾਪਦੇ ਨੇ । ਏਹਨੀਂ ਪੈਰੀਂ ਲਾਹੌਰ ਪੂਰੇ ਤ੍ਰੈ ਕੋਹ ਏ । ਨ ਘੱਟ ਨ ਵੱਧ । (ਕੁੰਮਾ ਆਉਂਦਾ ਏ)

ਕੁੰਮਾ–ਪਾਂਧਾ ਗਣਪਤ੍ਰਾ, ਰਾਮ ਰਾਮ ! ਰਾਜੀ ਏਂ ?

ਪਾਂਧਾ–(ਠਿਠੰਬਰ ਕੇ) ਓਏ, ਸੋਹਣਾ ਏਂ ?

ਕੁੰਮਾ–ਵਾਹ ਪਾਂਧਾ, ਭੁਲ ਗਿਆ ਏਂ ? ਅਜੇ ਓਦਿਨ ਧੁੱਪਸੜੀ ਦੀ ਅਟੁਣੀ ਕੋਲ ਮਿਲੇ ਸਾਂ ।

ਗਣੇਸ਼ਾ–ਜਨਿਆ ਕਿਸੇ ਹੋਰ ਤੇ ਭੁੱਲਾ ਏਂ । ਸਾਡਾ ਦਾਦਾ ਕਦੇ ਧੁੱਪਸੜੀ ਗਿਆ ਈ ਨਹੀਂ !

ਕੁੰਮਾ–ਮਹਿਤਾ, ਮੈਥੋਂ ਲੈ ਪਤਾ । ਓ ! ਜਿਦਨ ਘੁਮਿਆਰ ਮੁੰਡਾ ਡੁੱਬਕੇ ਮੋਯਾ ਸੀ ।

ਗਣੂ–ਜਨਿਆ, ਮੈਂ ਤੇਨੂੰ ਸਿਞਾਨਿਆ ਨਹੀਂ !

ਕੁੰਮਾ–ਹੌਲਾ, ਹੁਨੇ ਸਿੰਞਾਨ ਆ ਜਾਯੇਗੀ । ਆ ਇਕ ਸਾਡੇ ਵਿਆਹ ਦੀ ਅੜੇਂਗੜੀ ਜਹੀ ਕੱਢ ਜਾ ।

ਗਣੂ–(ਕੰਬਦਾ ਕੰਬਦਾ) ਨ ਅੜਿਆ, ਸਾਡਾ ਪੈਂਡਾ ਖੋਟਾ ਹੁੰਦਾ ਏ । ਸਾਨੂੰ ਕਾਹਲ ਦਾ ਕੰਮ ਏ ।

ਕੁੰਮਾ–ਮਹਿਤਾ, ਏਥੇ ਕਾਹਦਾ ਚਿਰ ਲਗਨਾ ਏ ?

ਗਣੇਸ਼ਾ–ਭਾਈਆ, ਪਾਧਾਂ ਨਹੀਂ ਠਹਿਰ ਸਕਦਾ ।

(ਅੱਗੇ ਨੂੰ ਤੁਰਦੇ ਨੇ)

ਕੁੰਮਾ–(ਹਥੋਂ ਫੜਕੇ) ਦਾਦਾ, ਭਾਈਆ, ਅਸੀ ਤੇ ਵਿਆਹ ਕਰਵਾ ਕੇ ਜਾਨ ਦਿਆਂਗੇ । ਰਬ ਸਬਬੀਂ ਮਿਲ ਪਿਆ ਏਂ ।

ਗਣੂ ਤੇ ਗਣੇਸ਼ਾ–(ਕੰਬਦੇ ਕੰਬਦੇ) ਨ ਭਾਈਆ, ਰੱਬ ਦਾ ਵਾਸਤਾ ਈ ! ਸਾਡਾ ਪੰਦ ਨ ਖੋਟਾ ਕਰ ।

ਙੂਆ-ਪਾਂਧਾ ਡਰੋ ਨ। ਮਹਿਤਾ ਗਣੇਸ਼ਿਆ, ਸਾਡੀ ਜੰਞ
ਐਗੇ ਈ ਥੋੜੀ ਏ, ਚੱਲ ਤੂੰ ਵੀ ਜਾਂਦੀ ਬਨ।

(ਮਹਿਤਾ ਤੇ ਪਾਂਧਾ ਟੁਰ ਪੈਂਦੇ ਨੇ)

ਰੂਪ—੫। ਵਜਾਹ

[ਸਭਰਾਈ ਤੇ ਜੁਆਈ ਸੁਹਾਗ ਗਾਉਂਦੀਆਂ ਨੇ।]

ਅੜੀਓ ਗਾਂਵੋ ਨੀ ਮੰਗਲਾ ਚਾਰ,
ਮੇਰੇ ਘਰ ਕਾਜ, ਕੁੜੇ।
ਕਾਜ ਕੁੜੇ, ਮੈਨੂੰ ਨਾਜ ਕੁੜੇ,
ਮੇਰੀ ਬੀਬੀ ਦਾ ਅਟਲ ਵਿਹਾਜ, ਕੁੜੇ।
ਸੁਨ ਮੇਰੀ ਬੀਬੀ, ਤੂੰ ਭਾਗਾਂ ਨੀ ਭਰੀਏ,
ਰਾਨੀ ਦੀ ਜਾਈਏ ਮਹਾਰਾਜੇ ਨੇ ਵਰੀਏ।
ਲਾਡਲੀਏ, ਤੇਰੇ ਸਗਨ ਨੀ ਕਰੀਏ,
ਬਾਬਲ ਰਚਿਆ ਈ ਕਾਜ, ਕੁੜੇ।
ਕਾਜ ਕੁੜੇ, ਮੈਨੂੰ ਨਾਜ ਕੁੜੇ, ਮੇਰੀ....
ਬੀਬੜੀਏ! ਵਰ ਸੋਹਣਾ ਨੀ ਪਾਇਆ,
ਰੁਕਮਨੀ ਕ੍ਰਿਸ਼ਨ ਵਜਾਹਨ ਆਇਆ।
ਮਾਪਿਆਂ ਸੁਖ ਦਾ ਵਿਹੇੜਾ ਨੀ ਪਾਇਆ,
ਲਾਡਲੀਏ, ਕਰ ਰਾਜ, ਕੁੜੇ।
ਰਾਜ ਕੁੜੇ, ਮੈਨੂੰ ਨਾਜ ਕੁੜੇ, ਮੇਰੀ....

ਬਾਬਲ, ਵੇ ! ਹੁਨ ਹੋ ਸੁਖਿਆਰਾ,
ਧੀ ਵਰ ਪਾਯਾ ਤੇ ਲੱਥਾ ਈ ਭਾਰਾ।
ਭਾਈਯੇ ਤੇ ਭਾਬੋ ਦਾ ਹੁਨ ਛੁਟਕਾਰਾ,
ਸੋਹਣਾ ਬੀਬੀ, ਤੇਰਾ ਦਾਜ, ਕੁੜੇ।
ਦਾਜ ਕੁੜੇ, ਮੈਨੂੰ ਨਾਜ ਕੁੜੇ, ਮੇਰੀ ...
ਲਾਡਲੀਯੇ, ਤੇਨੂੰ ਦਿਆਂ ਨੀ ਅਸੀਸਾਂ,
ਭਰਤਾ ਜੀਵੀ ਬੀਬੀ, ਲੱਖ ਬ੍ਰੀਸਾਂ।
ਹੱਸਮੁਖ ਜੁੜੀਆਂ ਨੀ ਸੱਸ ਪਤੀਸਾਂ,
ਨਨਦੇ ਦਾ ਕੋਇਲ ਵਾਜ, ਕੁੜੇ।
ਵਾਜ ਕੁੜੇ, ਮੈਨੂੰ ਨਾਜ ਕੁੜੇ, ਮੇਰੀ...
ਅੜੀਓ ਗਾਂਵੋ ਨੀ ਮੰਗਲਾਚਾਰ, ਮੇਰੇ ਘਰ ਕਾਜ, ਕੁੜੇ ॥

[ਪੜਦੇ ਵਿਚੋਂ ਢੋਲਾਂ ਤੇ ਛੈਣਿਆਂ ਦੀ ਅਵਾਜ]

ਸਭਰਾਈ—ਨੀ, ਜੰਵ ਆ ਗਈ। ਨੀ, ਜੰਵ ਆ ਗਈ।

[ਜੀਊ ਆਇਆਂ ਨੂੰ ਕਰਦੀਆਂ ਨੇ, ਜੰਵ ਆਕੇ ਬਹਿ ਜਾਂਦੀ ਏ]

ਪਾਂਧਾ—ਮੁੰਡੇ ਨੂੰ ਖਾਰੇ ਚਾੜ੍ਹੋ, ਲਗਣ ਘੁਸਦਾ ਜਾਂਦਾ ਏ।

ਮਹਿਤਾ—ਛੇਤੀ ਛੇਤੀ ਹਥਲੇਵੇਂ ਕਰਾ ਲਓ। ਫੇਰ ਗ੍ਰੈਹਣ ਲਗਨਾ ਜੇ।

ਪਾਂਧਾ—ਦੋ ਘੜੀਆਂ ਨੂੰ ਪੰਚਕਾਂ ਉਤਰ ਪੈਣੀਆਂ ਨੇ।

ਤੁੰਮਾ—ਤੁੰਮਿਆ, ਚੜ੍ਹ ਓਏ ਖਾਰੇ ਤੇ।

[ਤੁੰਮਾ ਹੜੱਪਾ ਮਾਰਕੇ ਖਾਰੇ ਤੇ ਚੜ੍ਹਦਾ ਏ]

ਪਾਂਧਾ—ਕੁੜੀ ਨੂੰ ਦੂਜੇ ਖਾਰੇ ਤੇ ਬਹਾਓ।

[ਕੁੜੀ ਛਾਲ ਮਾਰਕੇ ਖਾਰੇ ਤੇ ਆ ਬਹਿੰਦੀ ਏ]

ਮਹਿਤਾ—ਪਾਂਧਾ, ਮਾਰ ਅੱਠ ਅੱਠ।

ਪਾਂਧਾ--ਮਹਿਤਾ ਵੇਖਦਾ ਜਾ। [ਤੁੰਮੇ ਨੂੰ] ਲਿਆਓ ਆਟੇ ਦਾ ਥਾਲ। ਗੁੜ ਦੀ ਰੋੜੀ। ਇਕ ਮੌਲੀ ਦਾ ਅੱਟਾ। ਫੱਕਾ ਕੂ ਚਾਉਲ। ਤੇ ਇੱਕ ਪਾਨੀ ਦਾ ਗੜਵਾ।

ਤੁੰਮਾ--[ਸਭ ਚੀਜਾਂ ਲਿਆਕੇ] ਲਓ, ਦਾਦਾ ਜੀ।

ਪਾਂਧਾ--ਤੁੰਮਿਆ, ਕਰ ਚੜ੍ਹਦੇ ਵਲ ਮੂੰਹ। ਭਰ ਚੁਲੀ ਪਾਨੀ ਦੀ। ਮੈ ਹੁਨ ਗਣੇਸ਼ ਪੂਜਾ ਕਰਾਨ ਲਗਾ ਜੇ।

[ਤੁੰਮਾ ਓਕਨ ਈ ਕਰਦਾ ਏ]

ਪਾਂਧਾ--[ਚਾਵਲਾਂ ਦੇ ਦਾਨੇ ਚੁਲੀ ਪਾਨੀ ਦੀ ਵਿਚ ਪਾ ਕੇ]

ਓਮ ਗੌਰੀ ਪੁਤ ਗਣੇਸ਼, ਭੂਤ ਪ੍ਰੇਤ ਕੇ ਦੇਸ਼।
ਬਾਹਮਨ ਕਰੇ ਕਲੇਸ਼, ਕੁਝ ਨ ਜਾਯੇ ਪੇਸ਼।
ਲੱਡੂ ਪੇੜਾ ਹਮੇਸ਼, ਦੱਖਨਾ ਮਿਲੇ ਵਿਸ਼ੇਸ਼। ਸ੍ਵਾਹਾ।

ਧਰੋ ਜੀ ਪੰਜ ਲੱਡੂ ਤੇ ਪੰਜ ਰੁਪਏ। ਤੁੰਮਿਆ, ਛੱਡ ਚੁਲੀ ਤੇ ਹੋਰ ਭਰ।

ਤੁੰਮਾ--[ਦੱਖਨਾ ਦੇਂਦਾ ਏ] ਲੈ ਪਾਂਧਾ। [ਤੁੰਮਾ ਹੋਰ ਚੁਲੀ ਭਰਦਾ ਏ]

ਪਾਂਧਾ--ਮੈਂ ਹੁਨ ਨਵਾਂ ਗ੍ਰੈਹਾਂ ਦੀ ਪੂਜਾ ਛੱਡਨ ਲਗਾ ਜੇ।

[ਤੁੰਮਾ ਕਰਵਾਂਦਾ ਏ]

ਪਾਂਧਾ--ਓਮ ਤਾਰਾ ਖਾਰਾ ਚੰਨ ਘੁੰਮਾਂ।
ਸੂਰਜ ਦਾ ਕੋਈ ਓੜਕ ਨਾਂ।
ਪੰਜ ਰੁਪਈਯੇ ਧਰਦਿਓ ਹੋਰ। ਜਾਵੇ ਗ੍ਰੈਹ ਪੀੜਾ ਦਾ ਜੋਰ।

ਤੁੰਮਾ--[ਦੱਖਨਾ ਦੇਂਦਾ ਏ]

ਪਾਂਧਾ--ਤੁੰਮਿਆ, ਛੱਡ ਚੁਲੀ ਤੇ ਹੋਰ ਭਰ।

[ਤੁੰਮਾ ਕਰਦਾ ਏ]

ਪਾਂਧਾ--ਮੰਗਲ ਖਾਂਦਾ ਮੱਠੀਆਂ, ਤੇ ਬੁੱਧ ਪੀਵੇ ਦੁੱਧ ।
ਗਣਪਤ ਪਾਂਧੇ ਵਿਆਹ ਕਰਾਯਾ, ਸਭਨੀਂ ਗੱਲੀਂ ਸੁੱਧ ।
ਧਰੋ ਜੀ ਪੰਜ ਰੁਪਏ । ਤੁੰਮਿਆ ਛੱਡ ਚੁਲੀ ਤੇ ਹੋਰ ਭਰ [ਭਰਦਾਏ]
ਪਾਂਧਾ--ਰਾਹੂ ਰਾਹੋਂ ਰੋਕਿਆ, ਤੇ ਪਕੜ ਲਿਆਂਦਾ ਕੇਤ ।
ਗਣਪਤ ਪਾਂਧੇ ਵਿਆਹ ਕਰਾਯਾ ਖਾਰੇ ਚਾੜ੍ਹ ਪ੍ਰੇਤ । ਤੁੰਮਿਆ
ਛੱਡ ਚੁਲੀ ਤੇ ਹੋਰ ਭਰ, ਦਿਓ ਜੀ ਦੱਖਨਾ । [ਦੇਂਦਾ ਏ]
ਤੁੰਮਿਆ--ਪਾਂਧਾ ਝੁੱਰੀਂ ਨ, ਰੁਪਯੇ ਬਤੇਰੇ ਨੇ ।
ਪਾਂਧਾ--ਹੱੜ ਆਯਾ ਹੜੋਟਾ ਆਯਾ, ਰੁੜ੍ਹਦੀ ਆਈ ਲੀਰ ।
ਗਣਪਤ ਮਿਸ਼ਰ ਛਨਿਛਰ ਪੂਜੇ, ਦਿਓ ਪੂੜੇ ਤੇ ਖੀਰ ।
ਤੁੰਮਿਆ ਛਡ ਚੁਲੀ ਤੇ ਹੋਰ ਭਰ, ਦਿਓ ਜੀ ਦੱਖਣਾ [ਲੈਂਦਾਏ]
ਪਾਂਧਾ--ਹੱੜ ਆਯਾ ਹੜੋਟਾ ਆਯਾ, ਰੁੜ੍ਹਦਾ ਆਯਾ ਬਾਲ ॥
ਸੁੱਕਰ ਤੇ ਬ੍ਰਹਸਪਤ ਪੂਜੇ, ਬਰਫੀ ਪੇੜੇ ਨਾਲ ।
ਤੁੰਮਿਆਂ, ਛੱਡ ਚੁਲੀ ਤੇ ਹੋਰ ਭਰ, [ਭਰਦਾ ਏ]
ਦਿਓ ਜੀ ਦੱਖਣਾ । [ਦੇਂਦਾ ਏ]
ਪਾਂਧਾ--ਆਰ ਡਾਂਗਾ ਪਾਰ ਡਾਂਗਾ, ਵਿਚ ਬਗਲਾ ਨ੍ਹਾਂਵੰਦਾ ।
ਨੌਗ੍ਰੈਹਾਂ ਦੀ ਪੂਜਾ ਹੋਈ, ਗਣੂੰ ਮਿਸ਼ਰ ਕਰਾਵੰਦਾ ।
ਨਵਾਂ ਗ੍ਰੈਹਾਂ ਦੇ ਨੌ ਰੁਪਯੇ, ਨੌ ਲੱਡੂ ਰਖਨਾ ।
ਨੌ ਕਪੜੇ ਨੌ ਭਾਂਡੇ, ਦਿਓ ਸਾਨੂੰ ਦੱਖਨਾ ।
(ਤੁੰਮਾ ਦੇਂਦਾ ਏ)

ਪਾਂਧਾ--ਤੁੰਮਿਆ ਛੱਡ ਚੁਲੀ । ਹੁਨ ਮੈਂ ਹਥਲੇਵੇਂ ਕਰਾਨ ਲੱਗਾ ਜੇ, ਕੁੜੀ ਮੁੰਡੇ ਦਾ ਗੰਢਚਿਤ੍ਰਵਾ ਕਰੋ ।
[ਸਭਰਾਈ ਗੰਢ ਚਿਤਰਵਾ ਕਰਦੀ ਏ]

ਪਾਂਧਾ—ਮੁੰਡੇ ਦੇ ਹੱਥ ਵਿਚ ਕੁੜੀ ਦਾ ਸੱਜਾ ਹੱਥ ਦਿਓ।

(ਸਭਰਾਈ ਦੇਂਦੀ ਏ)

ਪਾਂਧਾ-ਦ੍ਰੁੱਪ ਰੁਤ੍ਰੁਪੇ ਮਸਤੇ ਵਾਰ। ਪਾਂਧੇ ਵਿਆਹ ਕਰਾਯਾ ਜਾਰ।
ਮੁੰਡਾ ਲੂਤਨਾ ਕੁੜੀ ਚੁੜੇਲ। ਪੜ੍ਹਕੇ ਮੰਤਰ ਦਿਤਾ ਮੇਲ।
ਅੱਗੇ ਹੱਜ ਪਿਛੇ ਬਹਾਰੀ। ਕਿਰਤ ਕਰਾਈ ਪੂਰੀ ਟਾਰੀ।
ਖਾਓ ਪੀਓ ਮਜ਼ੇ ਉਡਾਓ। ਵਿਆਹ ਕਰਾ ਕੇ ਘਰ ਨੂੰ ਜਾਓ।
ਲਓ ਜੀ, ਵਧਾਈ ਜੇ।

ਸਭੇ—ਵਧਾਏ ਜੀ, ਵਧਾਏ।

ਪਾਂਧਾ—ਹੁਣ ਕੁੜੀ ਮੁੰਡੇ ਦੀ ਝੋਲੀ ਸਗਨ ਪਾਓ,
ਖਾਰਿਓਂ ਵਧਾਓ ਤੇ ਸਾਡੀ ਦੱਖਣਾ ਲਿਆਓ।

[ਸਭਰਾਈ ਮੁੰਡੇ ਕੁੜੀ ਨੂੰ ਖਾਰਿਓਂ ਵਧਾਂਦੀ ਏ, ਕੁੰਮਾ ਦੱਖਣਾ ਦੇਂਦਾ ਏ]

ਕੁੰਮਾ—ਪੰਡਿਤ ਜੀ, ਰਾਜੀ ਰਾਜੀ ਜਾਣਾ।

ਪਾਂਧਾ—(ਸਭ ਕੁਝ ਲੈਕੇ ਬੁਚਕੀ ਬੰਨ੍ਹ ਕੇ) ਹੱਛਾ, ਹੁਣ ਸਾਨੂੰ ਰਾਹ ਪਾਓ।

ਕੁੰਮਾ—ਏਥੋਂ ਨੱਕ ਦੀ ਸੀਧੇ ਟੁਰੇ ਜਾਓ। ਅਹੁ ਸਾਹਮਣੇ ਲਾਹੌਰ ਜੇ। (ਨਿਕਲ ਜਾਂਦੇ ਨੇ)

ਸਭੇ—ਆਓ, ਹੁਣ ਖੁਸ਼ੀ ਮਨਾਈਯੇ।

ਸਭਰਾਈ—ਚੰਗਾ, ਛਖੜ ਝੁਲਾਈਯੇ।

ਜੁਆਈ—ਨਹੀਂ, ਪਿੱਪਲ ਢਾਹੀਯੇ।

ਜੁੰਮਾ—ਨਹੀਂ, ਬਿਜਲੀ ਕੜਕਾਈਯੇ।

ਤੁੰਮਾ—ਆਓ, ਜਨਾਨੀਆਂ ਚਿੜਾਈਯੇ।

ਕੁੰਮਾ—ਨਹੀਂ, ਰਾਹੀ ਢਾਹੀਯੇ।

ਜੁਆਈ—ਅੜੀਯੇ, ਬਾਲ ਡਰਾਈਯੇ।

ਘੰਮੀ—ਬੇਬੇ, ਕਿੱਲਕਿਲੀ ਪਾਈਯੇ ।

ਸਭੇ—ਵਾਹ ਵਾ, ਵਾਹ ! ਜੀ ਵਾਹ ਵਾ, ਵਾਹ !

ਘੰਮੀ ਕਰ ਲੈ ਪੂਰਾ ਚਾ । (ਕਿਲਕਿਲੀ ਪਾਂਦੀਆਂ ਨੇ)

[ਕਿੱਲਕਿਲੀ]

੧—ਅਸੀ ਬਿਜਲੀ ਦਾ ਲਿਸ਼ਕਾਰਾ ਨੀ ।
ਅਸੀ ਝੱਖੜ ਵਿਚ ਗੁਬਾਰਾ ਨੀ ।
ਅਸੀ ਭਾਂਬੜ ਵਿਚ ਅੰਗਿਆਰਾ ਨੀ ।
ਅਸੀ ਟੁੱਟਨ ਵਾਲਾ ਤਾਰਾ ਨੀ ।
ਅਸੀ ਕਿੱਲਕਿਲੀਆਂ ਹੁਨ ਪਾਵਾਂਗੇ । ਮਨਮੰਨੇ ਸੋਹਲੇ ਗਾਂਵਾਂਗੇ ।

੨—ਅਸੀ ਕਈ ਸੱਚਿਆਂ ਵਿਚ ਢਲੀਆਂ ਨੀ ।
ਕਦੀ ਭੌਏਂ ਨਾ ਲਾਈਆਂ ਤਲੀਆਂ ਨੀ ।
ਇਕ ਠੌਰ ਨ ਰਹੀਆਂ ਖਲੀਆਂ ਨੀ ।
ਕਦੇ ਭੇੜੋਂ ਮੂਲ ਨ ਟੱਲੀਆਂ ਨੀ ।
ਅਸੀ ਕਿਲਕਿਲੀਆਂ ਹੁਨ.... ....

੩—ਕਿੱਲ ਕਿਲੀ ਕਲੀਰ ਦੀ ।
ਪੱਗ ਰੰਜੀਤ ਸਿੰਘ ਵੀਰ ਦੀ ।
ਦੁਪੱਟਾ ਸਦਾ ਕੌਰ ਦਾ ।
ਲੈ ਲੀਤਾ ਰਾਜ ਲਾਹੌਰ ਦਾ ।
ਅਸੀ ਕਿੱਲਕਿਲੀਆਂ... ....

੪—ਅਸਾਂ ਰਾਜ ਬਿਠਾਯਾ ਵੀਰ, ਕੁੜੇ ।
ਸਭ ਮਾਰ ਮਿਟਾਯੇ ਕੀਰ, ਕੁੜੇ ।
ਲੈ ਲੀਤੀ ਰਾਂਝੇ ਹੀਰ, ਕੁੜੇ ।

ਸਭ ਖੇੜੇ ਕਰ ਦਿਲਗੀਰ, ਕੁੜੇ।
ਅਸੀ ਕਿੱਲਕਿਲੀਆਂ ਹੁਨ........ [ਪਰਦਾ]

ਰੂਪ—੬ ਭਸੀਨ ਦਾ ਦਾਰਾ। ਲੋਕ ਬੈਠੇ ਨੇ।

ਗਾਮਾ ਖਤਰੀ—ਦਾਦਾ, ਸ਼ਿਬੂ! ਆ, ਸ਼ਤ੍ਰੰਜ ਦੀ ਬਾਜ਼ੀ ਲਾ।

ਸ਼ਿਬੂ—ਨ, ਅੜਿਆ ਮੈਂ ਪੱਠੇ ਲੈਨ ਚੱਲਿਆਂ। ਰਾਤ ਦੇ ਡੰਗਰ ਭੁੱਖੇ ਬੱਧੇ ਹੋਏ ਨੇ।

ਗਾਮਾ—ਓਏ, ਦੇ ਚੋਰਾਂ ਦੇ ਡੰਗਰਾਂ ਨੂੰ! ਆ, ਇਕ ਬਾਜ਼ੀ ਤੇ ਲਾਈਯੇ। ਤੂੜੀ ਪਾ ਲਈਂ ਖਾਂ।

ਸ਼ਿਬੂ—ਨ, ਭਰਾਵਾ, ਗਾਂ ਡਾਢੀ ਕੁਚਲਨੀ ਹਿਲੀ ਹੋਈ ਏ। ਤੂੜੀ ਨੂੰ ਤੇ ਇੰਵੇਂ ਨਾਹਰੀ ਹੋਈ ਵੇਹੰਦੀ ਏ, ਜਿਵੇਂ ਦੁਕਾੜਾ ਲੱਗਦਾ ਸੂ।

ਗਾਮਾ—ਅਸ਼ਕੇ, ਓਏ, ਦਾਦਾ! ਭਈ ਨਹੀਂ ਰੀਸਾਂ ਦਾਦੇ ਦੀਆਂ! ਮੀਂਹ ਜਾਯੇ, ਹਨੇਰੀ ਜਾਯੇ, ਦੋ ਵੇਲੇ ਪੱਠੇ ਲਿਆਉਂਦਾ ਜੇ। ਬੱਲੇ, ਦਾਦਾ।

ਸ਼ਿਬੂ—ਓਏ ਘੱਟਿਆ ਟਹਿਲੋਂ ਈ ਮਹਿਲ ਏ ਕੇ। ਜੇ ਮਾਲ ਦੀ ਟਹਿਲ ਨ ਕਰੀਯੇ, ਤੇ ਅਪਨਾ ਢਿੱਡ ਕਿੱਥੋਂ ਭਰੀਯੇ? ਤੇਰੇ ਵਾਂਗਰ ਤੇ ਨਹੀਂ ਨ, ਜਿਵੇਂ ਓਹ ਵੇਹੜਕੀ ਰਖੀ ਸਾਈ!

ਗਾਮਾ—ਦਾਦਾ, ਮੈਂ ਤੇ ਸ਼ੁਕਰ ਸ਼ੁਕਰ ਕਰਕੇ ਮਗਰੋਂ ਲਾਹੀ ਸੀ। ਸੁਨਾ, ਲਾਖੀ ਵੱਕੋਂ ਦੀ ਹੋ ਗਈ ਆ?

ਸ਼ਿਬੂ—ਰਾਮੇ ਸ਼ਾਹ, ਹੋ ਤੇ ਗਈ ਸੀ, ਪਰ ਫੇਰ ਫਿਰ ਗਈ ਏ।

ਮਾਹੀਆ ਘੁਮਿਆਰ—ਦਾਦਾ ! ਸੁਣਾ, ਤੂੰ ਬੂਰੀ ਦਾ ਸੌਦਾ ਕਰਦਾ ਸਾਏਂ ? ਦੇਣੀ ਆ ?

ਸ਼ਿਬੂ—ਹਾਂ, ਦੇਣੀ ਏ। ਦੱਸ ਕੇਹੜਾ ਗਾਹਕ ਈ ? ਤੂੰ ਲੈਣਾ ਏਂ ?

ਜੁੰਮਾ ਕਸ਼ਮੀਰੀ—ਦਾਦਾ, ਮੈਂ ਲੈਣਾ ਵਾਂ।

ਸ਼ਿਬੂ—ਓਏ, ਬਹੋ ਓਏ ਕਸ਼ਮੀਰੀਓ । ਤੁਹਾਡੇ ਜਹੇ ਫਿੱਟਦਾਹੜੀਆਂ ਨਾਲ ਵੀ ਸੌਦੇ ਕਰੀਦੇ ਨੇ ? ਅਖੇ 'ਪਿਓ ਨ ਮਾਰੀ ਪਿੱਦੜੀ ਤੇ ਏਟਾ ਤੀਰ ਅੰਦਾਜ'। ਘੱਟਿਓ, ਤੁਸੀ ਕਦੋਂ ਦੇ ਤੂਰੀ ਲੈਣ ਜੋਗੇ ਹੋਏ ਓ ? ਇੱਕ ਤੇ ਅੱਗੇ ਗਦਰੀ ਦਾ ਸੌਦਾ ਕੀਤਾ ਸਾਜੇ ਨ ?

ਰਾਮਾ—ਬੱਲੇ, ਓਏ ਦਾਦਾ ! ਬੱਲੇ। ਏਹ ਕਸ਼ਮੀਰੀ ਵੀ ਕੂਨ ਜੋਗੇ ਨੇ ? ਲੈ, ਭਈ ਜੁੰਮਿਆ ਮੱਲਾ, ਕਰ ਖਾਂ ਦਾਦੇ ਨਾਲ ਗੱਲ ! ਦਾਦਾ, ਏਹ ਤੇਰੀ ਬੂਰੀ ਤੇ ਚਿਰੋਕਨੇ ਪਏ ਬੁੜ੍ਹਕਦੇ ਨੀ ?

ਸ਼ਿਬੂ—ਓਏ ਜੰਮ ਜੰਮ ਬੁੜ੍ਹਕਨ। ਘੱਟਿਆ, ਅਸਾਂ ਕੋਈ ਛਿਨ ਪਾਯਾ ਏ ? ਜਰਾ ਏਹ ਭੀ ਦਿਲ ਨੂੰ ਰਾਜੀ ਕਰ ਲੈਨ।

ਜੁਮਾ ਕਸ਼ਮੀਰੀ—ਦਾਦਾ, ਭਈ ਗਦਰੀ ਦੀ ਗੱਲ ਤੇ ਦੇ ਖਾਂ ਜਾਨ। ਖਬਰੇ ਤੇਰੇ ਵਲੋਂ ਗਈ, ਕਿ ਸਾਡੇ ਵਲੋਂ ਗਈ। ਜੇਹੜੀ ਹੋਈ ਬੀਤੀ ਓਹਦਾ ਕੀ ਨਾਂ ਲੈਣਾ। ਤੂੰ ਹੁਣਦੀ ਗੱਲ ਨਬੇੜ। ਏਹ ਚਾਚਾ ਸਮੰਦਾ ਤੇ ਹਾਕਮ ਸ਼ਾਹ ਦੋਵੇਂ ਸੁਣਦੇ ਨੇ। ਹੱਕੋ ਹੱਕ ਦੱਸ। ਤੂਰੀ ਦਾ ਕੀ ਲੈਣਾ ਈ ?

ਸ਼ਿਬੂ—ਭਾਈਆ, ਮੈਂ ਅਨਦਾਹੜੀਆਂ ਨਾਲ ਗੱਲ

ਨਹੀਂ ਕਰਦਾ। ਹਾਕਮ ਸ਼ਾਹ ਪੁਛੇ, ਜਾਂ ਚੌਧਰੀ ਸਮੰਦਾ।

ਸਮੰਦਾ ਚੌਧਰੀ—ਭਈ ਦਾਦਾ ਤੇ ਮੁੰਡਿਆ ਕੋਲੋਂ ਇਓਂ ਜਾਂਦਾ ਏ, ਜਿਵੇਂ ਮੱਛਰ ਵਾ ਕੋਲੋਂ (ਸਿਬੂ ਨੂ) ਦਾਦਾ, ਏਹ ਮੁੰਡੇ ਤੇਰੇ ਨਾਲ ਮਸ਼ਕੂਲਾ ਕਿਓਂ ਕਰਦੇ ਨੇ?

ਜੁੰਮਾ ਕਸਮੀਰੀ—ਚਾਚਾ ਸਮੰਦਿਆ, ਸਹੌਂ ਮੈਨੂੰ ਈਮਾਨ ਦੀ, ਏਹਦੇ ਵਿਚ ਕੱਖ ਵੀ ਮਸ਼ਕੂਲਾ ਨਹੀਂ। ਮਸ਼ਕੂਲੇ ਜੋਗਾ ਦਾਦਾ ਈ ਰਹਿ ਗਿਆ ਏ? ਅਸੀ ਚਰੋਕਨੀ ਝੋਟੀ ਲੈਨ ਲੈਨ ਕਰਦੇ ਸਾਂ ਤੇ ਓਦਨ ਆਪੇ ਦਾਦੇ ਨੇ ਮਾਹੀਯੇ ਨੂੰ ਅਖਿਆ ਸੀ ਕਿ ਮੇਰੀ ਬੂਰੀ ਵਿਕਾ ਦੇ। ਤਦੇ ਮੈਂ ਪੁਛਿਆ ਏ। ਸਹੌਂ ਪੀਰ ਦੀ ਜੇ ਹੁਨੇ ਸੌਦਾ ਕਰੇ ਤੇ ਮੈਂ ਹਾਕਮ ਸ਼ਾਹ ਕੋਲੋਂ ਹੁਨੇ ਰੁਪਯੇ ਲੈ ਦਿਆਂ।

ਸਮੰਦਾ ਚੌਧਰੀ—ਜੁੰਮਿਆਂ, ਫੇਰ ਤੇਰਾ ਸੌਦਾ ਬਨਾਈਯੇ?

ਜੁੰਮਾ ਕਸਮੀਰੀ—ਨਾਲ ਈਮਾਨ ਦੇ ਬਨਾ ਦਿਓ। ਅਸੀ ਲੱਸੀ ਪਾਨੀ ਨੂੰ ਡਾਢੇ ਆਤੁਰ ਆਂ।

ਚੌਧਰੀ—ਹੱਛਾ, ਭਈ ਦਾਦਾ ਗੱਲ ਕਰ। ਕੀ ਲੈਨਾ ਈ?

(ਸਿ. ਚੁਪ) ਦਾਦਾ, ਬੋਲਿਓਂ ਨਾਂ?

ਸਿਬੂ—ਚੌਧਰੀ, ਝੋਟੀ ਵੇਖ ਲੈ, ਤੇ ਤੂੰਏ ਕਹਿ ਦੇ।

ਸਮੰਦਾ ਚੌਧਰੀ—ਨ ਦਾਦਾ, ਤੂੰਏਂ ਬੋਲ। ਦਸ ਕੀ ਲੈਂਗਾ? ਅਜੇ ਮਹੀਨੇ ਨੂੰ ਝੋਟੀ ਨੇ ਸੂਨਾ ਏ।

ਸਿਬੂ—ਚੌਧਰੀ ਕੀ ਹੋਯਾ, ਮਹੀਨੇ ਨੂ ਸੂਨਾ ਸੂ ਤੇ? ਝੋਟੀ ਤੇ ਵੇਖ ਜਿਵੇਂ ਕੋਤਲ ਪਾਲੀ ਹੋਈ ਹੁੰਦੀ ਏ! ਨੱਗ ਈ, ਸੁੱਚਾ ਨੱਗ। ਵੇਹੜੇ ਦਾ ਸ਼ਿੰਗਾਰ, ਤੇ ਟੱਬਰ ਦੀ

ਬਹਾਰ। ਸਾਰਾ ਸਿਆਲ ਏਹਦੀ ਟਹਿਲ ਕਰ ਕਰ ਝੁਗਾ ਪੈ ਛੜਿਆ ਏ। ਮੱਝ ਦਾ ਮੁੱਲ ਪੰਜੀ ਰੁਪਯੇ।

ਹਾਕਮ ਸ਼ਾਹ—ਬੱਲੇ! ਬੱਲੇ! ਬੱਲੇ! ਭਾਈ ਦਾਦੇ ਨੇ ਬੜੀ ਛਾਲ ਮਾਰੀ ਜੇ। ਏਡਾ ਕੁਫਰ! ਅਸ਼ਕੇ ਓਏ ਦਾਦਾ! ਝੋਟੀ ਨ ਹੋਈ, ਕੋਈ ਹੱਥਨੀ ਹੋਈ!

ਸ਼ਿਬੂ—ਸ਼ਾਹ ਤੂੰ ਕਰਨਾ ਏਂ ਝੇੜਾਂ। ਇਕ ਵਾਰੀ ਝੋਟੀ ਨੂੰ ਲੈ ਵੇਖ। ਤੇ ਫੇਰ ਆਖੀਂ।

ਚੌਧਰੀ—ਭਈ ਦਾਦਾ ਕੋਈ ਲੈਨ ਦੇਨ ਵਾਲਾ ਮੁੱਲ ਕਰ। ਆਖੇਂ ਤੇ ਮੈਂ ਦੱਸਾਂ।

ਦਾਦਾ ਸ਼ਿਬੂ—ਤੂੰ ਚਾ ਦੱਸ। ਪੁਜੇਗਾ ਤੇ ਦੇਦਿਆਂਗੇ।

ਸਮੰਦਾ ਚੌਧਰੀ—ਝੋਟੀ ਦਾ ਮੁੱਲ ਰੁਪਏ ਪੰਦ੍ਰਾਂ।

ਸ਼ਿਬੂ—ਚੌਧਰੀ ਭਈ ਤੂੰ ਝੋਟੀ ਲੈ ਅਖੀਂ ਵੇਖ। ਤੇ ਫੇਰ ਮੁਨਸਬੀ ਤੇਰੇ ਤੇ ਰਹੀ। ਜੇ ਕੌਡੀ ਦੀ ਕਸਰ ਹੋਵੇ, ਤੇ ਤੂੰ ਭਰਾ ਲੱਗਨਾ ਏਂ ਲਾਹ ਕੇ ਜੁੱਤੀ ਸੌ ਮਾਰੀਂ ਤੇ ਇੱਕ ਗਿਨੀਂ।

ਸਮੰਦਾ ਚੌਧਰੀ—ਓਏ ਦਾਦਾ, ਛੱਡ ਗੱਲਾਂ। ਝੋਟੀ ਮੈਥੋਂ ਭੁਲੀ ਹੋਈ ਏ? ਉਹੋ ਏ ਜੇਹੜੀ ਸ਼ਾਹਨੇ ਮਾਛੀ ਦੇ ਵੱਗ ਵਿਚ ਬੱਲੋਵਾਲੇ ਦੀ ਰਖੇ ਰੋਜ ਛਿੜਦੀ ਏ। ਮਥਿਓਂ ਬਲ੍ਹੀ। ਲੈ ਖਾਂ ਮੈਥੋਂ ਸਭੇ ਪਤੇ। ਏਡਾ ਪਿਓ ਦਾ ਪਿਓ ਮੁਲ ਕੀਤਾ ਈ, ਤੇ ਫੇਰ ਆਹਨਾ ਏਂ ਕਸ਼ਮੀਰੀ ਨ ਗੱਲੇ ਨੇਂ।

ਸ਼ਿਬੂ—ਅੜਿਆ, ਤੁਸੀ ਤੇ ਅਪਨੀ ਮਾਰਦੇ ਜਾਂਦੇ ਓ। ਮੇਰੀ ਗੱਲ ਕੋਈ ਨਹੀਂ ਸੁਨਦਾ। ਜਦੋਂ ਦੀ ਵੱਕੋਂ ਦੀ ਹੋਈ ਏ ਏਹਦੀ ਟਹਿਲ ਕਰਦਿਆਂ ਕਰਦਿਆਂ ਮੇਰਾ ਤੇ ਅਸਲੋਂ ਚੰਡ

ਨਿਕਲ ਗਿਆ ਏ। ਆਹ ਕੈਹਰ ਦੀ ਤੂੜੀ ਸਭੋ ਚਾਰੇ ਪੰਡਾਂ ਰੁਪਯੇ ਦੀ! ਤੇ ਅਧੀ ਮਾਣੀ ਛੋਲੇ ਮੈਂ ਸਾਰਾ ਸਿਆਲ ਚਾਰਦਾ ਰਿਹਾਂ। ਤੇਰੀ ਪੈਲੀ ਤੇ ਕਨਾਲ ਜਵੀ ਲੈਨ ਜਾਈਯੇ ਤੇ ਝੱਟ ਦੋ ਰੁਪਯੇ ਮੁੱਲ ਸੁਨਾ ਦੇਨਾ ਏਂ?

ਸਮੰਦਾ—ਓ ਦਾਦਾ, ਕਿਉਂ ਪਿਆ ਝੂਠ ਬੋਲਨਾ ਏਂ? ਤੇਨੂੰ ਕਦੇ ਪਠਿਓਂ ਦੱਥਿਓਂ ਨਾਂਹ ਕੀਤੀ ਏ? ਜਿੱਥੋਂ ਚਾਹਨਾ ਏਂ ਦਾਤ੍ਰੀ ਜਾ ਲਾਨਾ ਏਂ। ਤੇਰਾ ਕਦੇ ਹੱਥ ਫੜਿਆ ਏ। ਦਿਓ, ਓਇ ਕਸ਼ਮੀਰੀਓ, ਦੋ ਰੁਪਯੇ ਹੋਰ। ਦਾਦੇ ਨਾਲ ਸੌਦਾ ਕਰਨਾ ਖਾਲਾ ਜੀ ਦਾ ਘਰ ਏ?

ਗਾਮਾ ਖਤਰੀ—ਭਈ ਚੌਧਰੀ, ਹਾਕਮ ਸ਼ਾਹ ਨਾਲ ਰਲ ਕੇ ਸਾਡੇ ਦਾਦੇ ਦੀ ਮੱਤ ਨ ਮਾਰੋ! (ਸ਼ਿਬੂ ਨੂੰ) ਦਾਦਾ ਤਗੜਾ ਰਹੋ। ਮੈਂ ਤੇਰੇ ਨਾਲ ਹਾਂ। ਪੰਜੀਆਂ ਤੋਂ ਘਟੀਂ ਨ।

ਸਮੰਦਾ—ਗਾਮੇ ਸ਼ਾਹ, ਹੋਰ ਚੁੱਕ ਸੂ ਦਾਦੇ ਨੂੰ। ਅੱਗੇ ਓਹ ਡਾਢਾ ਕੂਲਾ ਪੱਟ ਏ।

ਸ਼ਿਬੂ—ਨ ਭਾਈਆ, ਮੈਂ ਨਹੀਂ ਛੋਟੀ ਦੇਂਦਾ।

ਹਾਕਮ ਸ਼ਾਹ—ਜੁੰਮਿਆ, ਏਹ ਲੈ ਰੁਪਈਆ। ਦੇ ਦਾਦੇ ਨੂੰ ਸਾਈ।

ਜੁੰਮਾ—ਦਾਦਾ ਭਈ, ਲੈ ਸਾਈ, ਤੇ ਨਬੇੜ ਗੱਲ।

ਸ਼ਿਬੂ—ਵੇਖੋ ਓਇ ਬਦੋ ਬਦੀ ਦੇ ਸੌਦੇ! ਓਹ ਨਾਲ ਨ ਲਿਜਾਏ ਤੇ ਓਹ ਮੋਢਿਆਂ ਤੇ ਚੜ੍ਹੇ। ਮੈਂ ਏਵੇਂ ਸਾਈ ਪਿਆ ਫੜਾਂ? ਕੋਈ ਗੱਲ ਵੀ ਦੱਸੋ? ਮੈਂ ਕਾਹਦੀ ਸਾਈ ਲਾਂ?

ਜੁੰਮਾ—ਚਾਚੇ ਸਮੰਦੇ ਨੇ ਸਤਾਰਾਂ ਰੁਪਯੇ ਆਖ ਦਿਤੇ ਨੇ, ਜੇ ਮਨਜ਼ੂਰ ਈ, ਤੇ ਸਾਈ ਚੁਕ ਲੈ।

ਸ਼ਿਬੂ—ਕੇਹੜੇ ਬੇਈਮਾਨ ਨੇ, ਪੰਜੀਆਂ ਤੋਂ ਕੌਡੀ ਵੀ ਘੱਟ ਲੈਣੀ ਏ ?

ਹਾਕਮ ਸ਼ਾਹ—ਲੈ ਭਈ ਜੁੰਮਿਆ, ਇਕ ਰੁਪਈਆ ਹੋਰ ਚੜ੍ਹ ਜਾ।

ਜੁੰਮਾ—ਸ਼ਾਹ ਜੀ, ਜਿਵੇਂ ਆਖੋ ਮਨਜ਼ੂਰ ਹੈ।

ਸ਼ਿਬੂ—ਹਾਕਮਸ਼ਾਹ, ਤੂੰ ਏਸ ਗੱਲ ਦੇ ਖੈਹੜੇ ਨ ਪਓ।

ਸਮੰਦਾ—ਲੈ ਭਈ ਦਾਦਾ, ਮੈਂ ਧਰਮੋ ਧਰਮੀ ਨਬੇੜਾਂ। ਮੱਝ ਦਾ ਮੁੱਲ ਰੁਪਏ ਵੀਹ। ਜੁਮਿਆ ਫੜਾ ਸਾਈ। ਦਾਦਾ ਭਈ ਹੁਨ ਨ ਕੂਈਂ।

ਸ਼ਿਬੂ—ਨ ਭਾਈਆ, ਏਹ ਸੌਦਾ ਮੈਨੂੰ ਹੁੰਦਾ ਨਹੀਂ ਜਾਪਦਾ। ਉਂਞ ਜੇ ਝੋਟੀ ਤੁਸਾਂ ਬਦੋ ਬਦੀ ਖੋਹਨੀ ਏ ਤੇ ਜੋ ਮਰਜੀ ਜੇ ਕਰੋ। ਮੈਂ ਕੋਈ ਹੱਥ ਫੜਿਆ ਏ?

ਸਮੰਦਾ—ਓਏ ਜੁੰਮਿਆਂ, ਤੂੰ ਏਡਾ ਖੈਹੜੇ ਕਿਓਂ ਪਿਆ ਏਂ? ਜਾ ਜੇ ਝੋਟੀ ਤੂੰ ਜਰੂਰ ਲੈਣੀ ਏ ਤੇ ਮੇਰੇ ਕਿੱਲਿਓਂ ਘੰਮੇ ਬਰਵਾਲੇ ਵਾਲੀ ਝੋਟੀ ਖੋਲ ਲਿਆ। ਸੱਜਰ ਸੂਈ। ਦਸ ਟੋਪੇ ਦੁੱਧ ਈ। ਤੇ ਡਾਢੀ ਅਸੀਲ।

ਜੁੰਮਾ—ਲੈ ਭਾਈ ਦਾਦਾ ਰੱਫੜ ਮੁਕਾ। ਜੇ ਸੌਦਾ ਕਰਨਾ ਈ ਤੇ ਏਹ ਰੁਪਈਆ ਸਾਈ ਦਾ ਚੁੱਕ ਲੈ। ਵੀਹ ਰੁਪਯੇ ਤੈਨੂੰ ਹੋਰ ਦੇ ਦਿਆਂਗੇ। ਹੋਰ ਕਾਹਨੂੰ ਪਏ ਏਵੇਂ ਤਰਲੇ ਕਰੀਯੇ।

ਸ਼ਿਬੂ–ਚੰਗਾ ਭਈ, ਜੀਕਨ ਕੇਹਨਾ ਏਂ। ਚੌਧਰੀ ਸਮੰਦੇ ਦਾ ਆਖਾ ਤੇ ਨਹੀਂ ਨ ਮੋੜਨਾ। [ਸਾਈ ਲੈ ਲੈਂਦਾ ਏ]

[ਅਰੂੜਾ ਸ਼ਾਹ ਆਉਂਦਾਏ]

ਅਰੂੜਾ–ਚੌਧਰੀ ਸਮੰਦਿਆ, ਕੋਈ ਪੱਠਿਆਂ ਦੀ ਮੁੱਠ ਚਾਹੀਦੀ ਏ।

ਸਮੰਦਾ–ਸ਼ਾਹ ਜੀ, ਅੱਜ ਕਲ ਪੱਠੇ ਕਿਥੇ? ਜਦੋਂ ਦੀਆਂ ਫੌਜਾਂ ਆਈਆਂ ਨੇ। ਜੱਟਾਂ ਦੇ ਭਾ ਦੀਆਂ ਡਾਢੀਆਂ ਔਕੜਾਂ ਬਨਾਈਆਂ ਨੇ। ਨ ਪੈਲੀਆਂ ਰਹੀਆਂ ਨ ਬੰਨੇ ਨ ਖੂਹ ਤੇ ਨ ਚੰਨੇ। ਹੁਨ ਤੇ ਸਗੋਂ ਅਪਨਾ ਮਾਲ ਪੱਠਿਆਂ ਤੋਂ ਡਾਢਾ ਆਤੁਰ ਏ।

ਅਰੂੜਾ–ਚੌਧਰੀ ਜਿੰਨੇ ਹੋ ਜਾਨ, ਉਨੇ ਈ ਸਹੀ।

ਸਮੰਦਾ–ਸ਼ਾਹ ਜੀ ਹੋਨ ਕਿਥੋਂ? ਸਾਡਾ ਮਾਲ ਤੇ ਆਪ ਸਰਕੜਾ ਖਾਂਦਾ ਏ। ਅੱਗੇ ਕਦੇ ਨਾਂਹ ਕੀਤੀ ਸੀ?

(ਬੇਲੀ ਬਾਹਮਨ ਆਉਂਦਾ ਏ)

ਬੇਲੀ–ਚੌਧਰੀ, ਵਧਾਇਓਂ!

ਸਮੰਦਾ–ਦਾਦਾ, ਸੁਨਾ ਕਾਹਦੀ ਵਧਾਈ ਦੇਨਾ ਏਂ?

ਬੇਲੀ–ਗੁਲਾਬ ਸਿੰਘ, ਤੇ ਧੂੜ ਦਿਆਂ ਬਦਲਾਂ ਵਾਂਗਰ ਉੱਡ ਗਿਆ!

ਸਮੰਦਾ–ਹੈਂ, ਹੈਂ, ਦਾਦਾ, ਓਹ ਕਿਵੇਂ?

ਬੇਲੀ–ਬੱਸ, ਚੌਧਰੀ ਰਾਤੀਂ ਸ਼ਰਾਬ ਜੋ ਚਾੜ੍ਹੀਓ ਸੂ, ਕਿਤੇ ਪੱਠੇ ਲੱਗ ਗਈ। ਮੰਜੇ ਤੇ ਈ ਚਿੱਤ ਹੋਗਿਆ। ਵਡੇ ਵੇਲੇ

ਦੰਦ ਟੱਡੇ ਹੋਯੇ ਪਿਆ ਵੇਖਿਆ ਨੇ। ਹੁਨ ਸਸਕਾਰ ਕਰਨ ਲਿਲੱਚੇ ਨੇ।

ਸਮੰਦਾ—ਲੌ ਭਈ ਏਡੀਆਂ ਫੜਾਂ, ਤੇ ਕਰਤੂਤ ਛੇਕੜੇ ਆਹ! ਬੰਦੇ ਦਾ ਕੀਹ ਏ? ਢੁਕ ਆਈ ਆਈ ਨ ਆਈ ਨ ਈ ਆਈ! ਓਹ ਭੈੜਾ ਸ਼ਰਾਬ ਤੇ ਇੰਵ ਪੀਂਦਾ ਸੀ ਜਿਵੇਂ ਹਾੜਬਿਆ ਹੋਯਾ ਸਾਹਨ ਮਕਈ ਤੇ ਪੈਂਦਾ ਏ।

ਬੇਲੀ—ਅਜੇ ਕਲ ਪਹ੍ਰੇ ਵਿਚ ਸਾਰਿਆਂ ਦੇ ਮੋਹਰੇ ਬੜ੍ਹਕ ਕੇ ਆਖਿਆ ਸਾਸੂ, ਕਿ ਜੇ ਮੈਂ ਵਡੇ ਵੇਲੇ ਰੰਜੀਤ ਸਿੰਘ ਨੂੰ ਚਿੱਥ ਨ ਸੁੱਟਾਂ, ਤੇ ਪਿਓ ਦਾ ਪੁੱਤ ਈ ਨਹੀਂ।

ਸਮੰਦਾ—ਦਾਦਾ ਹੰਕਾਰ ਦਾ ਸਿਰ ਨੀਵਾਂ ਹੁੰਦਾ ਏ। "ਬੜੇ ਬੜੇ ਹੰਕਾਰੀਆ ਨਾਨਕ ਗਰਬ ਗਲੇ।" ਤੇ ਸੁਨਾ ਦੂਜੇ ਕੀ ਕਰਦੇ ਨੀ?

ਬੇਲੀ—ਨਿਜਾਮਦੀਨ ਕਸੂਰੀਆ ਤੇ ਜਾਂਦਾ ਨਹੀਂ ਡਿੱਠਾ। ਰਾਮਗੜ੍ਹੀਯੇ ਵੀ ਪੱਤਰਾ ਵਾਚ ਗਏ ਨੇ। ਸਾਹਿਬ ਸਿੰਘ ਦੇ ਇਕ ਦੋ ਆਦਮੀ ਪਿਛੇ ਨੇ, ਓਹ ਆਪ ਗੁਜਰਾਤ ਨੂੰ ਰਾਹੀ ਹੋ ਗਿਆ ਏ।

ਸਮੰਦਾ—ਵਾਹ! ਚੰਗੀ ਕੁੜਮਾਚਾਰੀ ਘੋਲੀ ਸੁ। ਅਪਨੇ ਜੁਆਈ ਦਾ ਵੀ ਫਿਕਰ ਨਹੀਂ! ਤੇ ਗੁਲਾਬਸਿੰਘ ਦਾ ਟੱਬਰ?

ਬੇਲੀ—ਓਹ ਅੱਜ ਫੁੱਲ ਚੁੱਗਕੇ ਟੁਰ ਜਾਯੇਗਾ। ਭੁੰਗੀ ਤੇ ਗੁਰਦਿੱਤ ਸਿੰਘ ਨੇ ਈ ਖੱਧੀ ਏ, ਪਰ ਓਹ ਅਜੇ ਅਞਾਣਾ ਏ। ਕਿਰਯਾ ਕਰਮ ਆਪ ਰਾਣੀ ਸੁਖਾਂ ਕਰੇਗੀ।

ਸਮੰਦਾ–ਚੰਗਾ, ਏਹ ਰੋਜ਼ ਦਿਨਾਂ ਦਾ ਘੀਂਗਾਂ ਤੇ ਮਿਟਿਆਂ ! ਬੱਸ, ਹੁਨ ਗੁਲਾਬ ਸਿੰਘ ਦਾ ਟੱਬਰ ਵੀ ਸਮਝੋ ਗਿਆ। ਗੁਰ-ਦਿਤ ਸਿੰਘ ਅਜੇ ਅਵਾਨਾ ਏ। ਤੇ ਜ਼ੀਮ ਜ਼ੀਮ ਤੋਪ ਨੇ ਜਰੂਰ ਕੋਈ ਨ ਕੋਈ ਪੁਵਾੜਾ ਪਾਨਾ ਏ। ਸੁਖਾਂ ਮਦੇ ਵੇ ਤੇ ਰੰਜੀਤ ਸਿੰਘ ਮਛੱਡ ਵੇ।

ਬੇਲੀ–ਬਸ, ਰੰਜੀਤ ਸਿੰਘ, ਏਸ ਵੇਲੇ ਪੰਜਾਬ ਵਿਚ ਕੁਲ ਕੁਲਾਂ ਹੋ ਗਿਆ ॥

ਸਮੰਦਾ—ਰੰਜੀਤ ਸਿੰਘ ਦੇ ਇਕਬਾਲ ਵਿਚ ਹਿਕਮਤ ਖੁਦਾਈ ਏ। ਜੇ ਓਸ ਪੁੱਠੀ ਵੀ ਕੀਤੀ ਏ, ਤੇ ਰਬ ਨੇ ਸਿੱਧੀ ਚਾ ਪਾਈ ਏ। ਹੁਨ ਕਸੂਰੀਆਂ ਦੀ ਵੀ ਠੱਪ ਚੰਦ ਨਾਲੇ ਈ ਸਮਝੋ।

ਬੇਲੀ—ਠੱਪ ਚੰਦ? ਓਹਨਾਂ ਨਾਲ ਓਹ ਹੋਨੀ ਏ! ਕਿ ਦੁਨੀਆ ਯਾਦ ਕਰੇਗੀ। ਚੌਧਰੀ ਜੀ, ਜਦੋਂ ਦੀ ਨਿਜਾਮ ਦੀਨ ਨਵਾਬੀ ਲਈ ਏ, ਤਦੋਂ ਦੀ ਲਾਹੌਰ ਦੇ ਭਾ ਦੀ ਤੇ ਡਾਢੀ ਖਰਾਬੀ ਈ ਰਹੀ ਏ।

ਸਮੰਦਾ—ਹਾਂ, ਦਾਦਾ। ਰਿਆਯਾ ਦੀ ਬੇਪਤੀ ਕਰਨਾ ਕੀ ਵਡਿਆਈ ਏ? ਬੇਦੋਸ਼ਾਂ ਮਸੂਮਾਂ ਦੀ ਜਾਨ ਕੰਦਲ ਕਰਨ ਵਿਚ ਕੀ ਬਾਤਸ਼ਾਹੀ ਏ?

ਬੇਲੀ—ਚੌਧਰੀ, ਲਾਹੌਰ ਦੇ ਬਾਜ਼ਾਰਾਂ ਤਾਨੀ ਮਾਹ ਕਰਦੇ ਨੇ।

ਸਮੰਦਾ—ਹੱਛਾ, ਹੁਨ ਰੰਜੀਤ ਸਿੰਘ ਅਗਲੀ ਪਿਛਲੀ

ਕਸਰ ਕੱਢੇਗਾ। ਤੇ ਕਸੂਰੀਆਂ ਨੂੰ ਵੀ ਨੱਕ ਵਿਚ ਪਾਨ ਜੋਗਾ ਕਰਕੇ ਛੱਡੇਗਾ॥ [ਪਰਦਾ]

ਰੂਪ—੭। ਲਾਹੌਰ ਦਾ ਬਾਜ਼ਾਰ।

ਨਿੱਕਾ ਮਲ—ਰਾਮੇ ਸ਼ਾਹ, ਰਾਮ, ਰਾਮ! ਅਜ ਕਾਹਦਾ ਭੀੜ ਭੜੱਕਾ ਏ?

ਰਾਮੇ ਸ਼ਾਹ—ਨਿੱਕਾ ਮਲ ਜੀ, ਅਜ ਰਾਜੇ ਹੋਰੀਂ, ਮਦਾਨ ਜਿੱਤਕੇ ਆਏ ਨੇ। ਤੇ ਸ਼ੈਹਰ ਵਿਚਦੀ ਹੋਕੇ ਕਿਲੇ ਨੂੰ ਜਾਨਗੇ। ਏਸੇ ਲਈ ਲੋਕਾਂ ਨੇ ਹੱਟ ਸਜਾਏ ਨੇ ਤੇ ਹਾਰ ਤੇ ਫੁਲਾਂ ਦੇ ਸੇਹਰੇ ਲਟਕਾਏ ਨੇ। ਵੇਖਾਂ, ਕੀਕਨ ਖਲਕਤਾਂ ਟੁੱਟਕੇ ਆਈਆਂ ਨੇ? ਜਿਵੇਂ ਕੀੜਿਆਂ ਦੇ ਭੌਣਾਂ ਨੇ ਬਰਖਾ ਦੀਆਂ ਕਿੱਰਾਂ ਪਾਈਆਂ ਨੇ।

ਨਿੱਕਾ:—ਬੱਲੇ! ਰਾਜਾ ਜੀ, ਬੱਲੇ! ਰਾਮੇ ਸ਼ਾਹ, ਕੇਹੜੀ ਮੁਹਿੱਮ ਜਿੱਤੀ ਨੇ?

ਰਾਮੇ:—ਨਿੱਕੇ ਸ਼ਾਹ, ਭੰਗੀਆਂ ਨਾਲ ਓਹ ਕੀਤੀ ਨੇ, ਕਿ ਰੂਹੇ ਰੱਬਦਾ ਨਾਂ! ਬੜੀਆਂ ਤੋਪਾਂ,ਤੇ ਬੜੇ ਖਜ਼ਾਨੇ ਖੋਹ ਕੇ ਲਿਆਏ ਨੇ। ਨਾਲੇ ਮੱਲ ਜੀ,ਕਸੂਰੀਆਂ ਦੀ ਵੀ ਡਾਢੀ ਝੌਹਰ ਲਾਹੀ ਨੇ।

ਨਿੱਕਾ:—ਸ਼ਾਵਾ, ਰਾਜਾ ਜੀ, ਸ਼ਾਵਾ! ਰਾਮੇਸ਼ਾਹ ਕਸੂਰੀਏ ਵੀ ਅੱਤ ਦੇ ਮੂੰਹ ਆਏ ਹੋਏ ਸਨ।

ਰਾਮੇ:—ਨਿੱਕਾ ਮਲ ਜੀ। ਸਾਡਾ ਰਾਜਾ ਤੇ ਕੋਈ ਸੱਚ ਮੁਚ ਦਾ ਉਤਾਰ ਏ।

ਨਿੱਕਾ:—ਰਾਮੇਸ਼ਾਹ, ਏਹ ਗੱਲ ਸੋਲਾਂ ਆਨੇ ਸੁੱਧ ਏ। ਅਗਲੇ ਦਿਨ ਸਾਡੇ ਭਾਈਏ ਹੋਰੀ ਹਰਦੁਆਰੋਂ ਆਏ ਨੇ। ਓਹ ਸੁਨਾਨ ਲੱਗੇ ਕਿ ਅਸੀ ਰਿਖੀਕੇਸ਼ ਦੇ ਦਰਸ਼ਨਾਂ ਨੂੰ ਜੋ ਗਏ ਤੇ ਇਕ ਬਰੀ ਦੂਰ ਜਾਕੇ ਬਨ ਆਯਾ।

ਰਾਮੇ:—ਹਛਾ, ਫੇਰ ?

ਨਿੱਕਾ:—ਫੇਰ,ਰਾਮੇਸ਼ਾਹ, ਓਸ ਬਨ ਵਿਚ ਕੀ ਡਿਠੋ ਨੇ, ਕਿ ਚਾਰ ਧੂਣੀਆਂ ਲਗੀਆਂ ਹੋਈਆਂ ਨੇ।

ਰਾਮੇ ਸ਼ਾਹ—ਫੇਰ ? ਨਿੱਕਾ ਮਲ ਜੀ।

ਨਿੱਕਾ ਮਲ—ਫੇਰ, ਰਾਮੇ ਸ਼ਾਹ, ਤਿੰਨ ਸਾਧ ਤੇ ਸਮਾਧੀ ਲਾ ਕੇ ਤਿੰਨਾਂ ਧੂਨੀਆਂ ਅੱਗੇ ਬੈਠੇ ਹੋਏ ਨੇ,ਪਰ ਚੌਥੀ ਖਾਲਮ ਖਾਲੀ ਪਈ ਹੋਈ ਏ।

ਰਾਮੇ ਸ਼ਾਹ—ਹੱਛਾ। ਨਿੱਕਾ ਮੱਲ ਜੀ। ਫੇਰ?

ਨਿੱਕਾ ਮਲ—ਫੇਰ ਰਾਮੇ ਸ਼ਾਹ! ਸਾਡੇ ਭਾਈਏ, ਹੋਰੀ ਵੀ ਬਹਿ ਗਏ। ਬਰਾ ਈ ਚਿਰ ਬੈਠੇ। ਬੈਠਿਆਂ ਬੈਠਿਆਂ ਤਰਕਾਲਾਂ ਪੈ ਗਈਆਂ। ਸਾਧੂ ਹੋਰੀ ਸਮਾਧੀਆਂ ਲਾਕੇ ਸ੍ਵਾਸ ਆਗਾਸ਼ ਨੂੰ ਚੜ੍ਹਾਕੇ ਜਿਓਂ ਬੈਠੇ ਜਿਓਂ ਬੈਠੇ ਨ ਹਿੱਲਨ ਨ ਜੁਲੱਨ। ਮੱਲ ਜੀ, ਪਹਿਰ ਰਾਤ ਗਿਆਂ ਤਾੜੀ ਖੁੱਲੀ। ਇੱਕ ਓਹਨਾਂ ਵਿਚ ਬੜਾ ਬਿਰਧ ਸੀ। ਓਸ ਭਾਈਯੇ ਹੋਰਾਂ ਨੂੰ ਪੁਛਿਆ "ਤੁਸੀ ਕਿਥੋਂ ਆਏਓ?"ਭਾਈਯੇ ਹੋਰਾਂ ਕਿਹਾ"ਲਾਹੌਰੋਂ"ਸਾਧੂ ਬੋਲਿਆ"ਹਾਂ ਹਾਂ ਸਾਡਾ ਵੀ ਇਕ ਸਾਧੂ ਓਧਰ ਗਿਆ ਹੋਯਾਏ। ਆਹ ਵੇਖਾਂ ਓਹਦੀ ਧੂਣੀ ਖਾਲੀ ਪਈ ਹੋਈ ਏ"। ਭਾਈ,ਯੇ

ਹੋਰਾਂ ਕਹਿਆ, "ਮਹਾਰਾਜ ਅਸਾਂ ਤੇ ਨਹੀਂ ਡਿੱਠਾ" । ਸਾਧੂ ਆਖਿਆ "ਅਖੋਂ ਕਾਣਾ ਏ । ਓਹਦਾ ਨਾਂ ਰੰਜੀਤ ਸਿੰਘ ਏ । ਓਹਨੂੰ ਰਾਜ ਕਰਨ ਦੀ ਵਾਸਨਾ ਹੋਈ ਸੀ । ਅਸਾਂ ਆਖਿਆ ਜਾ ਕਰ ਆ, ਆਹ ਵੇਖਾਂ ਓਹਦੀ ਲੋਥ ਏਥੇ ਧਰੀ ਹੋਈ ਏ । ਤੁਹਾਡੇ ਲਾਹੌਰ ਈ ਤੇ ਓਸ ਰਾਜ ਕਰਨਾ ਏ" ਰਾਮੇ ਸ਼ਾਹ, ਜਦ ਭਾਈਧੇ ਹੋਰਾਂ ਲੋਥ ਨੂੰ ਡਿੱਠਾ, ਤੇ ਹਰਿਆਨ ਪਰੇਸ਼ਾਨ ਰਹਿ ਗਏ । ਬਨਿਸਤ ਰਾਜੇ ਹੋਰਾਂ ਵਾਂਗਰ ।

ਰਾਮੇ ਸ਼ਾਹ—ਹਲਾ ! ਨਿੱਕਾਮਲ ਜੀ ! ਤਦੇ ਏਡੇ ਪ੍ਰਤਾਪੀ ਨੇ ।

ਨਿੱਕਾ ਮਲ—ਰਾਮੇਸ਼ਾਹ, ਜਿਹਨੂੰ ਹੱਥ ਪਾਂਦਾ ਏ, ਓਹ ਅੱਗੇ ਈ ਨਿਓਂ ਜਾਂਦਾ ਏ ।

(ਗਨੌਂ ਵਾਜਿਆਂ ਦੀ ਅਵਾਜ)

ਰਾਮੇ ਸ਼ਾਹ—ਆਹ । ਰਾਜੇ ਹੋਰੀ ਆਏ !

ਘਰਾਂ ਤੋਂ, ਹੱਟਾਂ ਤੋਂ "ਵਧਾ ਏ ਮਹਾਰਾਜ !" ਦੀ ਅਵਾਜ਼ ਨਿਕਲ ਦੀ ਏ ਮਹਾਰਾਜ ਹੱਥ ਜੋੜਦੇ ਕਿਲੇ ਨੂੰ ਚਲੇ ਜਾਂਦੇ ਨੇ ।

ਰੂਪ–੯ । ਕਿਲੇ ਦਾ ਬੂਹਾ ।

[ਮਹਾਰਾਜ ਆਉਂਦੇ ਨੇ]

ਗੁਰਬਖਸ਼ ਸਿੰਘ—[ਅਦਰੋਂ ਆਕੇ] ਮਹਾਰਾਜ, ਦੋਹਰੀਆਂ ਵਧਾਈਆਂ । ਦਿਲਾਂ ਦੀਆਂ ਮੁਰਾਦਾਂ ਸੱਜਨਾਂ ਨੇ ਪਾਈਆਂ । ਸਾਲਾਂ ਦੀਆਂ ਔੜਾਂ ਤੇ ਵਾਹਗੁਰੂ ਝੜੀਆਂ ਲਾਈਆਂ । ਆਨੰਦ ਮੰਗਲਾਚਾਰ ਦੀਆਂ ਨਦੀਆਂ ਉੱਛਲ ਉੱਛਲ ਕੇ ਮਹਿਲਾਂ ਦੇ ਸਮੁੰਦਰ ਵਿਚ ਆਈਆਂ । ਰਾਨੀ ਦਾਤਾਰ ਕੌਰ ਨੂੰ

ਈਸ਼੍ਵਰ ਨੇ ਭਾਗ ਲਾਯਾ, ਇੱਕ ਸੋਹਣਾ ਜਿਹਾ ਕੰਵਰ ਦੇ ਕੇ ਆਪ ਦੀ ਕੁਲ ਨੂੰ ਵਾਧਾ ਪਾਯਾ।

ਮਹਾਰਾਜ—ਹੱਲਾ, ਗੁਰਬਖਸ਼ ਸਿੰਘਾ, ਕਦੋਂ ਹੋਯਾ ਏ? (ਗਲੋਂ ਮਾਲਾ ਲਾਹ ਕੇ ਦੇਂਦੇ ਨੇ)

ਗੁਰਬਖਸ਼ ਸਿੰਘ—(ਮਾਲਾ ਲੈਕੇ) ਦੀਨ ਦਿਆਲ, ਅੱਜ ਪ੍ਰਭਾਤ ਵੇਲੇ ਨਾਲ। ਅਜੇ ਘੁਸਮੁਸਾ ਈ ਸੀ, ਜਦੋਂ ਟਹਿਲਨਾਂ ਅੰਦਰੋਂ ਆਈਆਂ। ਤੇ ਏਹ ਮੰਗਲਾਚਾਰ ਲਿਆਈਆਂ।

ਰੰਜੀਤ ਸਿੰਘ—ਅਕਾਲ ਪੁਰਖ ਦੀ ਮਹਿਮਾ ਬੜੀ ਅਪਰੰਪਾਰ ਹੈ। ਬੰਦੇ ਨੂੰ ਨਿਰੀ ਫੋਕੀ ਟੈਂ ਤੇ ਈ ਹੰਕਾਰ ਹੈ। ਸਾਡੇ ਦਿਲਾਂ ਦੇ ਦੀਵਿਆਂ ਵਿਚ ਜੋ ਏਹ ਤੇਲ ਪਾਯਾ ਸੁ, ਅਪਨੀ ਕਿਰਪਾ ਤੇ ਦਿਆਲਤਾ ਦਾ ਬੜਾ ਈ ਸੋਹਣਾ ਰੂਪ ਵਖਾਯਾ ਸੁ। (ਸਾਥੀਆਂ ਨੂੰ) ਆਪ ਸਭ ਲੋਕ ਦਰਬਾਰ ਚਲੋ, ਅਸੀ ਨਰਾਯਣ ਨੂੰ ਵਧਾਈ ਦੇ ਆਵੀਯੇ। (ਮਹਿਲ ਕੋਲ ਆਕੇ) ਵਾਹ! ਨਕਾਇਣ ਦੇ ਘਰ ਤੇ ਅਜ ਮੰਗਲਾਚਾਰ ਹੋ ਰਿਹਾ ਏ। ਜਨਾਨੀਆਂ ਵਧਾਵੇ ਗਾਂਓਂਦੀਆਂ ਨੇ। (ਗੁਠੋਂ ਗੀਤ ਦੀ ਵਾਜ)

॥ ਵਧਾਵਾ ॥

ਦਿਲ ਦੇ ਜੋ ਬਾਗ ਖਿੜੇ, ਦਿਓ ਵਧਾਈਆਂ,
ਸੋਹਿਲੇ ਗਾਵਨ ਨੂੰ, ਬੁਲਬੁਲਾਂ ਆਈਆਂ!
ਝੋਲੀ ਦੇ ਅੰਬਰ ਤੇ, ਪਿਆ ਚੰਨ ਬਾਲਾ,
ਕਮਲਾਂ ਦੀ ਲਪਟ ਵਧੀ, ਭਉਰ ਸੁਖਾਲਾ।

ਬੋਲ ਰਸੀਲੜੀਆਂ ਮਹਿਲ ਗੁੰਜਾਏ,
ਚੰਨਾਂ ਦੇ ਦਰਸ਼ਨ ਨੂੰ, ਸਰ ਚੜ੍ਹ ਆਏ।
ਮੂੰਹ ਤੇ ਹੁਸਨ ਬੜਾ, ਉਮਰਾਂ ਬਾਲੀ,
ਕੁੱਛੜ ਲਾਲ ਲਿਆ, ਮਾਂ ਕਰਮਾਂ ਵਾਲੀ।
ਲੱਗੀਆਂ ਔੜਾਂ ਉਤੇ, ਅਜ ਮੀਂਹ ਆਯਾ,
ਬੂਟਿਆਂ ਨੂੰ ਬੂਰ ਪਏ, ਕੁਰਬ ਸਵਾਯਾ।
ਸੱਜਨਾਂ ਨੂੰ ਚਾਓ ਚੜ੍ਹੇ, ਨੈਨ ਤ੍ਰਮਿੰਨੇ,
ਲੈਂਦੇ ਨੇ ਵਾਓ ਭਲੀ, ਮੰਨ ਰਸਭਿੰਨੇ।
ਮਹਿਲਾਂ ਦੇ ਬਾਗ ਸਜੇ, ਵੇਲਾਂ ਫਲੀਆਂ,
ਖਿੱੜ ਖਿੱੜ ਟੈਹਕ ਰਹੀਆਂ, ਚੰਬੇ ਦੀਆਂ ਕਲੀਆਂ।
ਜੋਬਨ ਚਿਲਕ ਰਹੇ, ਵੇਸ ਰੰਗੀਲੇ,
ਮੁਖੜੇ ਨੇ ਚੰਨ ਜਹੇ, ਬੋਲ ਰਸੀਲੇ।
ਚੜ੍ਹੀਆਂ ਪਲੰਘ ਹੱਤੇ, ਸੋਇਣ ਚਿੜੀਆਂ,
ਮੂਹਾਂ ਤੇ ਸੇਓ ਭਖੇ, ਰਸ਼ਮਾਂ ਖਿੜੀਆਂ।
ਹੱਥ ਵਿਚ ਸਗਨ ਫੜੇ, ਆਉਨ ਲੁਕਾਈਆਂ,
ਸਤਿਗੁਰ ਪੈਜ ਰਖੀ, ਦੇਨ ਵਧਾਈਆਂ।

ਰੰਜੀਤ ਸਿੰਘ—ਆਹਾ! ਅੱਜ ਨਕਾਈਣ ਦੇ ਘਰ ਅਨੰਦ ਦਾ ਕੋਈ ਟਿਕਾਨਾ ਨਹੀਂ। ਦਿਲ ਦੇ ਸੁਰਗੀ ਉਛਾਲਾਂ ਦਾ ਸੰਸਾਰੀ ਦੇਹ ਵਿਚ ਮੂਲੋਂ ਸਮਾਨਾ ਨਹੀਂ। ਉੱਮੇਦਾਂ ਦੇ ਬੂਟੇ ਹਰੇ ਹੋ ਗੲੇ। ਦੁਨੀਆਂ ਦੇ ਸਭ ਸੌਦੇ ਖਰੇ ਹੋਗਏ। ਘਰ ਵਿਚ ਮਾਨ ਵਧਿਆ। ਸਹੇਲੀਆਂ ਵਿਚ ਸ਼ਾਨ ਵਧਿਆ। ਰਾਜੇ ਦੀ ਮਾਂ ਸਭ ਨੂੰ ਸੁਖਾਂ ਦੀ ਛਾਂ। ਜਿਹਨੂੰ ਵਾਹਿਗੁਰੂ ਈਹੋ ਜਹੇ ਸੁਖ

ਵਖਾਂਦਾ ਏ । ਓਹਦੇ ਲਈ ਘਰ ਬਾਹਰ ਸਗਵਾਂ ਸੁਰਗ ਹੋ ਜਾਂਦਾ ਏ । (ਅੰਦਰ ਜਾਂਦਾ ਏ)

ਗੋਲੀਆਂ—ਵਧਾਏ, ਮਹਾਰਾਜ !

ਰੰਜੀਤ ਸਿੰਘ—ਨਕਾਇਣੇ ! ਵਧਾਈਏਂ !

ਦਾਤਾਰ ਕੌਰ—ਮਹਾਰਾਜ, ਆਪ ਨੂੰ ਵੀ ਵਧਾਈ । ਸਤਿ-ਗੁਰਾਂ ਆਪ ਦੇ ਬੂਟੇ ਦੀ ਜੜ੍ਹ ਪਤਾਲ ਤਕ ਪੁਚਾਈ ।

ਨੌਕਰ—(ਅੰਦਰ ਆਕੇ) ਮਹਾਰਾਜ, ਜੋਤਸ਼ੀ ਹੋਰੀ ਆ ਗਏ ।

ਰੰਜੀਤ ਸਿੰਘ—ਬਿਠਾਓ । (ਬਾਹਿਰ ਆਕੇ) ਪੰਡਿਤ ਜੀ, ਵੇਖੋ ਖਾਂ, ਏਹ ਬਾਲਕ ਕਿਹੋ ਜਿਹਾ ਏ ?

ਜੋਤਸ਼ੀ—(ਪੱਤਰੀ ਫੋਲਕੇ) ਮੀਨ, ਮੇਖ, ਕਰਕ, ਕੰਨਿਆ, ਧਨ, ਮਕਰ, ਤੇ ਕੁੰਭ । ਸਰਕਾਰ, ਏਹ ਬਾਲਕ ਬੜਾ ਭਾਗਵਾਨ ਹੋਵੇਗਾ ॥

ਰੰਜੀਤ ਸਿੰਘ—ਵੇਖੋ ਖਾਂ, ਕਿਹੋ ਜਹੇ ਨਛੱਤ੍ਰ ਪਏ ਸੂ ?

ਪੰਡਿਤ—ਮਹਾਰਾਜ, ਚੌਦੇ ਘਰ ਸੂਰਜ । ਬੜਾ ਪ੍ਰਤਾਪ ਵਾਲਾ ਹੋਵੇ । ਪੰਜਵੇਂ ਘਰ ਮੰਗਲ । ਬੜਾ ਰੂਪਵਾਨ ਤੇ ਗੁਣ-ਵਾਨ ਹੋਵੇ । ਛੇਵੇਂ ਘਰ ਬੁੱਧ ਤੇ ਬ੍ਰਿਹਸਪਤ ਦਾ ਸੰਜੋਗ ਹੋਯਾ ਏ । ਬੜਾ ਵਿਦਯਾਵਾਨ ਤੇ ਦਯਾਵਾਨ ਹੋਵੇਗਾ । ਧਰਮ ਕਰਮ ਵਿਚ ਪੱਕਾ ਹੋਵੇਗਾ । ਬਾਰਹਵੇਂ ਘਰ ਚੰਦ੍ਰਮਾਂ ਰਾਜ ਦਾ ਅਧਿ-ਕਾਰੀ ਹੋਵੇ । ਮਿਥਨ ਰਾਸ਼ੀ ਦੇ ਚੌਥੇ ਚਰਣ ਵਿਚ ਜਨਮ ਹੋਯਾ ਏ । ਦਿਨ ਮਾਨ ੨੭ ਘੜੀਆਂ ੧੭ ਪਲ । ਭਾਦ੍ਰਪਦ ਨਛ-ਤਰ ੨੮ ਘੜੀਆਂ ੨੬ ਪਲ । ਬੜਾ ਬਲਵਾਨ ਤੇ ਸਰੀਰ ਦਾ

ਦੁਸਤ ਹੋਵੇ। ਪਰ ਸਤਵੇਂ ਘਰ ਛਨਿਛਰ ਜਰਾ ਕੁ ਭਾਰੂ ਹੋਵੇਗਾ ਵੇਲੇ ਸਿਰ ਉਪਾ ਕੀਤਾ ਜਾਵੇ ਤੇ ਕੋਈ ਚਿੰਤਾ ਨਹੀਂ।

ਰੰਜੀਤ ਸਿੰਘ—ਪੰਡਿਤ ਜੀ, ਤੁਸੀ ਸੋਚ ਕੇ ਉਪਾ ਕਰ ਦਿਓ।

ਜੋਤਸ਼ੀ—ਬਹੁਤ ਹੱਛਾ, ਸਰਕਾਰ।

ਰੰਜੀਤ ਸਿੰਘ—ਪੰਡਿਤ ਹੋਰਾਂ ਨੂੰ ਥਾਲ ਮਿਸਰੀ ਤੇ ਸੌ ਰੁਪਈਆ ਦੱਖਣਾ ਦਿਓ। (ਗੋਲੀਆਂ ਲਿਆਕੇ ਦੇਂਦੀਆਂ ਨੇ)

ਰੰਜੀਤ ਸਿੰਘ—ਹੱਛਾ, ਪੰਡਿਤ ਜੀ, ਮੱਥਾ ਟੇਕਨੇ ਹਾਂ॥

ਜੋਤਸ਼ੀ—ਸੁਖੀ ਰਹੋ, ਸਰਕਾਰ। (ਨਿਕਲ ਜਾਂਦਾ ਏ)

ਅੰਗ ਤੀਜਾ

ਰੂਪ—੧। ਵਧਾਈ ਦਾ ਦਰਬਾਰ।

(ਮਹਾਰਾਜ ਦੇ ਗਿਰਦ ਲੋਕ ਬੈਠੇ ਨੇ)

ਰੰਜੀਤ ਸਿੰਘ—ਸਰਦਾਰ ਦੱਲ ਸਿੰਘ ਜੀ ਦੋ ਦੋ ਸੌ ਰੁਪਈਆ ਸਭ ਗੁਰ ਦੁਆਰਿਆਂ ਨੂੰ ਕੜਾਹ ਪਰਸ਼ਾਦ ਲਈ ਘੱਲਿਆ ਜਾਵੇ ਤੇ ਅਖੰਡ ਪਾਠ ਧਰਾਏ ਜਾਨ। ਮਸੀਤਾਂ ਤੇ

ਠਾਕੁਰ ਦੁਵਾਰਿਆਂ ਵਿਚ ਲੰਗਰ ਤੇ ਸਦਾਬਰਤ ਰਖਾਏ ਜਾਨ ਸੂਦੇ ਸ਼ਗਿਜਤੇ ਦਿਲ ਖੋਲਕੇ ਭੋਜਨ ਪਾਨ। ਗ੍ਰੀਬ ਸੁਫੇਦ ਪੋਸ਼ ਵੀ ਘਰਾਂ ਵਿਚ ਖੁਸ਼ੀਆਂ ਮਨਾਨ। ਏਹ ਕੰਮ ਤੁਹਾਡੇ ਗੋਚਰਾ ਜੇ। (ਗੁਰ ਬਖਸ਼ ਸਿੰਘ ਨੂੰ) ਜੋ ਕੋਈ ਵਧਾਈ ਦੇਣ ਆਵੇ ਮਿਸਰੀ ਦਾ ਥਾਲ ਲੈਂਦਾ ਜਾਵੇ। ਚੋਣਵੇਂ ਰਈਸਾਂ ਲਈ ਖਿਲਅਤ ਤਿਆਰ ਰਖੋ।

ਵੰਵੇਂ—ਬਹੁਤ, ਹੱਛਾ ਸਰਕਾਰ।

(ਸ਼ੈਹਰ ਦੇ ਰਈਸ ਆਉਂਦੇ ਨੇ)

ਰਈਸ—ਮਹਾਰਾਜ ਦੋਹਰੀਆਂ ਵਧਾਈਆਂ, ਸਤਿਗੁਰਾਂ ਫਤੇ ਵੀ ਦਿਤੀ ਤੇ ਵੇਲਾਂ ਵੀ ਵਧਾਈਆਂ।

(ਪੰਜ, ਪੰਜ ਰੁਪਏ ਨਜਰ ਦੇਵੇਂ ਨੇ)

ਰੰਜੀਤ ਸਿੰਘ—ਸਭ ਅਕਾਲ ਪੁਰਖ ਦੀ ਮਹਿਮਾ ਤੇ ਵਡਿਆਈ ਏ। (ਗੁਰਬਖਸ਼ ਸਿੰਘ ਨੂੰ) ਸਾਰੇ ਸਾਹਿਬਾਂ ਲਈ ਖਿਲਅਤ ਲਿਆਓ। [ਖਿਲਅਤ ਤੇ ਮਿਸ਼ਰੀ ਵੰਡੀ ਜਾਂਦੀ ਏ]

ਰੰਜੀਤ ਸਿੰਘ—ਹਾਂ, ਹੁਨ ਮੋਰਾਂ ਵਧਾਈ ਸੁਨਾਏ।

(ਮੋਰਾਂ ਵਧਾਈ ਗਾਉਂਦੀ ਤੇ ਮੁਜਰਾ ਕਰਦੀ ਏ, ਮਿਰਾਸੀ ਢੋਹਰੇ ਲਾਂਦਾ ਏ)

ਜੀ, ਵਧਾਏ! ਵਧਾਏ! ਵਧਾਏ, ਮਹਾਰਾਜ!

ਚੰਚਲ, ਸੋਹਲ, ਮਟਕ ਵਿਚ ਬਾਗਾਂ, ਲਟਪਟੀ ਵਾਸਨਾ ਭਿੰਨੀ।
ਪ੍ਰੇਮ ਸੁਨੇਹੇਂ ਖੇੜ ਕਮਲ ਚਿੱਤ, ਵਗਦੀ ਵਾ ਮਸਤਿੰਨੀ॥
ਮੇਰੇ ਦਿਲ ਦੇ ਕਮਲ ਖਿੜਾਏ, ਮਹਾਰਾਜ। ਜੀ ਵਧਾਏ....
ਚਾ ਚੜ੍ਹਿਆ ਸੰਸਾਰ ਨੂੰ, ਦਿਲ ਦੇ ਪਾਲੇ ਲਾਹ

ਖਿੜ ਪਈ ਰੁੱਤ ਬਸੰਤ ਦੀ,ਵੱਧ ਗਏ ਦਿਲੀਂ ਉਛਾਹ। ਜੀਵ:
ਦਿਲ ਅੰਦਰ ਤੇ ਆਸਾ ਚਾਨਣ, ਧੁੰਦ ਨਿਰਾਸਾ ਮਾਰੀ।
ਤੇਜ ਵਧਾ ਮਸਤਕ ਦਾ ਨੈਣਾਂ, ਜਗ ਵਿਚ ਜੋਤ ਖਲਾਰੀ।
ਸੁਰਗੀਂ ਜੈ ਜੈਕਾਰ ਸੁਹਾਏ, ਮਹਾਰਾਜ। ਜੀ ਵਧਾਏ....
ਝੱਖੜ ਝੁਲੇ ਅਗੰਮ ਦੇ, ਤ੍ਰਾਹ ਤ੍ਰਾਹ ਕਰੇ ਜਹਾਨ।
ਸੈਂਤ ਭਈ ਚੰਨ ਅਮਨਦਾ,ਚਾੜ੍ਹਿਆ ਕ੍ਰਿਪਾ ਨਿਧਾਨ।ਜੀਵ:
ਜੰਗਲ ਮੰਗਲ ਕਰਦੇ ਪੰਛੀ, ਦੁਨਿਆ ਨਵੀਂ ਵਿਆਹੀ।
ਸਜ ਰਿਤੂਰਾਜੋਂ ਨੌਸ਼ੋ ਡਿਠਾ, ਦਿਲਦੀ ਕਲੀ ਖਿੜਾਈ।
ਸਤਿਗੁਰ ਸਦੇ ਨੀ ਮੇਲ ਮਿਲਾਯੇ,ਮਹਾਰਾਜ। ਜੀ ਵਧਾਏ
ਡੋਡੀ ਖਿੜੀ ਗੁਲਾਬ ਦੀ, ਬੁਲਬੁਲ ਦੇ ਮਨ ਚਾ।
ਰਸਨਾ ਹੋਗਈ ਮਿਠਕਨੀ,ਚੰਚਲ ਭਇਆ ਸੁਭਾ।ਜੀ....
ਮਹਾਰਾਜੇ ਘਰ ਕਵਰ ਜਨਮਿਆ, ਦੁਨੀਯਾ ਹੁਮ ਹੁਮਾਈ
ਕੁੱਖ ਵਿਯਾਈ ਭਾਗਾਂਵਾਲੀ, ਈਸ਼ੂਰ ਵੇਲ ਵਧਾਈ
ਲਗੀਆਂ ਔੜਾਂ ਤੇ ਮੀਂਹ ਚਾ ਵਸਾਯੇ,ਮਹਾਰਾਜ।ਜੀਵਧਾਏ:
ਖੁਸ਼ੀ ਮਨਾਈ ਜਗਤ ਨੇ, ਚੜ੍ਹਿਆ ਸੋਹਣਾ ਚੰਨ।
ਵਿਚ ਸਮੁੰਦਰ ਉਛਲੀਆਂ, ਲਹਿਰਾਂ ਬੰਨੇ ਬੰਨ। ਜੀਵਧਾਏ
ਉਮਰਾਂ ਹੋਵੇ ਲੱਖ ਸੈ ਵਰਿਹਾਂ, ਮਾਪਿਆਂ ਦੀ ਕੁਲ ਤਾਰੇ।
ਰਾਜ ਭਾਗ ਦਾ ਵਾਧਾ ਹੋਵੇ, ਜਸ ਕੀਰਤ ਜੱਗ ਸਾਰੇ।
ਈਸ਼ੂਰ ਏਹ ਮੇਰੀ ਆਸ ਪੁਜਾਯੇ,ਮਹਾਰਾਜ। ਜੀ ਵਧਾਏ

(ਮਹਾਰਾਜ ਇਨਾਮ ਦੇਂਦੇ)

ਹਕੀਮ--ਮਹਾਰਾਜ, ਹੁਣ ਏਨੀ ਕਿਰਪਾ ਕਰੋ ਕਿ ਆਪ

ਸਰਕਾਰ ਰਾਜ ਤਿਲਕ ਲੈਕੇ ਸਭਦੀਆਂ ਆਂਦ੍ਰਾਂ ਠੰਡੀਆਂ ਕਰੋ। ਲੋਕੀ ਏਹ ਸ਼ੁਭ ਵੇਲਾ ਛੇਤੀ ਵੇਖਣਾ ਚਾਹੁੰਦੇ ਨ, ਤੇ ਗਿਣ ਗਿਣ ਕੇ ਘੜੀਆਂ ਪਏ ਲੰਘਾਂਦੇ ਨੇ।

ਰੰਜੀਤ ਸਿੰਘ-ਹਕੀਮ ਜੀ, ਖਾਹਮਖਾਹ ਦਾ ਉਸ਼ਟੰਡ ਜਗਾਣਾ ਤੇ ਜਗਤ ਦੀ ਦੰਦ ਕਥਾ ਵਿਚ ਆਉਣਾ ਠੀਕ ਨਹੀਂ।

ਹਕੀਮ---ਮਹਾਰਾਜ, ਪਿਤਾ ਪੁਰਖੀ ਦੀ ਮਰਿਆਦ ਵੀ ਗੁਵਾਣਾ ਠੀਕ ਨਹੀਂ। ਤਿਲਕ ਲੈਣਾ ਰਾਜਸੀ ਨੀਤਿ ਹੈ, ਆਦਿ ਜੁਗਾਦਿ ਦੀ ਰੀਤਿ ਹੈ, ਪਰਜਾ ਦੀ ਪ੍ਰੀਤਿ ਹੈ। ਸੰਸਾਰ ਦੀਆਂ ਰਾਜ ਕੁਲਾਂ ਵਿਚ ਠੁੱਕ ਤੇ ਪਰਤੀਤਿ ਹੈ।

ਰਣਜੀਤ ਸਿੰਘ-ਅਸਾਂ ਅਜੇ ਸਿੱਖ ਸੰਗਤ ਦਾ ਗੁਰਮਤਾ ਨਹੀਂ ਲੀਤਾ।

ਫਤੇ ਸਿੰਘ ਆਹਲੂਵਾਲੀਆ-ਸਿੰਘ ਸਾਹਿਬ ਜੀ, ਸਿੱਖ ਸੰਗਤ ਨੇ ਬੰਦ ਵੀ ਨਹੀਂ ਕੀਤਾ। ਤੁਸੀ ਤਿਲਕ ਸਜਾਓ, ਤੇ ਖਾਲਸੇ ਨੂੰ ਰਾਜ ਗਦੀ ਤੇ ਬਿਠਾਓ।

ਹੇਮ ਸਿੰਘ-ਸਿੰਘ ਸਾਹਿਬ ਜੀ, ਆਪਦੇ ਤਿਲਕ ਲੈਨ ਤੇ ਖਾਲਸੇ ਦੀ ਵਡਿਆਈ ਏ।

ਦਲ ਸਿੰਘ-ਸਿੰਘ ਸਾਹਿਬ ਜੀ, ਏਹ ਖਾਲਸੇ ਦਾ ਵਾਧਾ, ਤੇ ਦੇਸ ਦੀ ਭਲਿਆਈ ਏ।

ਅਤਰ ਸਿੰਘ-ਸਿੰਘ ਸਾਹਿਬ ਜੀ, ਢਿੱਲ ਮੱਠ ਵਿਚ ਪਰਜਾ ਦਾ ਵਗਾੜ, ਤੇ ਖਾਲਸੇ ਨੂੰ ਲਹਾਈ ਏ।

ਰਣਜੀਤ ਸਿੰਘ—ਚੱਛਾ, ਫੇਰ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਓ।

ਭਾਈ ਵਸਤੀ ਰਾਮ—(ਗ੍ਰੰਥ ਸਾਹਿਬ ਫੋਲਕੇ) "ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ। ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆਂ ਰਾਗ ਰਤਨ ਪਰਵਾਰ ਪਰੀਆਂ ਸ਼ਬਦ ਗਾਵਣ ਆਈਆਂ"। ....

ਸਭੇ—ਵਾਹ, ਵਾ! ਧੰਨ ਗੁਰੂ ਮਹਾਰਾਜ ਨੇ! ਬੜਾ ਸੋਹਣਾ ਵਾਕ ਮਿਲਿਆ ਏ।

(ਮਥਾ ਟੇਕ ਦੇ ਨੇ)

ਰਣਜੀਤ ਸਿੰਘ—ਚੰਗਾ ਜੋਤਸ਼ੀ ਬੁਲਾਓ, ਤੇ ਮੁਹੂਰਤ ਸੁਧਾਓ।

(ਜੋਤਸ਼ੀ ਆਉਂਦਾ ਏ)

ਜੋਤਸ਼ੀ—ਭਗਵਾਨ ਲਜਿਆ ਰੱਖੇ।

ਰੰਜੀਤ ਸਿੰਘ—ਪੰਡਿਤ ਜੀ, ਮੱਥਾ ਟੇਕਨੇ ਆਂ। ਗੁਰੂ ਮਹਾਰਾਜ ਨੇ ਵਾਕ ਦਿਤਾ ਏ, ਕਿ ਅਸੀ ਰਾਜ ਤਿਲਕ ਲਈਏ, ਤੇ ਸਿੰਘਾਸਨ ਤੇ ਬਹੀਏ। ਤੁਸੀ ਚੰਗਾ ਜਿਹਾ ਮੁਹੂਰਤ ਸੋਧ ਕੇ ਦੱਸੋ।

ਜੋਤਸ਼ੀ—ਮਹਾਰਾਜ, ਬੜਾ ਸ਼ੁਭ ਵਿਚਾਰ ਏ। ਅੱਜ ਭਾਦ੍ਰੋਂ ਦੀ ਅਸ਼ਟਮੀ ਏ। ਅਜ ਤੋਂ ਤ੍ਰੀਹ ਦਿਨ ਪਿੱਛੇ ਅਸੂ ਦੀ ਅਸ਼ਟਮੀ ਨੂੰ ਬੜਾ ਮਦਾ ਮੁਹੂਰਤ ਏ। ਤੁਸੀ ਨਿਰਭਓ ਹੋਕੇ ਤਿਲਕ ਸਜਾਓ, ਤੇ ਸਿੰਘਾਸਨ ਤੇ ਚਰਣ ਪਾਓ।

ਸਭੇ—ਬੜੀ ਠੀਕ ਗੱਲ ਏ। ਰੁੱਤ ਵੀ ਬੜਾ ਮਦੀ ਸੋਹਣੀ ਏ।

ਰੰਜੀਤ ਸਿੰਘ-ਹਛਾ, ਸਰਦਾਰ ਹੁਕਮਾਂ ਸਿੰਘ ਤੇ ਦਲਸਿੰਘ ਦਰਬਾਰ ਦਾ ਪਰਬੰਧ ਕਰਾਨ । ਸਰਬੱਤ ਖਾਲਸੇ ਨੂੰ ਸੱਦੇ ਜਾਨ ।

ਹੁਕਮ ਸਿੰਘ-ਪਰਵਾਨ, ਮਹਾਰਾਜ । [ਪਰਦਾ]

ਰੂਪ—੨ । ਲਾਹੌਰ ਦਾ ਬਜਾਰ ।

(ਮੰਗਲ ਸਿੰਘ ਬਪਾਰੀ ਆਉਂਦਾ ਏ)

ਸਾਵਨ ਆਹੂਤੀ-ਓਹ ਸ਼ਾਵਾ ਸ਼ੇ ! ਭਾਈਯੇ ਮੰਗਲ ਸਿੰਘ ਹੋਰੀ ਕਿਧਰੋਂ ? ਅਜ ਤੇ ਧੰਨ ਭਾਗ ਨੇ !

ਮੰਗਲ ਸਿੰਘ-ਵਾਹਰ ਜੀ ਕੀ ਫਤੇ । ਸਾਵਨ ਸ਼ਾਹ ਰਾਜੀ ਏਂ ?

ਸਾਵਨ-ਵਾਹਰ ਜੀਕੀ ਫਤੇ : ਭਾਈਆ ਮੰਗਲ ਸਿੰਘਾ, ਬਹੁਤ ਰਾਜੀ । ਸੁਨਾ ਜੀਆ ਜੰਤ ਰਾਜੀ ਆ ?

ਮੰਗਲਸਿੰਘ-ਸਭ ਰਾਜੀ ਏ। ਸੁਨਾਓ ਤੁਹਾਡਾ ਸਭ ਮਹੇਣ ਰਾਜੀ ਏ ?

ਸਾਵਨ-ਵਾਹਗੁਰੂ ਦੀ ਕਿਰਪਾ ਏ । ਆਓ ਜਲਪਾਣੀ ਛਕੋ । ਅਸੀ ਤੁਸੀ ਤੇ ਹੋਯੇ ਨ ਲੰਗੋਟੀਯੇ ਯਾਰ ।

ਮੰਗਲਸਿੰਘ-ਖਰੇ ਭਈ ਖਰੇ, ਲੰਗੋਟੀਯੇ । ਸੁਨਾ ਚਾਚਾ ਭਾਣਾ ਰਾਜੀ ਆ ?

ਸਾਵਨ-ਰਾਜੀ, ਪਰ ਭਾਈਯਾ, ਓਹ ਹੁਣ ਬ੍ਰਿਧ ਹੋਗਏ ਨੇ । ਕੋਈ ਦਮਦਾ ਈ ਮੇਲਾ ਏ; ਸੁਣਾਓ, ਕਿਧਰ ਚੜ੍ਹਾਈਆਂ ਕੀਤੀਆਂ ਨੇ ?

ਮੰਗਲ ਸਿੰਘ-ਏਧਰ ਤੁਹਾਡੇ ਬੰਨੇ ਈ ਆਏ ਸਾਂ ।

ਸੁਨਾਓ ਭਾ ਭੁੱਤੇ ਦਾ ਕੀਕਨ ਜੇ?

ਸਾਵਣ–ਡਾਢਾ ਸੋਹਣਾ ! ਬਪਾਰੀਆਂ ਦੇ ਹੱਕ ਤੇ ਸੋਣਾ ਏ। ਸੁਨਾਓ ਕੀ ਭਰਿਆ ਜੇ ?

ਮੰਗਲਸਿੰਘ–ਏਵੇਂ ਕਿਰਿਆਨੇ ਦਾ ਰੇੜਕਾ ਜਿਹਾ ਪਾ ਬੈਠੇ ਆਂ ! "ਵੇਹਲੀ ਜੱਟੀ ਉਣ ਵੇਲੇ" ਵਾਲੀ ਗਲ ਏ।

ਸਾਵਣ–ਰੇੜਕਾ ਕਿਹਾ ! ਸ਼ਾਹ ਜੀ ਭਾਗਾਂ ਵਾਲੇ ਓ। ਖੱਟ ਕੇ ਜਾਓਗੇ। ਕਿਥੇ ਜੇ ਬਾਰਦਾਨਾ ?

ਮੰਗਲ ਸਿੰਘ– ਅਜੇ ਰੇੜ੍ਹੀਆਂ ਪਿੱਛੇ ਪੱਤਨ ਤੇ ਨੇ। ਹੁਨੇ ਆ ਜਾਂਦੀਆਂ ਨੇ।

ਸਾਵਣ—ਤੁਸੀ ਭਾਵੇਂ ਕਨਸੋਂ ਲੈਨ ਆਏ ਓ ? ਕਿਤੇ ਅੰਬਰਸਰ ਦਾ ਖਿਆਲ ਤੇ ਨਹੀਂ ?

ਮੰਗਲ ਸਿੰਘ—ਨਹੀਂ, ਨਹੀਂ, ਸਾਵਣ ਸ਼ਾਹ। ਮੁਢੋਂ ਤੁਹਾਡੇ ਵਲ ਈ ਆਏ ਆਂ। ਸੁਨਾਓ ਕਨਕ ਕਿਵੇਂ ਜੇ, ਤੇ ਛੋਲੇ ਕੀਕਨ?

ਸਾਉਣ—ਭਟਾ ਜੀ ਕੁਝ ਨ ਪੁਛੋ। ਅੱਜ ਮੰਡੀ ਨੂੰ ਅੱਗ ਲਗੀ ਹੋਈ ਜੇ? ਜੇਹੜਾ ਤੇ ਜੇ ਨ ਛੱਟਨ ਤੇ ਗੋਜੀ, ਤੇ ਕੁੰਗੀ ਦੇ ਮਾਟੇ ਹੋਏ ਜਵਾਲੀ ਤੇ ਬੇਰੜਾ, ਓਹ ਭੀ ਅਜ ਵਡਾਨਕ ਦੇ ਭਾ ਪਏ ਵਿਕਦੇ ਨੇ। ਕਨਕੂ ਤੇ ਕਿਧਰੇ ਲਭਦਾ ਈ ਨਹੀਂ। ਪਰ ਸੁਥਰੇ ਸੌਦੇ ਦੀ ਕਜਾ ਬਾਤ ਏ ? ਤੁਹਾਡਾ ਬਾਰ ਤੇ ਭਾਈਆ ਮੰਗਲਸਿੰਘਾ, ਕਿਤੇ ਉਕਾ ਈ ਸੌਂ ਗਿਆਏ ! ਲਾਹੌਰ ਨੂੰ ਤੇ ਅਜਕਲ ਮਾਲਵਾ ਤੇ ਮਾਝਾ ਈ ਠੱਲ ਪਾਈ ਜਾਂਦੇ ਨੇ। ਦੋ ਰੁਪਏ ਮਾਣੀ ਤੇ ਅੱਜ ਓਹਦਾ ਭਾ ਜੇ, ਜਿਹਨੂੰ ਪਹਿਲੇ ਡੰਗਰ ਵੀ ਨਹੀਂ ਸਨ ਕਬੂਲਦੇ !

ਮੰਗਲ ਸਿੰਘ—ਦਰਪ ਖੁਲਾ ਏ ਕਿ ਨਹੀਂ ?

ਸਾਵਨ—ਉਂਞ ਤੇ ਦਰਪ ਖੁਲਾ ਏ, ਪਰ ਕਦੇ ਕਦੇ ਬਾਰਾਣੀ ਜਾਂ ਗਾਡਰ ਦੀਆਂ ਇਕ ਦੋ ਚੁੰਗਾਂ ਆ ਜਾਂਦੀਆਂ ਨੇ। ਸੈ ਦੋ ਆਨੇ ਦੂੰ, ਸਵਾ ਦੂੰ, ਹਥੋਂ ਹੱਥ ਵਿਕ ਜਾਂਦੀਆਂ ਨੇ। ਮੱਵਲ ਸਾਰਖਾ ਤੇ ਧਰਨਾ ਨਹੀਂ ਪਾਂਦਾ।

ਮੰਗਲ ਸਿੰਘ—ਸਾਵਨ ਸ਼ਾਹ, ਸਾਡੇ ਕੋਲ ਤੇ ਘਰ ਦੀ ਨਹੂ ਚੋਨਵੀਂ ਲਹਿ ਲਹਿ ਕਰਦੀ ਘੋਣੀ ਕਨਕ ਜੇ। ਪਰ ਛਾਵੀ ਸੁਥਰੀ ਤੇ ਡੇਮੂਆਂ ਵਰਗੀ। ਨ ਜਵਾਂ ਦਾ ਗੇਵਾ, ਨ ਮੀਮਣੀ ਦਾ ਬੀ। ਨ ਚੁਰਾਲ ਦਾ ਰਵਾਲ ਨ ਹੋਰ ਕੋਈ ਵੀ। ਛੱਟੀ ਬਨਾਈ ਹੋਈ ਨਸੰਗ ਲੁੱਚੀਆਂ ਪਏ ਤਲੋ।

ਸਾਵਨ—ਮੰਗਲ ਸਿੰਘ ਜੀ, ਊਹੋ ਜਹੀ ਕਨਕ ਅਜ ਸਵਾ ਦੂੰ, ਛੇ ਆਨੇ ਦੂੰ, ਤੇ ਜੇ ਤੁਹਾਡੀ ਕਿਸਮਤ ਨੂੰ ਕੋਈ ਲੋੜ ਵੰਦਾ ਗਾਹਕ ਮਿਲ ਜਾਏ ਤੇ ਖਬਰੇ ਭਾਈਆ ਪੂਰੀ ਵਾਈਂ ਵੀ ਲਗ ਜਾਯੇ। ਲਿਆਓ ਵੇਖੀਯੇ ਤੇ ਸਹੀ।

ਮੰਗਲ ਸਿੰਘ—ਜਰਾ ਕੂ ਜੰਬ ਜਾ, ਜਿਅਰਾ ਕਰ। ਐਥੇ ਹੁਨੇ ਛੇਰੇ ਕੋਲ ਥੱੜੇ ਤੇ ਆਜਾਂਦੀ ਏ ? ਭਲਾ ਛੋਲੇ ਕੀਕਨ ਜੇ ?

ਸਾਵਨ—ਨਵੇਂ, ਪੁਰਾਣੇ ?

ਮੰਗਲ ਸਿੰਘ—ਅਨਵਿੰਜਾ ਸੰਮਤੀਯੇ। ਅਸਾਂ ਕੋਈ ਦਾਨੇ ਦੱਬ ਹੋਏ ਨੇ ?

ਸਾਵਨ—ਛੋਲੇ ਸਰੋਂ ਉਦੂ ਵੀ ਚੜ੍ਹੇ ਹੋਏ ਜੇ। ਸਵਾ ਦੋ ਰੁਪਏ ਮਾਣੀ ਧਰਨੇ ਨਹੀਂ ਮਿਲਦੇ। ਜਦੋਂ ਦੀ ਸਰਕਾਰੀ ਗਾਹਕੀ ਪਈ ਏ, ਹਰ ਸ਼ੈ ਅਸਲੋਂ ਮੈਂਹਗੀ ਹੋਗਈ ਏ।

ਮੰਗਲ ਸਿੰਘ—ਸ਼ਾਹ ਜੀ, ਸਰਕਾਰੀ ਗਾਹਕੀ ਕਾਹਦੀਏ?

ਸਾਵਕ—ਵਾਹ ਤੁਹਾਨੂੰ ਨਹੀਂ ਪਤਾ? ਅਸੂ ਦੀ ਅਸ਼ਟਮੀ ਨੂੰ ਏਥੇ ਰਾਜ ਤਿਲਕ ਦਰਬਾਰ ਲਗੇਗਾ। ਬੜੇ ਬੜੇ ਰਾਜੇ ਸਰਦਾਰ ਤੇ ਫੌਜਾਂ ਆਉਨਗੀਆਂ। ਲਾਹੌਰ ਦੇ ਭਾ ਦਾ ਸੰਮਤ ੧੮੫੮ ਬੜਾ ਈ ਭਗਵਾਨ ਹੈ। ਨਿਤ ਜਲਸੇ ਤੇ ਦਰਬਾਰ ਲਗਦੇ ਨੇ। ਬੜੀਆਂ ਰੌਨਕਾਂ ਰਹਿੰਦੀਆਂ ਨੇ। ਹਰ ਸ਼ੈ ਦੀ ਗਾਹਕੀ ਬਨੀ ਰਹਿੰਦੀਏ। [ਪਰਦੇ ਵਿਚ]

ਡਿੰਮ ਡਿੰਮਾ ਡਿੰਮੀਆਂ, ਕਿ ਡਿੰਮ ਡਿੰਮਾ ਡਿੰਮ !
ਡਿੰਮ ਡਿੰਮਾ ਡਿੰਮੀਆਂ, ਕਿ ਡਿੰਮ ਡਿੰਮਾ ਡਿੰਮ !!!

ਮੰਗਲ ਸਿੰਘ—ਹੈਂ, ਏਹ ਢੰਡੋਰਾ ਕਾਹਦਾ ਏ ?

(ਢੰਡੋਰੀਆ ਬਾਹਰ ਆਕੇ ਤੇ ਡਗਾ ਲਿਗਾਕੇ)

ਸੁਨਨ ਪ੍ਰਜਾ ਦੇ ਲੋਕ, ਹੁਕਮ ਹੋਯਾ ਬਾਤਸ਼ਾਹੀ
ਸਭ ਜਾਤਾਂ ਸਭ ਮੱਤ, ਪੰਚ ਖੜ ਪੰਚ, ਸਿਪਾਹੀ
ਦਸਤਕਾਰ ਸਾਹੂਕਾਰ ਜਿਮੀਂ ਵਾਲੇ, ਬਿਨ ਵਾਹੀ
ਬਾਲ ਬਿਰਧ ਵਸਕੀਨ ਨਾਰ ਨਰ ਘਾਹੀ ਰਾਹੀ
ਛਤੇ ਬੁਲਾ ਰੰਜੀਤ ਸਿੰਘ ਮਹਾਰਾਜ ਬਾਹੁਦਰ
ਕੀਤਾ ਵਿਚ ਦਰਬਾਰ ਹੁਕਮ ਸਰਕਾਰੀ ਸਾਦਰ
ਅਜ ਤੋਂ ਤ੍ਰੀਹ ਦਿਨ ਬਾਦ ਤਿਲਕ ਮਹਾਰਾਜ ਲਵਾਸਨ
ਰਾਜ ਕਾਜ ਮਰਯਾਦ ਕਰਨਗੇ ਬੈਠ ਸਿੰਘਾਸਨ।
ਨੇਮੀ ਪ੍ਰੇਮੀ ਭਲੇ ਪੁਰਸ਼ ਸਭ ਖੁਸ਼ੀ ਮਨਾਸਨ।
ਦੀਪ ਮਾਲ ਹਰ ਠੌਰ ਗਲੀ ਬਜਾਰ ਸਜਾਸਨ।
ਸਭ ਆਵਨ ਦਰਬਾਰ ਤਿਲਕ ਦੀ ਦੇਨ ਵਧਾਈ।

ਜੈ ਮਹਾਰਾਜ ! ਰੰਜੀਤ ਸਿੰਘ, ਅਕਾਲ ਸਹਾਈ ।

(ਸਭ ਮੁੰਡੇ ਦੁਆਲੇ ਹੋ ਜਾਂਦੇ ਨੇ)

ਇਕ ਮੁੰਡਾ—ਭਾਈ, ਇਕ ਵਾਰੀ ਹੋਰ ਆਖ ।

ਦੂਜਾ—ਭਾਈ, ਫੇਰ, ਢੰਡੋਰਾ ਦੇ ।

ਤੀਜਾ—(ਸਾਥੀ ਨੂੰ) ਓਏ ਗੀਡੂ, ਸੁਨ ਓਏ ਕੀ ਆਂਹਦਾ ਏ ।

ਗੀਡੂ—ਓਏ ਸੁਨ ਲਿਆ ਏ । ਰੰਜੀਤਸਿੰਘ ਨੂੰ ਟਿੱਕਾ ਲਗੇਗਾ ।

ਪਹਿਲਾ—ਓਏ ਰੰਜੀਤ ਸਿੰਘ ਕਾਣਾ, ਛਜ ਪੁਰਾਣਾ ।

ਦੂਜਾ—ਓਏ ਨ ਓਏ ਭਾਈਯਾ ਨ । ਕੋਈ ਫੱੜ ਲੈਂਦਾ ਈ ।

ਤੀਜਾ—ਓਏ ਨਹੀਂ ਓਏ, ਮੱਲਾ ਜੀਆ ਸਗੋਂ ਪ੍ਰਈਯੇ ਮਿਲਦੇ ਨੇ ।

ਚੌਥਾ—ਆਹਾ ਮੱਲਾ ਜੀਆ, ਮੁੰਡਿਆਂ ਨੂੰ ਮਠਿਆਈ ਮਿਲੇ ਗੀ ।

ਪਹਿਲਾ—ਓਏ, ਨਾਲੇ ਮਤਾਸ਼ੇ ਹੋਨਗੇ ।

ਦੂਜਾ—ਓਏ ਬੜੀਆਂ ਫੌਜਾਂ ਆਉਨ ਗੀਆਂ ।

ਤੀਜਾ—ਓਏ ਗੀਡੂ, ਨਾਲੇ ਦੂਰਜ ਤੇ ਹਵਾਈਆਂ ਛੁੱਟਨ ਗੀਆਂ । ਨਾਲੇ ਚਾਦਰਾਂ ।

ਚੌਥਾ—ਓਏ ਆਓ ਓਏ, ਏਹਦੇ ਮਗਰ ਚਲੀਯੇ ।

ਸਭੇ—ਡਿੰਮਾ ਡਿੰਮਾ ਡਿੰਮੀਆ ਕਿ ਡਿੰਮ ਡਿੰਮਾ ਡਿੰਮ ।

(ਮੂੰਹ ਨਾਲ ਕਹਿੰਦੇ ਮਗਰੇ ਜਾਂਦੇ ਨੇ)

ਰੂਪ—੩ । ਤਿਲਕ ਦਰਬਾਰ ।

(ਮਹਾਰਾਜ ਦੇ ਪਾਸ ਸਭ ਅਮੀਰ ਵਜ਼ੀਰ ਬੈਠੇ ਨੇ)

ਬਾਬਾ ਸਾਹਿਬ ਸਿੰਘ----(ਗ੍ਰੰਥ ਸਾਹਿਬ ਦੇ ਪਾਠ ਪਿਛੋਂ)

ਪ੍ਰਿਥਮ ਭਗੌਤੀ ਸਿਮਰ ਕੇ ਗੁਰੂ ਨਾਨਕ ਲਈਂ ਧਿਆਈ ।
ਫਿਰਿ ਅੰਗਦ ਗੁਰੂ ਤੇ ਅਮਰ ਦਾਸ ਰਾਮ ਦਾਸੈ ਹੋਇ ਸਹਾਇ ।
ਅਰਜਨ ਹਰਿ ਗੋਬਿੰਦ ਨੂੰ ਸਿਮਰੌ ਸ੍ਰੀ ਹਰਿ ਰਾਇ ।
ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸੁ ਡਿਠੇ ਸਭੁ ਦੁਖ ਜਾਇ ।
ਤੇਗ ਬਹਾਦੁਰ ਸਿਮਰੀਐ, ਘਰ ਨਉਨਿਧਿ ਆਵੈ ਧਾਇ ।
ਦਸਵੇਂ ਬਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਕਲਗੀਧਰ ਜੀ ਸਭ ਥਾਈਂ ਹੋਇ ਸਹਾਇ । ਬੋਲੋ ਜੀ ਵਾਹਿਗੁਰੂ । ਸਤਿ ਸ੍ਰੀ ਆਕਾਲਿ । ਬੋਲੋ ਜੀ ਵਾਹਿਗੁਰੂ । ਨਾਮ ਚਿੱਤ ਆਵੇ ਬੋਲੋ ਜੀ ਵਾਹਿਗੁਰੂ। ਸਚੇ ਪਾਤਸ਼ਾਹ ਆਪਦੀ ਹਜ਼ੂਰੀ ਵਿੱਚ ਸ੍ਰਦਾਰ ਚੜ੍ਹਤ ਸਿੰਘ ਸੁਕਰਚੱਕੀਯੇ ਦੇ ਪੋਤ੍ਰੇ ਸਰਦਾਰ ਮਹਾਂ ਸਿੰਘ ਦੇ ਪੁਤਰ ਸਰਦਾਰ ਰੰਜੀਤ ਸਿੰਘ ਨੇ ਅਰਦਾਸ ਕਰਾਈ ਏ । ਤੇ ਆਪ ਦੇ ਸੱਚੇ ਦਰਬਾਰੋਂ ਮਹਾਰਾਜਾ ਬਹਾਦੁਰ ਦੀ ਪਦਵੀ ਪਾਈ ਏ । ਆਪਦੇ ਗੁਰਮੁਖਾਂ ਏਹ ਗੁਰਮਤਾ ਸਜਾਯਾ ਏ ਤੇ ਆਪਦੇ ਪ੍ਰਤਾਪ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਰਕਾਸ਼ ਵਿਚ ਖਾਲਸੇ ਦੀ ਗੱਦੀ ਤੇ ਮਹਾਰਾਜ ਰੰਜੀਤ ਸਿੰਘ ਨੂੰ ਬਿਠਾਯਾ ਏ । ਏਹ ਅੱਜ ਤੋਂ ਆਪ ਦੇ ਹੁਕਮ ਨਾਲ ਮਹਾਰਾਜਾ ਬਹਾਦੁਰ ਸੱਦਵਾਨਗੇ, ਤੇ ਆਪਦੀ ਸਹਾਇਤਾ ਨਾਲ ਰਾਜ ਮਰਿਆਦਾ ਚਲਾਨਗੇ । ਆਪਦੀ ਕ੍ਰਿਪਾ ਨਾਲ ਸਭ ਕੰਮ ਰਾਸ ਹੋਵੇ । ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ । ਪਾਪ ਦਾ ਨਾਸ ਹੋਵੇ ।

ਲਖਸ਼ਮੀ ਦਾ ਵਾਸ ਹੋਵੇ । ਪਰਜਾ ਦਾ ਪ੍ਰੇਮ ਹੋਵੇ । ਧਰਮ ਕਰਮ ਦਾ ਨੇਮ ਹੋਵੇ । ਬੋਲੋ ਜੀ ਵਾਹਿਗੁਰੂ । ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ।

(ਸਭੇ ਮੱਥਾ ਟੇਕਦੇ ਨੇ)

ਪੰਡਿਤ—ਮਹਾਰਾਜ, ਹੁਨ ਸਿੰਘਾਸਨ ਤੇ ਬਿਰਾਜੀਏ ਮੁਹੂਰਤ ਹੋਗਿਆ ਏ ।

ਰੰਜੀਤ ਸਿੰਘ—(ਗੱਦੀ ਤੇ ਬਹਿੰਦਾ ਏ ।) ਪੰਡਿਤ—

ਓਮ ਸ਼ਾਂਤਾਕਾਰੰ ਭੁਜਗ ਸ਼ਯਨੰ, ਪਦਮਨਾਭੰ ਸੁਰੇਸ਼ੰ ।
ਵਿਸ਼੍ਵਾਧਾਰੰ ਗਗਨ ਸਦ੍ਰਿਸ਼ੰ, ਮੇਘਵਰਣੰ ਸ਼ੁਭਾਂਗਮ ।
ਲਖਸ਼ਮੀਕਾਂਤੰ ਕਮਲਨਯਨੰ, ਯੋਗਿਭਿਰ ਧਯਾਨ ਗਮਯੰ ।
ਵੰਦੇ ਵਿਸ਼ਨੂੰ ਭਵ ਭਯਹਰਣੰ, ਸਰਬ ਲੋਕੈਕ ਨਾਥੰ ।
ਓਮ ਸੁਮੁਖਸ਼ੈਕ ਦੰਤਸ਼ਚ ਕਪਿਲੋ ਗਜ ਕਰਣਕਃ ।
ਲੰਬੋਦਰਸ਼ਚ ਵਿਕਟੋਸ਼ਚ ਵਿਘਨ ਨਾਸ਼ੋ ਵਿਨਾਯਕਃ ।
ਧੂਮਰਕੇਤੁਰ ਗਣਾਧਯਕਸ਼ੋ ਭਾਲਚੰਦ੍ਰੋ ਗਜਾਨਨਃ ।
ਸਫਲੰ ਕਰੋਤੁ ਕਾਰਯੇਦੰ, ਵਰਧਤੁ ਰਾਜ ਲਖਸ਼ਮੀਮ ।

[ਤਿਲਕ ਲਗਾਂਦਾ ਏ]

ਸਭੇ—ਵਧਾਈ, ਮਹਾਰਾਜ ।

ਮਹਾਰਾਜ—[ਸਿੰਘਾਸਨ ਤੋਂ ਉਠਕੇ]

ਸਾਨੂੰ ਰਾਜ ਤਿਲਕ ਦੇ ਕੇ ਤੁਸਾਂ ਲੋਕਾਂ ਜੋ ਸਾਡਾ ਮਾਨ ਕੀਤਾ ਏ ਅਸੀ ਓਸ ਮਾਨ ਦਾ ਪਾਤ੍ਰ ਬਨਨ ਦਾ ਜਤਨ ਕਰਾਂਗੇ ।

ਅਕਾਲ ਪੁਰਖ ਸਭ ਦੀਆਂ ਭਾਉਨੀਆਂ ਪੂਰੀਆਂ ਕਰੇ । ਅਜ ਤੋਂ ਲਾਹੌਰ ਦਾ ਪਰਬੰਧ ਉਸੇ ਤਰਾਂ ਹੋਵੇਗਾ, ਜੀਕਨ ਅਕਬਰ, ਜਹਾਂਗੀਰ ਤੇ ਸ਼ਾਹਜਹਾਂ ਦੇ ਵੇਲੇ ਹੁੰਦਾ ਸੀ । ਵਾਧੂ

ਨਜਰਾਨੇ ਨਹੀਂ ਲੈਜਾਨਗੇ। ਤੇ ਨ ਕਿਸੇ ਤੇ ਸਖਤੀ ਕੀਤੀ ਜਾਯੇਗੀ। ਕਾਜੀ ਨਿਜਾਮਦੀਨ ਅਪਨਾ ਕੰਮ ਕਰੀ ਜਾਯੇ ਓਹਦੀ ਮੋਹਰ ਵਾਲਾ ਓਹਦੀ ਹੱਥੀਂ ਲਿਖਿਆ ਕਾਗਤ ਪਰਵਾਣ ਹੋਵੇਗਾ। ਅਸੀ ਅੱਜ ਤੋਂ ਮਹਾਰਾਜ ਰੰਜੀਤ ਸਿੰਘ ਬਹਾਦੁਰ ਅਖਵਾਂਗੇ। ਸਭ ਪਰਜਾ ਸਾਨੂੰ ਸਰਕਾਰ ਕਹਿਕੇ ਬੁਲਾਏ। ਅੱਜ ਨਵੀਂ ਟੰਗਸਾਲ ਖੁੱਲੇਗੀ। ਦਸ ਹਜਾਰ ਰੁਪਈਆ ਚੰਡਿਆ ਜਾਵੇ। ਤੇ ਫਕੀਰ ਫੁਕਰੇ ਨੂੰ ਵੰਡਿਆ ਜਾਵੇ। ਹੁਨ ਅਸੀ ਨਜਰਾਨੇ ਲਾਂਗੇ।

(ਬਾਬਾ ਸਾਹਿਬ ਸਿੰਘ ਦਰਬਾਰ ਸਾਹਿਬ ਦਾ ਸਿਰੋਪਾ ਦੇਂਦਾ ਏ)

ਮਹਾਰਾਜ—[ਮੱਥਾ ਟੇਕ ਕੇ] ਬਾਬਾ ਜੀ, ਏਹ ਦੋ ਹਜਾਰ ਰੁਪਈਆ ਅਰਦਾਸ ਦਾ ਪਰਵਾਨ ਕਰੋ।

ਦਲ ਸਿੰਘ—ਮਹਾਰਾਜ, ਰਾਨੀ ਸਦਾ ਕੌਰ ਜੀ ਦਸ ਹਜਾਰ ਰੁਪਈਆ ਨਜਰ ਦੇਂਦੇ ਨੇ।

ਮਹਾਰਾਜ—ਖਜਾਨੇ ਦਾਖਲ ਕੀਤਾ ਜਾਯੇ।

ਦਲ ਸਿੰਘ—ਮਹਾਰਾਜ ਰਾਜਾ ਭਾਗ ਸਿੰਘ ਜੀਂਦ ਵਾਲੇ ਇਕ ਹਜਾਰ ਰੁਪਈਯਾ ਭੇਜਦੇ ਨੇ।

ਮਹਾਰਾਜ—ਖਜਾਨੇ ਦਾਖਲ ਕੀਤਾ ਜਾਏ।

[ਸਰਦਾਰ ਮਿੱਤ ਸਿੰਘ, ਸਰਦਾਰ ਅਤਰ ਸਿੰਘ ਕਾਲਿਆਂ ਵਾਲੇ ਤੇ ਦਲ ਸਿੰਘ ਨਜਰਾਂ ਦੇਂਦੇ ਨੇ। ਫੇਰ ਰਾਜਾ ਫਤੇ ਸਿੰਘ ਆਹਲੂਵਾਲੀਆ ਨਜਰ ਦੇਂਦਾ ਏ।]

ਦਲ ਸਿੰਘ—ਮਹਾਰਾਜ ਰਾਜਾ ਸਾਹਿਬ ਸਿੰਘ ਪਟਿਆ-ਲਿਓਂ। ਰਾਜਾ ਲਾਲ ਸਿੰਘ ਕੈਥਲੋਂ ਤੇ ਰਾਜਾ ਗੁਰ ਬਖਸ਼

ਸਿੰਘ ਅੰਬਾਲਿਓਂ ਵਧਾਈਆਂ ਭੇਜਦੇ ਨੇ।

ਮਹਾਰਾਜ—ਹੱਛਾ ਸਭ ਕੁਛ ਤੋਸ਼ੇਖਾਨੇ ਦਾਖਲ ਕੀਤਾ ਜਾਵੇ। ਹੁਨ ਕਵੀਸ਼ਰ ਲੋਗ ਅਪਨੀ ਅਪਨੀ ਕਵਿਤਾ ਸੁਨਾਨਗੇ। (ਇਕ ਭਟ ਉੱਠਕੇ)

ਧੰਨ ਸਿਰੀ ਸਰਕਾਰ, ਰਾਜ ਅਧਿਰਾਜ ਪ੍ਰਤਾਪੀ।
ਦੇਗ ਤੇਗ ਪਰਭਾਵ, ਫਤੇ ਕੀਰਤਿ ਜਗ ਵਿਆਪੀ।
ਸ਼ਾਹਨ ਕੇ ਪਾਤਸ਼ਾਹ, ਚੜ੍ਹਤ ਸਿੰਘ ਚੜ੍ਹਤ ਸਵਾਈ।
ਮਹਾਂਸਿੰਘ ਅਵਤਾਰ, ਬੜੀ ਜਿਸ ਤੇਗ ਘੁਕਾਈ।
ਡੁੱਗਰ ਤੋਂ ਬ੍ਰਿਜ ਰਾਜ ਦੇਵ, ਛੱਡ ਜੰਮੂ ਨੱਠਾ।
ਤੋਬਾ ਤੋਬ ਪੁਕਾਰੇ, ਪੀਰ ਮੁਹੰਮਦ ਢੱਠਾ।
ਜੋ ਸਿੰਘ ਖਾਕੇ ਕੌੜ, ਘਨਈਯੇ ਚਾੜ੍ਹ ਲਿਆਯਾ।
ਮਹਾਂ ਸਿੰਘ ਮਹਾਂ ਬਲੀ, ਬਿਆਸੋਂ ਪਾਰ ਨਠਾਯਾ।
ਕੌੜ ਕਰੇ ਗੁਰਬਖਸ਼ ਸਿੰਘ, ਜੋ ਸਿੰਘ ਦਾ ਜਾਯਾ।
ਲੈ ਹੋਣੀ ਦੀ ਚੁੱਕ, ਲੜਨ ਨੂੰ ਅੱਗੇ ਆਯਾ।
ਪਿਓ ਪੁਤਰ ਹੰਕਾਰੀ, ਜਦ ਆ ਵੜੇ ਮਦਾਨ।
ਮਾਰ ਬੰਦੂਕ ਮਹਾਂਸਿੰਘ, ਲਏ ਪੁੱਤਰ ਦੇ ਪ੍ਰਾਣ।
ਜੋ ਸਿੰਘ ਰਾਤੋ ਰਾਤ, ਪਹਾੜਾਂ ਦੇ ਵਲ ਨੱਠਾ।
ਨਗਰ ਕੋਟ ਹੋ ਬੰਦ, ਕਰੇ ਪਰਿਵਾਰ ਇਕੱਠਾ।
ਮੋਏ ਪੁਤਰ ਦੀ ਖਾਰ, ਹਾਰ ਪਈ ਦਿਲ ਵਿਚ ਰੜਕੇ।
ਮਹਾਂਸਿੰਘ ਮਹਾਂਬਲੀ, ਸ਼ੇਰ ਚੌਫੇਰੇ ਬੜ੍ਹਕੇ।
ਜੰਮੂ ਨੂੰ ਬ੍ਰਿਜਰਾਜ ਦੇਵ, ਜਦ ਮੁੜਕੇ ਆਯਾ।
ਮਹਾਂ ਸਿੰਘ ਮਹਾਂਬਲੀ, ਨਗਾਰਾ ਚੱਲ ਵਜਾਯਾ।

ਬਹੁਤ ਲਿਆ ਧਨ ਮਾਲ, ਲੁੱਟ ਬੇਅੰਤ ਖਜਾਨਾ ।
ਆਲਮ ਖਾਂ ਅਖਨੂਰੀਆ, ਆ ਦੇ ਨਜਰਾਨਾ ।
ਜੈ ਸਿੰਘ ਹੋ ਲਾਚਾਰ, ਪਹਾੜੀ ਘੁਰਣਾ ਛੱਡੇ ।
ਆ ਬੂਹੇ ਤੇ ਕਰੇ ਬੇਨਤੀ, ਤਰਲੇ ਵੱਡੇ ।
ਖਾ ਕੇ ਤਰਸ ਮਹਾਂਸਿੰਘ, ਮੁੜ ਚਾ ਗਲੇ ਲਗਾਯਾ ।
ਜੱਸਾ ਸਿੰਘ ਨੂੰ ਆਖ ਵੇਖ, ਕੇ ਮੁਲਖ ਮੁੜਾਯਾ ।
ਰੀਢੀ ਜੈਸਿੰਘ ਨਾਲ, ਫੇਰ ਚਾ ਕੁੜਮਾਂਚਾਰੀ ।
ਜੱਸਾ ਸਿੰਘ ਰਾਮਗੜ੍ਹੀਯੇ, ਏਹ ਨਾ ਗੱਲ ਸਹਾਰੀ ।
ਇਕ ਦਿਨ ਜਦ ਮਹਾਂਬਲੀ, ਮਹਾਂਸਿੰਘ ਦੌਰੇ ਚੜ੍ਹਿਆ ॥
ਜੱਸਾ ਸਿੰਘ ਚੁੱਪਕੀਤਾ, ਰਾਮ ਨਗਰ ਆ ਵੜਿਆ ।
ਕਲਾਲ ਵਾਲਿਓਂ ਜੋਧਸਿੰਘ, ਸੰਗ ਕੀਤਾ ਪੱਕ ।
ਮਾਰ ਲਈਯੇ ਮਹਾਂਸਿੰਘ, ਧ੍ਰੋਹ ਤੇ ਬੱਧਾ ਲੱਕ ।
ਖਬਰ ਮਿਲੀ ਮਹਾਂਸਿੰਘ, ਬਲੀ ਨੂੰ ਪਲਕ ਪਹਿਲੇ ।
ਜਿਸਦਾ ਰਾਖਾ ਆਪ, ਮਰੇ ਓਹ ਕੀਕਨ ਸਹਿਲੇ ?
ਤੁਰਤ ਪਿਛਾਂਹ ਨੂੰ ਪਰਤ, ਸ਼ੇਰ ਨੇ ਵਤੇ ਗਜਾਈ ।
ਮਾਰ ਮਾਰ ਧ੍ਰੋਹੀ ਨੂੰ, ਤੋਬਾ ਤੋਬ ਕਰਾਈ ।
ਜੋਧਸਿੰਘ ਹੰਕਾਰ ਭਨਾ, ਨ ਮੁੜ ਘਰ ਵੜਿਆ ।
ਜੋਧਸਿੰਘ ਰਾਮਗੜ੍ਹੀਆ, ਪਲ ਵੀ ਰਿਹਾ ਨ ਅੜਿਆ ।
ਨਠਾ ਜੱਸਾ ਸਿੰਘ, ਸ਼ਰਮਦਾ ਖਾ ਕੇ ਹਾਰ ।
ਮਹਾਂਸਿੰਘ ਦੀ ਪੈਜ, ਰਖੀ ਸਚੇ ਕਰਤਾਰ ।

ਮਹਾਂਸਿੰਘ ਮਹਾ ਬਲੀ ਤੋਂ ਰੰਜੀਤ ਸਿੰਘ ਵੀਰ ਹੋਯਾ, ਸਾਰੇ ਸੰਸਾਰ ਵਿਖੇ ਜਿਸਦੀ ਵਡਿਆਈ ਹੈ । ਉਮਰਾਂ ਦਸ

ਬਰਸ ਗਿਆ ਸੋਧਰੇ ਦਾ ਕਿਲਾ ਲੈਨ, ਜੱਸਾਸਿੰਘ ਰਾਮਗੜ੍ਹੀਏ ਨਾਲ ਦੱਲਸਿੰਘ ਸੁਰ ਮਿਲਾਈ ਹੈ। ਕਰਮ ਸਿੰਘ ਦੂਲੇ ਨਾਲੇ ਜੋਧਸਿੰਘ ਭੰਗੀ ਮਿਲੇ, ਜੋਧਸਿੰਘ ਰਾਮਗੜ੍ਹੀਆ ਭਯਾ ਤਿਨ੍ਹਾਂ ਦਾ ਸਹਾਈ ਹੈ। ਕੋਟ ਮਹਾਰਾਜਾ ਦੇ ਮਦਾਨ ਮੱਲ ਬੈਠੇ ਸਭ, ਮਾਰੇ ਰੰਜੀਤ ਸਿੰਘ ਸੁਲਹ ਏਹ ਪਕਾਈ ਹੈ । ਗਿੱਦੜ ਦੀ ਭਬਕਾਰ ਨੇ ਹੁਸ਼ਿਆਰ ਸ਼ੇਰ ਬੱਬਰ ਕੀਤਾ,ਗੱਜਕੇ ਮਦਾਨ ਇਕ ਲਲਕਾਰ ਆ ਲਗਾਈ ਹੈ। ਥੋੜੇ ਜਹੇ ਸਾਥ ਨਾਲ ਵੈਰੀਆਂ ਤੇ ਵਾਰ ਕੀਤਾ, ਸੁੱਧ ਬੁੱਧ ਸਾਰੀ ਜੱਸਾ ਸਿੰਘ ਦੀ ਭੁਲਾਈ ਹੈ। ਚਤੁਰ ਸਿੰਘ ਮੋਯਾ, ਹੋਯਾ ਜੁੱਧ ਹੋਰ ਬਹੁਤ ਘੋਰ, ਤੋਪਾਂ ਤੇ ਜੰਬੂਰਕ ਲੁੱਟ ਬੜੀ ਹੱਥ ਆਈ ਹੈ । ਜਗਤ ਉਜਾਗਰ ਕ੍ਰਿਪਾ ਸਾਗਰ ਰੰਜੀਤ ਸਿੰਘ, ਮਹਾਂ ਸਿੰਘ ਕੁਲ ਦੀਪਕ ਦਾ ਅਕਾਲ ਈ ਸਹਾਈ ਹੈ। (ਸਲਾਮ ਕਰਦਾ ਏ)

ਮਹਾਰਾਜ—ਰਾ ਹੋਰਾਂ ਨੂੰ ਸੌ ' ਰੁਪਈਆ ਦਿਤਾ ਜਾਵੇ।

[ਛੱਟ ਇਨਾਮ ਲੈਕੇ ਬਹਿ ਜਾਂਦਾ ਏ] ਇਕ ਕਵੀ-[ਉਠਕੇ]

ਧੁਰ ਦਰਗਾਹੋਂ ਹੁਕਮ ਹੋਯਾ ਪੰਜਾਬ ਤੇ ਸਾਦਰ।
ਤਿਲਕ ਲੈਨ ਰਣਜੀਤਸਿੰਘ,ਮਹਾਰਾਜ ਬਹਾਦੁਰ।
ਰੰਨ ਚੜ੍ਹੇ ਨੂੰ ਵੇਖਨ ਦੁਨੀਆਂ ਹੁੰਮ ਹੁੰਮਾਈ।
ਦਿਲ ਦੀ ਵਧੀ ਉਮੰਗ, ਲਵੇ ਮਹਾਰਾਜ ਵਧਾਈ।

ਦਰਬਾਰੀ—ਸ਼ਾਵਾ ! ਸ਼ਾਵਾ ! ਕਵੀਸ਼ਰ ਜੀ।

ਮਹਾਰਾਜ—ਦਿਓ ਕਵੀਸ਼ਰ ਹੋਰਾਂ ਨੂੰ ਇਕ ਸੌ ਇਨਾਮ !

ਦੂਜਾ—(ਉਠਕੇ) ਦੇਗ ਤੇਗ ਦੇ ਜੋਰ,ਫਤੇ ਕਰ ਵੈਰੀ ਢੇਰ।

ਤਿਲਕ ਲਿਆ ਰੰਜੀਤ ਸਿੰਘ ਮਹਾਰਾਜੇ ਸ਼ੇਰ ।
ਜੱਸ ਕੀਰਤਿ ਸੰਸਾਰ, ਸ੍ਰੀ ਦਸ਼ਮੇਸ਼ ਬਨਾਈ ।
ਧਰਮ ਕਰਮ ਮਰਿਆਦ, ਲਵੋ ਮਹਾਰਾਜ ਵਧਾਈ ।

ਮਹਾਰਾਜ—ਦਿਓ ਕਵੀਸ਼ਰ ਹੋਰਾਂ ਨੂੰ ਦੋ ਸੌ ਇਨਾਮ ।

ਤੀਜਾ—(ਉਠਕੇ)

ਜੰਗਲ ਦੇ ਵਿਚ ਮੰਗਲ ਹੋ ਗਏ, ਖੇੜ ਪਈ ਗੁਲਜ਼ਾਰੇ ।
ਡਾਲੀ ਡਾਲੀ ਪੱਤਰ ਪੱਤਰ, ਜੋਬਨ ਨਵੇਂ ਸ਼ਿੰਗਾਰੇ ।
ਸੋਕਾ ਗਿਆ ਬਸੰਤਾਂ ਆਈਆਂ, ਰਸੀਆਂ ਮੌਜ ਮਨਾਈ ।
ਪ੍ਰੇਮ ਤ੍ਰੰਗ ਉਠੀ ਦਿਲ ਅੰਦਰ, ਲੌ ਮਹਾਰਾਜ ਵਧਾਈ ।

ਦਰਬਾਰੀ—ਸ਼ਾਵਾ, ਕਵੀਸ਼ਰ ਜੀ, ਸ਼ਾਵਾ !

ਮਹਾਰਾਜ—ਦਿਓ ਕਵੀਸ਼ਰ ਹੋਰਾਂ ਨੂੰ ਤਿੰਨ ਸੌ ਇਨਾਮ ।

ਚੌਥਾ—(ਉਠਕੇ) ਮਹਾਰਾਜ, ਮੇਰੀ ਵਧਾਈ ਵੀ ਸੁਣੀ ਜਾਵੇ ।

ਮਹਾਰਾਜ—ਹਾਂ, ਸੁਣਾਓ । ਕਵੀ—

ਸਦਾ ਸ਼ੁਭ ਹੋਵੇ, ਮਹਾਰਾਜੇ ਨੂੰ, ਸਿੰਘਾਸਨ ਏਹ ਸ਼ਾਹਾਨਾ ।
ਚੜ੍ਹਾ ਇਕਬਾਲ ਦੀ ਗੁਡੀ, ਤਿਲਕ ਮਹਾਰਾਜਗੀ ਲਾਨਾ ।
ਰਮਾਪਤ ਦਾ ਛਤਰ ਸਿਰ ਤੇ, ਭਰਣ ਸ਼ਿਵ ਜੀ ਖਜ਼ਾਨੇ ਨੂੰ ।
ਰਹੇ ਪਰਤਾਪ ਦਾ ਕੜਕਾ, ਤੇਰਾ ਸਾਰੇ ਜ਼ਮਾਨੇ ਨੂੰ ।
ਸਦਾ ਪਰਜਾ ਪਿਆਰੀ ਤੇ, ਰਹੇ ਰਾਜਨ ਨਿਗਾਹਬਾਨੀ ।
ਬਨਨ ਆਨੰਦ ਦੇ ਭਾਗੀ, ਕੁੰਵਰ ਜੀ ਤੇ ਮਹਾਰਾਣੀ ।

ਮਹਾਰਾਜ—ਕਵੀਸ਼ਰ ਹੋਰਾਂ ਨੂੰ ਪੰਜ ਸੌ ਇਨਾਮ ਦਿਓ ।

ਪੰਜਵਾਂ—ਮਹਾਰਾਜ, ਮੇਰੀ ਵੀ ਦੋ ਤੁੱਕੀ ਵਧਾਈ ਏ ।

ਮਹਾਰਾਜ—ਹਾਂ, ਸੁਨਾਓ !

ਕਵੀ—ਦੇਗੋ ਤੇਗੋ ਫਤੇ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਸਭ—ਬਹੁਤ ਸੋਹਣੀ, ਬਹੁਤ ਸੋਹਣੀ ਤੁੱਕ ਏ !

ਮਹਾਰਾਜ—ਹਾਂ ਏਸ ਵਿਚ ਗੁਰੂ ਨਾਨਕ ਦੇਵ ਤੇ ਸ੍ਰੀ ਕਲਗੀਧਰ ਜੀ ਦਾ ਨਾਂ ਵੀ ਆ ਗਿਆ ਏ। ਇਹ ਤੁੱਕ ਰੁਪਈਏ ਤੇ ਉਖਨਾਈ ਜਾਵੇ। ਦਿਓ ਕਵੀ ਹੋਰਾਂ ਨੂੰ ਇਕ ਹਜ਼ਾਰ ਇਨਾਮ। ਹੁਨ ਮੁਜਰਾ ਹੋਵੇਗਾ—

(ਮੋਰਾਂ ਮੁਜਰਾ ਕਰਦੀ ਤੇ ਮਿਰਾਸੀ ਦੋਹੇ ਦੇਂਦਾ ਏ)

॥ ਗਾਉਨ ॥

ਮੋਰਾਂ— ਕਲਗੀ ਮਹਾਰਾਜੇ ਦੀ, ਮੋਤੀ ਜੜੇ ਨੇ।
ਮੋਤੀ ਜੜੇ ਨੇ, ਹੀਰੇ ਪੰਨੇ ਮੜ੍ਹੇ ਨੇ॥ ਕਲਗੀ....
ਦੋਹਾ—ਵਾਜੇ ਵਜੇ ਅਕਾਸ਼ ਤੇ, ਦੇਵਤਿਆਂ ਮਨ ਚਾ।
ਵਰ ਘਰ ਪਾਯਾ ਲਖਸ਼ਮੀ, ਗੂੜ੍ਹੀ ਪ੍ਰੀਤਿ ਵਧਾ॥ ਕਲਗੀ....
ਮੋਰਾਂ—ਪਰਜਾ ਦੇ ਪਿਆਰੇ, ਦੁਲਾਰੇ ਮਹਾਰਾਜਾ।
ਦਾਨੇ ਖਜ਼ਾਨੇ ਦੇ ਵਾਧੇ ਬੜੇ ਨੇ॥ ਕਲਗੀ....
ਦੋਹਾ—ਮੱਚੀ ਧੁੰਮ ਜਹਾਨ ਤੇ, ਗੂੰਜ ਪਿਆ ਅਸਮਾਨ।
ਪਾਸਾ ਜਾਪੇ ਪਲਟਿਆ, ਦਿੱਤਾ ਦਾ ਭਗਵਾਨ॥ ਕਲਗੀ....
ਮੋਰਾਂ—ਘੋਤੀਂ ਲੁਕਾਈਆਂ ਵਧਾਈਆਂ ਨੂੰ ਆਈਆਂ।
ਹੱਥੀਂ ਸਵਾਮੀ ਦੇ ਸਾਮੇ ਫੜੇ ਨੇ॥ ਕਲਗੀ....
ਫੁੱਲਾਂ ਦੀ ਵਰਖਾ ਵਸਾਂਦੇ ਨੇ ਸ਼ਹਿਰੀ।

ਦੇਂਦੇ ਵਧਾਈਆਂ ਆ ਵੇਹੜੇ ਵੜੇ ਨੇ। ਕਲਗੀ
ਦੋਹਾ-ਲਾੜਾ ਜਿਓਂ ਵਿਚ ਜਾਂਞੀਆਂ,ਤਾਰਿਆਂ ਵਿਚ ਜਿਓਂ ਚੰਨ।
ਰਾਜਿਆਂ ਵਿਚ ਮਹਾਰਾਜ ਹੋ, ਜੱਸ ਕੀਰਤਿ ਪਰਪੰਨ॥ ਕਲ
ਮਾਂ-ਲੱਗਨ ਮਹਾਰਾਜਾ ਸਿੰਘਾਸਨ ਤੇ ਇੰਦਰ।
ਦੁਸ਼ਮਾਂ ਨੂੰ ਸੜ ਸੜ ਕੇ ਸੂਖੇ ਚੌੜ੍ਹੇ ਨੇ। ਕਲਗੀ....
ਇੰਦਰ ਦੇ ਗਿਰਦੇ ਜਿਓਂ ਹੁੰਦੇ ਨੇ ਦੇਉਤੇ।
ਰਾਜੇ ਮਹਾਰਾਜੇ ਦੁਵਾਲੇ ਖੜੇ ਨੇ। ਕਲਗੀ....
ਦੋਹਾ-ਤੇਜ ਪ੍ਰਤਾਪ ਜਹਾਨ ਦੇ, ਮੱਥੇ ਲਾਟ ਵਧਾਨ।
ਸਦਕੇ ਲੈਂਦੀ ਲਖਸ਼ਮੀ, ਰਿਧ ਸਿੱਧ ਭੇਟ ਚੜ੍ਹਾਨ। ਕਲਗੀ
ਮਾਂ-ਜੱਗ ਮੱਗ ਈ ਜੱਗ ਮੱਗ ਕਰਨ, ਜੋੜੇ ਜ਼ਰੀ ਦੇ।
ਵਾਹਵਾ! ਵਜ਼ੀਰਾਂ ਦੇ, ਕੰਠੇ ਕੜੇ ਨੇ। ਕਲਗੀ
ਸ਼ੇਰਾਂ ਦੇ ਬੱਚੇ, ਏਹਦਵਾਲੇ ਨੇ ਸੱਚੇ।
ਸੋਹਣੇ ਸਜਾਦੇ,ਕਈ ਜੁੱਧੀਂ ਲੜੇ ਨੇ॥ ਕਲਗੀ
ਦੋਹਾ-ਬੜੇ ਬਹਾਦੁਰ ਮਨਚਲੇ, ਜੋਧੇ ਚਤੁਰ ਸੁਜਾਨ।
ਮੋਢੀ ਤੇਰੇ ਰਾਜ ਦੇ, ਅਰਜੁਨ, ਭੀਮ ਸਮਾਨ॥ ਕਲਗੀ....
ਮਾਂ-ਈਸ਼ੂਰ ਮਹਾਰਾਜੇ ਨੂੰ, ਰੱਖੇ ਸਲਾਮਤ।
ਕਿਸਮਤ ਨੇ ਵੈਰੀ, ਚਾਮਾਰੇ ਰੜੇ ਨੇ॥ ਕਲਗੀ....
ਜਗ ਵਿਚ ਉਜਾਗਰ, ਕ੍ਰਿਪਾਸਾਗਰ ਮਹਾਰਾਜਾ।
ਦੇਗਾਂ ਤੇ ਤੇਗਾਂ ਦੇ, ਇੱਕੋ ਧੜੇ ਨੇ॥ ਕਲਗੀ....

(ਪਰਦਾ ਗਿਰਦਾ ਏ)

—o—

ਅੰਗ ਚੌਥਾ

ਮਹਾਰਾਜਗੀ ॥

—o—

ਰੂਪ–੧ । ਪਟਿਆਲੇ ਵਿਚ ਗੁਰਮਤਾ ।

ਰਾਜਾ ਸਾਹਿਬ ਸਿੰਘ ਪਟਿਆਲੇ ਵਾਲਾ, ਭਾਗ ਸਿੰਘ ਜੀਂਦ ਵਾਲਾ ਤੇ ਗੁਰਬਖਸ਼ ਸਿੰਘ ਅੰਬਾਲੇ ਵਾਲਾ ਬੈਠੇ ਨੇ ॥

ਗੁਰਬਖਸ ਸਿੰਘ—ਖਾਲਸਾ ਜੀ, ਵਾਹਗੁਰੂ ਨੇ ਖਾਲਸੇ ਦਾ ਰਾਜ ਤੇ ਵਧਾਯਾ, ਪਰ ਇਸ ਵਿਚ ਜੇਹੜਾ ਇਕ ਮੌਹਰੇ ਦਾ ਬੂਟਾ ਉਗਾਯਾ, ਉਸਨੇ ਆਪੋਂ ਤੇਮੇ ਦੀ ਜੜ੍ਹੀਂ ਤੇਲ ਚਾ ਪਾਯਾ। ਜੇ ਸਿੱਖਾਂ ਦੇ ਸਿੱਖਾਂ ਨੇ ਏਕਨ ਤਵਾਹੇ ਲਾਹੇ, ਤਦ ਸਮਝੋ ਕਿ ਖਾਲਸੇ ਦੇ ਦਿਨ ਪੁੱਠੇ ਆਏ।

ਸਾਹਿਬਸਿੰਘ—ਖਾਲਸਾ ਜੀ, ਵਧੀਕੀ ਸੁੱਕਰਚੱਕੀਆਂ ਨੇ ਈ ਕੀਤੀ ਏ, ਪਰ ਰੰਜੀਤ ਸਿੰਘ ਨੇ ਸਗੋਂ ਉੱਕਾ ਈ ਘੋਲ ਪੀਤੀ ਏ।

ਗੁਰਬਖਸ਼ ਸਿੰਘ—ਮਹਾਰਾਜ, ਰੰਜੀਤ ਸਿੰਘ ਹੋਰਾਂ ਦੀ ਕਿਆ ਬਾਤ ਹੈ? ਓਹਦੇ ਪ੍ਰਤਾਪ ਅੱਗੇ ਹੁਨ ਤੇ ਜੇਮਰਾਜ ਵੀ ਮਾਤ ਹੈ। ਜਿਹਨੂੰ ਚਾਹੁੰਦਾ ਏ, ਮੁੱਢੋਂ ਪੁੱਟ ਕੇ ਅਹੁ ਚਾ ਵਗਾਂਦਾ ਏ। ਤੇ ਖਾਲਸੇ ਦੇ ਬੇੜੇ ਵਿਚ ਨਿਤ ਨਵੇਂ ਬੋੜ ਪਿਆ ਪਾਂਦਾ ਏ।

ਭਾਗ ਸਿੰਘ—ਖਾਲਸਾ ਜੀ, ਰੰਜੀਤ ਸਿੰਘ ਨੇ ਖਾਲਸੇ ਦਾ ਪ੍ਰਤਾਪ ਸਗੋਂ ਵਧਾਯਾ ਏ, ਤੇ ਅਪਨੀ ਅਕਲ ਦੇ ਜ਼ੋਰ ਸਭ ਤੇ ਅਪਨਾ ਸਾਯਾ ਸਿੱਕਾ ਪਾਯਾ ਏ । ਓਹਦੇ ਰਾਜ ਤੇ ਸਭ ਸਿਖ ਰਾਜ਼ੀ ਨੇ।

ਗੁਰਬਖਸ਼ ਸਿੰਘ—ਰਾਜ਼ੀ ? ਪਰ ਡਾਵੇ ਪੁੱਜ ਕੇ! ਦਲਸਿੰਘ ਅਕਾਲਗੜ੍ਹੀਯੇ ਦੀ ਜੜ੍ਹ ਉਖੇੜੀ। ਸਾਹਿਬ ਸਿੰਘ ਭੰਗੀ ਦੀ ਵੀ ਰਹਿੰਦ ਖੂੰਹਦ ਨਬੇੜੀ। ਜੋਧ ਸਿੰਘ ਵਜੀਰਾਬਾਦੀਆ ਵੀ ਗਿਆ। ਡਸਕਾ ਤੇ ਸਲਕੋਟ ਜੀਉਨ ਸਿੰਘ ਤੋਂ ਲਿਆ। ਜੋਸਾ ਸਿੰਘ ਤੇ ਕਰਮ ਸਿੰਘ ਢਿੱਲਨ ਚਨਯੋਟੋਂ ਕੱਢੇ । ਗੁਰਦਿੱਤ ਸਿੰਘ ਭੰਗੀ ਦੇ ਅੰਮ੍ਰਿਤਸਰੋਂ ਬੂਟੇ ਵੱਢੇ । ਬੁੱਧਸਿੰਘ ਤੇ ਸੰਗਤ ਸਿੰਘ ਤੋਂ ਸੁਜਾਨਪੁਰ ਖੋਹਿਆ। ਨਕੋਦਰ ਤੇ ਫਗਵਾੜਾ ਆਹਲੂਵਾਲੀਆਂ ਦਾ ਹੋਯਾ। ਅਮੀਰ ਸਿੰਘ ਤੇ ਅਰਬੇਲ ਸਿੰਘ ਸ਼ੇਖੂਪੁਰਿਓਂ ਗਏ । ਓਹਨਾਂ ਦੇ ਰਾਜ ਨਕਾਯਨ ਦੇ ਪੇਟੇ ਪਏ। ਕੁਸੂਰ ਦੇ ਪਠਾਨ ਵੀ ਨਜਰਾਨੇ ਭਰਨ ਲੱਗਪਏ। ਮੁਲਤਾਨ ਦੇ ਨਵਾਬ ਵੀ ਤਾਬੇਦਾਰੀ ਕਰਨ ਲਗ ਪਏ। ਇਕ ਗੱਲੇ ਸਾਰੇ ਪੰਜਾਬ ਵਿਚ ਸਿੰਘ ਸਾਹਬ ਗੱਜਦਾ ਏ। ਪਰ ਸਿੱਖਾਂ ਦੀ ਸ਼ਕਲ ਤੋਂ ਓਹਨੂੰ ਦੁਕਾੜਾ ਜਿਹਾ ਵੱਜਦਾ ਏ। ਦੱਸੋ ਏਸ ਵਾਧੇ ਵਿਚ ਪੰਥ ਨੂੰ ਕੀ ਲਾਭ ਹੋਯਾ ? ਇੱਕ ਸਿੰਘ ਸਾਹਿਬ ਈ ਰਹੇ, ਤੇ ਬਾਕੀ ਸਭ ਇੱਕਾ ਦੁੱਕਾ ਮੋਯਾ !

ਭਾਗਸਿੰਘ—ਗੁਰਬਖਸ਼ ਸਿੰਘ ਜੀ, ਤੁਸੀ ਸੌੜੇ ਨ ਪਓ, ਤੇ ਵਾਹਿਗੁਰ ਦੀ ਡੰਗੌਰੀ ਦਾ ਆਸਰਾ ਲਓ । ਓਹਦੇ ਘਰ

ਵਿੱਚ ਕਾਈ ਥੋੜ ਨਹੀਂ, ਓਹਦੇ ਹੁਕਮ ਅੱਗੇ ਕਾਈ ਮੋੜ ਨਹੀਂ। ਓਸੇ ਅਕਾਲ ਪੁਰਖ ਨੇ ਰੰਜੀਤ ਸਿੰਘ ਨੂੰ ਵਡਿਆਯਾ ਏ। ਜੇ ਤੁਸੀ ਵੀ ਸਿਦਿਕ ਰਖੋ ਤੇ ਕਲ ਨੂੰ ਤੁਹਾਡਾ ਵਾਰਾ ਵੀ ਆਯਾ ਏ। ਰੰਜੀਤ ਸਿੰਘ ਦਾ ਵਾਧਾ ਖਾਲਸੇ ਦਾ ਵਾਧਾ ਏ।

ਗੁਰਬਖਸ਼ ਸਿੰਘ—ਖਾਲਸਾ ਜੀ, ਤੁਸੀ ਭਨੇਵੇਂ ਦੀ ਰਈ ਨ ਕਰੋ। ਘੋੜਾ ਚਾਲੋ ਗਵਈਆ ਤਾਲੋਂ ਸਿਞਾਪਦਾ ਏ। ਅਜ ਤੂੱਰਕ ਹੋਰਾਂ ਨੂੰ ਏਹ ਝੋਲ ਪ੍ਰੀਠੇ ਸੁ, ਤੇ ਕਲ ਨੂੰ ਮਾਮੇ ਹੋਰੀ ਵੀ ਓਸੇ ਤਰਾਂ ਨਜੀਠੇ ਸੂ। ਜੇ ਅਜ ਸਾਹਿਬ ਸਿੰਘ ਤੇ ਹੱਥ ਉਲੇਰਿਆ ਸੂ ਤੇ ਕਲ ਨੂੰ ਹੋਰਨਾਂ ਨੂੰ ਵੀ ਊਹੋ ਹੂੰਜਾ ਫੇਰਿਆ ਸੂ। ਮੈਂ ਤੁਹਾਨੂੰ ਕਹਿ ਰਿਹਾ ਜੇ, ਆਓ ਅਜੇ ਵੀ ਇੱਕਵਾਕ ਕਰਕੇ ਰਚ ਮਿਚ ਜਾਈਯੇ। ਇੱਕ ਗੱਲ ਤੇ ਪੂਰਣਾ ਪਾਈਯੇ ਤੇ ਰੰਜੀਤ ਸਿੰਘ ਦਾ ਦਾ ਨ ਖਾਈਯੇ।

ਭਾਗ ਸਿੰਘ—ਖਾਲਸਾ ਜੀ, ਭਾਵੇਂ ਰੰਜੀਤ ਸਿੰਘ ਮੇਰਾ ਭਣੇਵਾ ਏ, ਪਰ ਮੈਨੂੰ ਓਹਦਾ ਕੋਈ ਹੁਕਮ ਨਹੀਂ ਮਾਰਿਆ ਜਾਂਦਾ। ਗੱਲ ਸੁੱਟ ਨ ਪਾਓ। ਜੇ ਤੁਹਾਡੇ ਵਿਚ ਏਡਾ ਪਿੱਤਾ ਏ। ਵਾਹਿਗੁਰੂ ਤੁਹਾਨੂੰ ਹਿੰਮਤ ਤੇ ਬਲਕਾਰ ਵੀ ਦਿੱਤਾ ਏ। ਜਾਓ ਓਹਨੂੰ ਸਿੱਧਾ ਕਰ ਲਓ। ਦੌਲਤ ਮਾਯਾ ਝਾੜ ਝੂੜ ਕੇ ਅਪਨੇ ਖਜਾਨੇ ਭਰ ਲਓ। ਦਿਲ ਵਿਚ ਵਿੱਸਾਂ ਘੋਲਨਾ ਮਰਦਊ ਨਹੀਂ। ਪਿੱਠ ਪਿੱਛੇ ਨਿੰਦਿਆ ਕਰਨਾ ਭਲਮਨਸਊ ਨਹੀਂ। ਤੁਹਾਨੂੰ ਸਾਹਿਬ ਸਿੰਘ ਦੀ ਕੀ ਖਬਰ ਏ? ਵਾਹਗੁਰੂ ਸਾਖੀ ਏ, ਓਹ ਬਾਸ਼ਾ ਜੇ ਬਾਸ਼ਾ। ਓਹਦੇ ਭਾਣੇ ਰਾਜ ਜੇ

ਮਖੌਲ ਤੇ ਤਮਾਸ਼ਾ। ਰੰਜੀਤ ਸਿੰਘ ਨਾਲ ਓਸ ਜਾਨ ਬੁੱਝ ਕੇ ਆਹਡਾ ਲਾਯਾ। ਦਲ ਸਿੰਘ ਵਿਚਾਰੇ ਨੂੰ ਚੁੱਕ ਚੱਕ ਕੇ ਨਾਲ ਫਸਾਯਾ। ਵਜ਼ੀਰਾਂਬਾਦੀਯੇ ਮਹਾਂ ਸਿੰਘ ਈ ਬਨਾਯੇ ਸਨ। ਪਰ ਅਜ ਕਲ ਬੜੀਆਂ ਆਕੜਾਂ ਵਿਚ ਆਏ ਸਨ। ਕਰਮ ਸਿੰਘ ਤੇ ਜਸਾ ਸਿੰਘ ਤੋਂ ਜ਼ਿਆਦਾ ਬੜੀ ਤੰਗ ਸੀ। ਤੇ ਰੰਜੀਤ ਸਿੰਘ ਜਹੇ ਦਾਨੇ ਦੀ ਓਥੇ ਚਿਟੇਕਨੀ ਮੰਗ ਸੀ। ਸੰਗਤਸਿੰਘ ਤੇ ਬੁਧਸਿੰਘ ਸਦਾਕੌਰ ਨੂੰ ਨਿੱਤ ਸਤਾਂਦੇ ਸਨ। ਜੇਹੜੇ ਸੱਸ ਦੇ ਵੈਰੀ ਹੋਨ, ਭੱਲਾ ਫੇਰ ਓਹ ਕਿਥੇ ਬਚ ਕੇ ਜਾਂਦੇ ਸਨ? ਅਮੀਰ ਸਿੰਘ ਦੇ ਧਾੜਿਆਂ ਤੋਂ ਲੋਕਾਂ ਦੁਹਾਈ ਮਚਾਈ। ਤੇ ਤਦੇ ਓਸ ਸ਼ੇਖੂਪੁਰਾ ਲੈਨ ਦੀ ਤਤਬੀਰ ਠਹਿਰਾਈ। ਸੁੱਖਾਂ ਨਾਲ ਜੱਟ ਵਾਲੀ ਹੱਦ ਹੋਈ, ਅਖੇ ਰੀਨਾ ਛੱਡਨ ਔਖ ਤੇ ਰੋੜੀ ਕੱਢਨੀ ਸੌਖ। ਜੇ ਜੰਮ ਜੰਮ ਤੋਪ, ਜੇਹੜੀ ਪਹਿਲੇ ਈ ਮਹਾਂ ਸਿੰਘ ਦੀ ਮਲਕੀਤ ਸੀ ਹੱਥ ਚਾ ਫੜਾਂਦੀ, ਤਦ ਅੰਮ੍ਰਿਤਸਰ ਦਾ ਰਾਜ ਕਾਹਨੂੰ ਗਵਾਂਦੀ? ਕੁਸੂਰੀਆਂ ਵੀ ਓਹ ਅੱਤ ਚਾਈ ਕਿ ਸਾਰੀ ਖੁਦਾਈ ਓਹਨਾਂ ਤੋਂ ਤੰਗ ਆਈ। ਖੋਹੀ ਮੋਹੀ ਤੇ ਘੰਡਪੁਨੇ ਤੋਂ ਲਾਹੌਰ ਦੀਆਂ ਗਲੀਆਂ ਤ੍ਰਾਸ ਤ੍ਰਾਸ ਕੀਤੋ। ਸਤਰਾਂ ਦੀਆਂ ਸਤਰਾਨੀਆਂ ਮਹਿਲਾਂ ਦੀਆਂ ਰਾਣੀਆਂ ਬਿਪਤੀ ਤੋਂ ਡਰਦੀਆਂ ਜੀਉਨ ਦੀ ਆਸ ਨਾਸ ਕੀਤੀ। ਨਿਜਾਮਦੀਨ ਬਦੋਬਦੀ ਜੱਸਾ ਸਿੰਘ ਨਾਲ ਰਲਕੇ ਭਸੀਨ ਗਿਆ ਤੇ ਓਦਿਨ ਤੋਂ ਈ ਫਾਟਕ ਵਧਦਾ ਗਿਆ। *ਅਹਿਮਦ ਖਾਂ ਸਿਆਲ ਦੀ ਮਦਦ ਕਰਕੇ ਮੁਲਤਾਨੀਆਂ ਵੀ

---

*ਅਹਿਮਦ ਖਾਂ ਸਿਆਲ ਝੰਗ ਦਾ ਨਵਾਬ ਸੀ।

ਮੁਕਾਬਲਾ ਸਹੇੜੀ, ਤੇ ਰੰਜੀਤ ਸਿੰਘ ਵੀ ਅਪਨੀ ਫੌਜ ਓਧਰ ਨੂੰ ਰੇੜ੍ਹੀ । ਏਸ ਵਿਚ ਕੀ ਮੇਹਣਾ ਤੇ ਗਾਲ ਏ ? ਜੇ ਓਹਦਾ ਰਾਜ ਵਧਿਆ ਏ ਤੇ ਸਮਝੋ ਖਾਲਸੇ ਤੇ ਵਾਹਿਗੁਰ ਦਯਾਲ ਏ।

ਸਾਹਿਬ ਸਿੰਘ—ਖਾਲਸਾ ਜੀ, ਭਾਗ ਸਿੰਘ ਹੋਰੀ ਸਚੇ ਨੇ ਏਹਨਾਂ ਦੇ ਭਾਨੇ ਰੰਜੀਤ ਸਿੰਘ ਘਰਦੇ ਬੱਚੇ ਨੇ । ਏਹਨਾਂ ਨੂੰ ਮਾਮਾ ਬਨਾ ਗਏ *ਨੂਰ ਨਿਸ਼ਾਂ ਕੋਲੋਂ ਲੁਧੇਆਨਾ ਦਵਾ ਗਏ।

ਭਾਗ ਸਿੰਘ—ਖਾਲਸਾ ਜੀ ਏਵੇਂ ਰੜਕਾਂ ਨ ਪਏ ਰੜਕਾਓ । ਲਓ ਮੇਰੇ ਵਲੋਂ ਖੁੱਲ੍ਹ ਜੇ, ਅਜੇ ਲੁਧੇਆਨੇ ਛਾਵਨੀ ਜਾ ਪਾਓ । ਲੁੱਧੇਆਨਾ ਮੇਰੇ ਨਾਲ ਸੋ, ਏਸੇ ਲਈ ਓਹਨੂੰ ਲੈਨ ਦਾ ਮੇਰਾ ਖਿਆਲ ਸੀ ।

(ਲਾਲਸਿੰਘ ਕੈਥਲੀਯਾ ਆਓਂਦਾਏ ।)

ਲਾਲ ਸਿੰਘ—ਬੋਲ ਵਾਹਿਗੁਰੂ ਜੀ ਕੀ ਫਤੇ ।

ਸਭੇ—ਵਾਹਿਗੁਰੂ ਜੀ ਕੀ ਫਤੇ ।

ਭਾਗਸਿੰਘ—ਖਾਲਸਾ ਜੀ, ਕੀ ਖਬਰ ਲਿਆਏ ਓ ?

ਲਾਲ ਸਿੰਘ—ਪਹਾੜ ਦੇ ਇਲਾਕੇ ਤੇ ਸਿੰਘ ਸਾਹਿਬ ਹੋਰਾਂ ਝੰਡਾ ਜਾ ਝੁਲਾਯਾ ਏ । ਅਮਰ ਸਿੰਘ ਥਾਪੇ ਨੂੰ ਮਾਰ ਮਾਰ ਸਤਲੁਜੋਂ ਪਾਰ ਚਾ ਨਸਾਯਾ ਏ । ਸੰਸਾਰ ਚੰਦ ਕਟੋਚੀਏ ਕਾਂਗੜੇ ਦਾ ਰਾਜ ਲੀਤਾ ਏ, ਤੇ ਸਿੰਘ ਸਾਹਿਬ ਹੋਰਾਂ ਨਾਲ਼ ਦੋ ਲੱਖ ਨਜਰਾਨੇ ਦਾ ਠੇਕਾ ਕੀਤਾ ਏ । ਨਾਦੋਨ ਇਕ ਹਜਾਰ

---

* ਨੂਰ ਨਿਸ਼ਾਂ ਤੇ ਲਛਮੀ ਰਾਯੇ ਅਲਿਆਸ ਦੀਆਂ ਰਾਨੀਆਂ ਸਨ । ਓਹਦੇ ਮਰਨ ਪਿਛੇ ਰੰਜੀਤ ਸਿੰਘ ਨੇ ਓਹਨਾਂ ਦੀ ਪਿਨਸ਼ਨ ਲਾ ਦਿਤੀ ਤੇ ਲੁਧੇਆਨਾ ਜੀਂਦ ਦੇ ਰਾਜਾ ਭਾਗ ਸਿੰਘ ਨੂੰ ਦੇ ਦਿਤਾ ।

ਸਪਾਹੇ ,. ਛਾਵਨੀ ਪਾਈ ਏ । ਤੇ ਫਤੇ ਸਿੰਘ ਕਾਲਿਆਂ ਵਾਲੇ ਬਜਵਾੜੇ ਖੱਡੀ ਜਮਾਈ ਏ । ਫਤੇ ਸਿੰਘ ਆਹਲੂਵਾਲੀਏ ਸਿੰਘ ਸਾਹਿਬ ਹੋਰਾਂ ਨਾਲ ਪੱਗ ਵਟਾਈ ਏ । ਤੇ ਗੁਰੂ ਗ੍ਰੰਥ ਸਾਹਿਬ ਨੂੰ ਹਥ ਲਾਕੇ ਡਾਢੀ ਸੌਂਘਣੀ ਧਾਰੀ ਪਾਈ ਏ।

ਗੁਰਬਖਸ਼ ਸਿੰਘ—ਵਾਹ ਵਾ ! ਅਸ਼ਕੇ ਸਿੰਘ ਸਾਹਿਬ ਜੀ ! ਲਓ ਫੇਰ, ਮਾਮੇ ਹੋਰਾਂ ਨੂੰ ਭਨੇਵੇ ਦੀ ਫਤੇ ਦੀ ਬਹੁਤ ਬਹੁਤ ਵਧਾਈ ਏ । ਹੁਨ ਦੁਆਬਾ ਲਿਆ ਤੇ ਫੇਰ ਮਾਲਵੇ ਦੀ ਵਾਰੀ ਵੀ ਸਮਝੋ ਛੇਤੀ ਈ ਆਈ ਏ ।

ਭਾਗ ਸਿੰਘ—ਖਾਲਸਾ ਜੀ ਮੌਜੂ ਨ ਕਰੋ, ਤੇ ਆਪੋ ਵਿਚ ਦੀ ਗਹਿ ਗਹਿ ਕੇ ਨ ਮਰੋ। ਤੁਸੀ ਆਪੇ ਓਹਨੂੰ ਭੌਂ ਭੌਂ ਕੇ ਬੁਲਾਂਦੇ ਓ? ਤੇ ਜੇ ਰਤਾਕੁ ਵੀ ਗਲ ਹੋਵੇ ਤੇ ਚੌਧਰੀ ਚੁੱਕ ਬਨਾਂਦੇ ਓ। ਜੇ ਮੈਂ ਸੱਚੀ ਗੱਲ ਆਖਾਂ, ਤੇ ਓਹ ਰਈ ਹੋਗਈ ? ਸੱਚ ਆਹੰਦੇ ਨੇ, ਕਿ ਸੱਚ ਮਰਚਾਂ ਤੇ ਝੂਠ ਗੁੜ। ਭੌਲਿਓ, ਪਹਿਲੇ ਘਰ ਵਿਚ ਕਿਸੇ ਠੁੱਕ ਤੇ ਆਓ । ਕੋਈ ਜੁਗਤ ਬਨਾਓ। ਜੇ ਫੇਰ ਮੈਂ ਤੁਹਾਡੇ ਨਾਲ ਨ ਹੋਵਾਂ ਤਦ ਤਨਖਾਹੀਆ ਠਹਿਰਾਓ।

ਸਾਹਿਬਸਿੰਘ—ਵਾਹ ਵਾ ! ਖਾਲਸਾ ਜੀ, ਏਹ ਗੁਰਮਤਾ ਪਰਵਾਣ ਹੋਯਾ ॥

ਭਾਗ ਸਿੰਘ—ਜੇਹੜਾ ਥੁੱਕ ਕੇ ਚੱਟੇ, ਓਹ ਬੇਈਮਾਨ ਹੋਯਾ ॥

ਸਾਹਿਬ ਸਿੰਘ—ਸਾਰਿਆਂ ਦੀ ਸਲਾਹ ਜੇ ਕਿ ਫਰੰਗੀ ਨਾਲ ਸੁਰ ਮਿਲਾਓ ਤੇ ਅਪਨੇ ਅਪਨੇ ਰਾਜ ਨੂੰ ਰੰਜੀਤ ਸਿੰਘ ਕੋਲੋਂ ਬਚਾਓ ।

ਗੁਰਬਖਸ਼ ਸਿੰਘ—ਖਾਲਸਾ ਜੀ ਏਹ ਗੱਲ ਸੋਚ ਸਮਝ ਕੇ ਕਰਨ ਵਾਲੀ ਏ।

ਭਾਗ ਸਿੰਘ—ਹਾਂ ਤੇਲ ਵੇਖੋ, ਤੇਲ ਦੀ ਧਾਰ ਵੇਖੋ, ਅਜੇ ਕਾਹਦੀ ਕਾਹਲੀ ਏ ? (ਸਰਦਾਰ ਗੰਡਾ ਸਿੰਘ ਆਉਂਦਾ ਏ)

ਗੰਡਾ ਸਿੰਘ—ਬੋਲ ਵਾਹਗੁਰੂ ਜੀ ਕੀ ਫਤੇ।

ਸਭ—ਬੋਲ ਵਾਹਿਗੁਰੂ ਜੀ ਕੀ ਫਤੇ। ਗੰਡਾ ਸਿੰਘ ਜੀ ਕੀਹ ਖਬਰ ਲਿਆਏ ਓ ?

ਗੰਡਾ ਸਿੰਘ—ਵਟਾਲੇ ਬੜੀਆਂ ਲਹਿਰਾਂ ਬਹਿਰਾਂ ਹੋ ਰਹੀਆਂ ਨੇ। ਸੁਣਿਆ ਏ ਰਾਣੀ ਮਤਾਬਕੌਰ ਦੇ ਘਰ ਜੌੜੇ ਹੋਏ ਨੇ। ਇੱਕ ਦਾ ਨਾਂ ਸ਼ੇਰ ਸਿੰਘ ਤੇ ਦੂਜੇ ਦਾ ਨਾਂ ਤਾਰਾ ਸਿੰਘ ਰਖਿਆ ਗਿਆ ਏ। ਕੇਈ ਆਖਦੇ ਨੇ ਕਿ ਏਹ ਨਿਰਾ ਅਲਾ ਮਗੋਲਾ ਈ ਕੀਤਾ ਗਿਆ ਏ। ਤੇ ਸਿੰਘ ਸਾਹਿਬ ਹੋਰਾਂ ਤੇ ਦਾਬਾ ਪਾਣ ਦੀ ਇਕ ਚਾਲ ਚਲੀ ਗਈ ਏ। ਪਰ ਕੁਝ ਸਮਝ ਨਹੀਂ ਆਉਂਦਾ। ਸਿੰਘ ਸਾਹਿਬ ਹੋਰਾਂ ਪਹਾੜ ਜਿੱਤਕੇ ਦੀਨਾ ਨਗਰ ਡੇਰਾ ਫਬਾਯਾ ਏ। ਰਾਗ ਰੰਗ ਤੇ ਤਮਾਸ਼ਿਆਂ ਨਾਲ ਖੁਸ਼ੀਆਂ ਦਾ ਸਾਮਾ ਬਨਾਯਾ ਏ।

ਸਾਹਿਬ ਸਿੰਘ—ਹਲਾ! ਕਿਥੋਂ ਸੁਣਿਆ ਜੇ ?

ਗੰਡਾ ਸਿੰਘ—ਰਾਹ ਵਿਚ ਸ਼ਮੀਰ ਸਿੰਘ ਠੇਠਰ ਮਿਲਿਆ ਸੀ। ਓਸੇ ਗਲ ਕੀਤੀ ਏ।

ਸਭੇ—ਹਛਾ, ਹੁਣ ਫੇਰ ਸਿੰਘ ਸਾਹਿਬ ਨੂੰ ਵਧਾਈ ਦੀ ਅਰਦਾਸ ਘਲੋ।

ਸਾਹਿਬ ਸਿੰਘ—ਹੱਛਾ। ਭਾਗ ਸਿੰਘ ਹੋਰੀ ਤੇ ਲਾਲ ਸਿੰਘ ਹੋਰੀ ਲਾਟ ਨੂੰ ਮਿਲਨ। [ਪਰਦਾ]

ਰੂਪ—੨। ਦੀਨਾ ਨਗਰ ਦਾ ਡੇਰਾ।

ਦਲ ਸਿੰਘ ਕਾਲਿਆਂ ਵਾਲਾ, ਅਮੀਰ ਸਿੰਘ ਸੰਧਾਂਵਾਲੀਆ ਤੇ ਨਿਧਾਨ ਸਿੰਘ ਮਰਾਖਾ ਬੈਠੇ ਨੇ।

ਅਮੀਰ ਸਿੰਘ—ਮਹਾਰਾਜ, ਕਸੂਰੀਆਂ ਦੀ ਵੀ ਕਿੱਲੀ ਮੋੜ ਕਰਨੀ ਚਾਹੀਦੀ ਏ। ਏਹ ਬੜੇ ਭੂਹੇ ਚੜ੍ਹੇ ਹੋਏ ਨੇ।

ਮਹਾਰਾਜ—ਹਾਂ ਕੁਸੂਰੀਆਂ ਬੜੀ ਅੱਤ ਚਾਈ ਏ। ਰਿਆਯਾ ਦੇ ਭਾ ਦੀ ਤੇ ਸ਼ਾਮਤ ਆਈ ਏ। ਲੋਕ ਡਾਢੇ ਤੰਗ ਨੇ।

ਨਿਧਾਨ ਸਿੰਘ—ਮਹਾਰਾਜ, ਤੰਗ ਜਹੇ ਤੰਗ। ਲਾਹੌਰ ਦੀਆਂ ਕੰਧਾਂ ਤੇ ਆਲੇ ਦੁਆਲੇ ਦੇ ਨਗਰ ਪਾਹਰਿਆ ਪਾਹ-ਰਿਆ ਪਏ ਕਰਦੇ ਨੇ। (ਫੂਲਾਸਿੰਘ ਛੰਗੀ ਆਉਂਦਾ ਏ)

ਮਹਾਰਾਜ—ਵਾਹਰ ਜੀ ਕੀ ਫਤੇ, ਫੂਲਾਸਿੰਘ ਜੀ ਘਰ ਬਾਹਰ ਸੁਖ ਸਾਂਦ ਏ? ਜੀਆ ਜੰਤ ਰਾਜੀ ਏ? ਸੁਨਾਓ ਲਾਹੌਰ ਦਾ ਕੀ ਹਾਲ ਏ? ਦੀਵਾਨ ਭਵਾਨੀ ਦਾਸ ਕੀ ਕਰਦਾ ਏ? ਕੋਈ ਨਵੀਂ ਗਲ?

ਫੂਲਾ ਸਿੰਘ—ਸਚੇ ਪਾਤਸ਼ਾਹ, ਸਭ ਥਾਈਂ ਸੁਖ ਏ, ਪਰ ਮੈਂ ਇਕ ਉੱਡਦਾ ਉੱਡਦਾ ਸ਼ੋਸ਼ਾ ਜਿਹਾ ਸੁਨਿਆ ਏ।

ਮਹਾਰਾਜ—ਸੁਨਾਓ। ਪਈ ਸਤਲੁਜੋਂ ਪਾਰ ਫਰੰਗੀ ਘੋੜ ਦੌੜ ਕਰਨ ਲਗ ਪਏ ਨੇ?

ਫੂਲਾਸਿੰਘ—ਨਹੀਂ, ਸਚੇ ਪਾਤਸ਼ਾਹ ਕਹਿੰਦੇ ਨੇ ਕਿ ਨਵਾਬ ਮੁਜੱਫਰ ਖਾਂ ਮੁਲਤਾਨੀਆ, ਤੇ ਕੁਤੁਬੁਦੀਨ ਕੁਸੂਰੀਆ ਆਪਸ ਵਿਚ ਗੁੰਦਾਂ ਪਏ ਗੁੰਦਦੇ ਨੇ। ਬਹਾਵਲ ਪੁਰੀਆ ਵੀ ਨਾਲ ਏ। ਸਲਾਹ ਏਹ ਹੈ ਕਿ ਖਾਲਸਾ ਜੀ ਨੂੰ ਪੰਜਾਬੋਂ ਇੰਵ ਕੱਢ ਵਗਾਈਯੇ ਜਿਵੇਂ ਮੱਖਣ ਵਿਚੋਂ ਵਾਲ? ਕੱਥੂਖਾਂਦਾ ਕੌੜਮਾ ਤੇ ਸਿਆਲਾਂ ਦੀ ਟਾਬਰੀ ਵੀ ਓਹਨਾਂ ਦੇ ਨਾਲ ਈ ਏ।

ਮਹਾਰਾਜ—ਹਛਾ, ਮੰਗੇਰੀਯੇ ਤੇ ਈਸਾਖੇਲੀਯੇ ਪਿਛੇ ਰਹਿ ਗਏ? ਓਹਨਾਂ ਦੀ ਕੋਈ ਸੋ ਕਨਸੋ ਨਹੀਂ ਨਿਕਲੀ?

ਫੂਲਾਸਿੰਘ—ਮਹਾਰਾਜ, ਏਹ ਗਲ ਨਹੀਂ ਸੁਨੀ। ਪਰ ਏਹ ਸੁਨਿਆ ਏ ਕਿ ਕਾਬਲ ਵਿਚ ਸ਼ਾਹ ਸ਼ੁਜਾ ਦਾ ਪ੍ਰਤਾਪ ਢੱਠਾ, ਤੇ ਓਹ ਫਤੇ ਖਾਂ ਤੋਂ ਹਾਰਕੇ ਚੋਰੀ ਚੋਰੀ ਨੱਠਾ। ਮੁਜਫਰਖਾਂ ਨੇ ਮੁਲਤਾਨ ਦੇਨ ਦਾ ਲੋਭ ਦਵਾਯਾ ਸੀ ਤੇ ਸ਼ਾਹ ਹੋਰਾਂ ਨੂੰ ਅਪਨੇ ਪਾਸ ਬੁਲਾਯਾ ਸੀ। ਪਰ ਜਦ ਸ਼ਾਹ ਦੀ ਵਫਾਬੇਗਮ ਤਲੰਬੇ ਆ ਪੁਜੀ। ਮੁਜਫਰ ਖਾਂ ਨੂੰ ਖਵਰੇ ਕੀਹ ਗੱਲ ਸੁਝੀ? ਅਜੇ ਓਸ ਕਿਲੇ ਦੇ ਬੂਹੇ ਤੇ ਪੈਰ ਵੀ ਨਹੀਂ ਟਿਕਾਯਾ, ਕਿ ਤੋਪਾਂ ਡਾਹ ਕੇ ਓਹ ਗੋਲਾ ਵਸਾਯਾ ਕਿ ਸ਼ਾਹ ਵਿਚਾਰੇ ਨੂੰ ਨਸਦਿਆਂ ਸਾਹ ਨ ਆਯਾ!

ਮਹਾਰਾਜ—ਸ਼ਾਹ ਸ਼ੁਜਾ ਅਕਲ ਦਾ ਅਨ੍ਹਾ ਤੇ ਗੰਢ ਦਾ ਪੂਰਾ ਏ। ਕਿਸਮਤ ਦਾ ਝਲੀ ਤੇ ਰਾਜ ਨੀਤ ਦਾ ਅਧੂਰਾ ਏ। ਮੁਜੱਫਰ ਖਾਂ ਚਾਹੰਦਾ ਸੀ ਕਿ ਜੇ ਏਹ ਮਰ ਜਾਯੇ, ਤੇ ਸਭ ਜਵਾਹਰਾਤ ਮੇਰੇ ਹਥ ਆਯੇ। ਜੇ ਫੜਿਆ ਜਾਯੇ ਤੇ ਕੈਦ ਕਰ ਕੇ ਕਾਮਰਾਨ ਕੋਲ ਪੁਚਾਏ ਤੇ ਕਾਬਲ ਤੋਂ ਨੇਕਨਾਮੀ ਪਾਯੇ।

ਭੂਲਾ ਸਿੰਘ—ਪਰ ਸ਼ਾਹ ਦੇ ਬਚ ਜਾਨ ਤੇ ਮੁਜੱਫਰ ਖਾਂ ਦੀ ਖਾਨਿਓਂ ਗਈ, ਲਜੋਂ ਕੁਲੱਜੋਂ ਮਾਫੀ ਵੀ ਮੰਗੀ ਤੇ ਦਸ ਹਜਾਰ ਦੀ ਜਾਗੀਰ ਵੀ ਦੇਨੀ ਪਈ।

ਮਹਾਰਾਜ—ਹੱਛਾ, ਜੇ ਖਾਲਸੇ ਚਾਹਿਆ ਤੇ ਮੁਜੱਫਰਖਾਂ ਦੀ ਖੁੰਬ ਵੀ ਠੱਪੀ ਜਾਏਗੀ। ਪਹਿਲੇ ਕਸੂਰੀਆਂ ਦੀ ਖਬਰ ਲਈਏ। ਸਭ ਖਾਲਸੇ ਨੂੰ ਸੱਦੇ ਜਾਨ, ਕਿ ਸੰਗ੍ਰਾਂਦ ਨੂੰ ਸ੍ਰੀ ਅਕਾਲ ਤਖਤ ਤੇ ਵਤੇ ਬੁਲਾਨ॥

ਮੁਨਸ਼ੀ—ਬਹੁਤ ਹੱਛਾ, ਮਹਾਰਾਜ। [ਪਰਦਾ]

ਰੂਪ—੩ । ਅਕਾਲ ਤਖਤ ਤੇ ਕੱਠ ।

[ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪਿਛੇ]

ਮਹਾਰਾਜ—ਖਾਲਸਾ ਜੀ, ਕਸੂਰੀਆਂ ਨੇ ਬੜੀ ਅੱਤ ਚਾਈ ਏ। ਪਹਿਲੇ ਨਿਜਾਮਦੀਨ ਨੇ ਐਡਾ ਉਪੱਦਰ ਮਚਾਯਾ ਕਿ ਲੋਕਾਂ ਦਾ ਨੱਕ ਵਿਚ ਦੰਮ ਆਯਾ। ਜਦ ਖਾਲਸੇ ਓਹਨੂੰ ਬਿਤ ਵਿਚ ਕੀਤਾ ਤਦ ਕੁਤੁਬਦੀਨ ਨੇ ਓਹਨੂੰ ਸਿਰਿਓਂ ਈ ਲੀਤਾ। ਢੁੱਕ ਢੁਕਾ ਕੇ ਖੂਨ ਕਰਵਾਯਾ ਤੇ ਆਪ ਨਵਾਬੀ ਦਾ ਤੁੱਰਾ ਚੜ੍ਹਾਯਾ। ਜਦ ਖਾਲਸੇ ਉਸਤੋਂ ਪੁੱਛ ਗਿੱਛ ਕੀਤੀ, ਕਿ ਤੂੰ ਅਪਨੇ ਭਰਾਉ ਦੀ ਜਾਨ ਕਿਉਂ ਲੀਤੀ? ਤਦ ਓਸ ਵਾਸਲ ਖਾਂ ਤੇ ਦੋਰਾ ਲਾਯਾ ਤੇ ਸੁੱਕੇ ਅੱਥਰ ਕੇਰ ਕੇ ਭਰਾਉ ਦਾ ਸੋਗ ਮਨਾਯਾ। ਮੈਂਥੇ ਬਾਬੇ ਦੇ ਦੰਦ ਵਡੇ ਹੋਏ। ਫ਼ੈ. ਕੁਤਬ ਦੀਨ ਰੋਰੀ ਧਾਹਾਂ ਮਾਰ ਮਾਰ ਭਰਾਉ ਨੂੰ ਰੋਏ।

ਨਿਜਾਮ ਦੀਨ ਦੇ ਟੱਬਰ ਦੀ ਜਾਗੀਰ ਲਾ ਦਿਤੀ, ਤੇ ਖਾਲਸੇ ਦੀ ਲਿਖਿਤ ਲੇਕੇ ਫੋਜ ਹਟਾ ਲੀਤੀ। ਪਰ ਕੁਤੁਬ ਦੀਨ ਅਜੇ ਵੀ ਬਾਜ਼ ਨਹੀਂ ਆਯਾ। ਨਜਾਮ ਦੀਨ ਦੇ ਘਾਤੀਆਂ ਨੂੰ ਡੰਨ ਵੀ ਨਹੀਂ ਦਿਤਾ, ਤੇ ਵਾਸਲ ਖਾਂ ਨੂੰ ਵਜੀਰੀ ਤੋਂ ਵੀ ਨਹੀਂ ਹਟਾਯਾ। ਖਾਲਸੇ ਨੇ ਦਯਾ ਕਰਕੇ ਗੱਦੀਓਂ ਨ ਲਾਹਿਆ, ਪਰ ਓਸ ਉਲਟ ਕਰਕੇ ਸਗੋਂ ਹੋਰ ਧ੍ਰੋਹ ਦਾ ਬੀੜਾ ਚਾਯਾ। ਓਹ ਕੁਸੂਰ, ਜਿਥੇ ਖਾਲਸੇ ਨੇ ਕਈ ਮੋਰਚੇ ਲਾਯੇ ਤੇ ਕਈ ਸੂਰਮੇ ਸ਼ਹੀਦ ਕਰਾਯੇ, ਖਾਲਸੇ ਵਲ ਨੈਹਰੀਆਂ ਅੱਖਾਂ ਕਰਨ ਵਾਲਿਆਂ ਬਘਿਆੜਾਂ ਦਾ ਘੁਰਣਾ ਬਨਦਾ ਜਾਂਦਾ ਏ। ਜਿਹਨੂੰ ਖਾਲਸਾ ਸਿੱਖ ਮੱਤ ਦੇਂਦਾ ਏ, ਓਹ ਝੱਟ ਓਥੇ ਜਾ ਦੰਦੀਆਂ ਚਿਘਾਂਦਾ ਏ। ਹੁਨ ਮੁਜਫਰ ਖਾਂ ਨਾਲ ਰਲਕੇ ਕੁਤੁਬਦੀਨ ਏਹ ਗੁੰਦ ਗੁੰਦੀ ਏ, ਕਿ ਅਸੀ ਸਭ ਪਠਾਨ ਇਕ ਹੋ ਜਾਈਯੇ ਤੇ ਖਾਲਸੇ ਨੂੰ ਪੰਜਾਬੋਂ ਚੁੱਕ ਕੇ ਬੰਨੇ ਕੱਢ ਵਗਾਈਯੇ। ਏਹ ਹਾਲ ਵੇਖਕੇ ਅਸਾਂ ਸੋਚਿਆ ਏ ਕਿ ਜਿਚਰ ਕੁਤਬ ਦੀਨ ਗੱਦੀਓਂ ਨਹੀਂ ਲਹੇਗਾ। ਉਚਰ ਕੋਈ ਨ ਕੋਈ ਸ਼ੋਸ਼ਾ ਜਰੂਰ ਛਿੜਿਆ ਈ ਰਹੇਗਾ। ਜੇ ਖਾਲ੍ਸੇ ਨੂੰ ਪਰਵਾਣ ਹੋਵੇ ਤੇ ਕੁਤਬ ਦੀਨ ਨੂੰ ਗੱਦੀਓਂ ਚਾ ਲਾਹੀਯੇ, ਤੇ ਏਸ ਨਿਤ ਦੀ ਕਲਕਲ ਨੂੰ ਜੜ੍ਹੋਂ ਈ ਗਵਾਈਯੇ।

ਫੂਲਾਸਿੰਘ—[ਗੱਜਕੇ]

ਤੀਰ ਤੁਫੰਗ ਕ੍ਰਿਪਾਣ ਸ਼ਫਾਜੰਗ ਸਾਜ ਨਿਹੰਗ ਸ੍ਰੀ ਦਸ਼ਮੇਸ਼ਾ।
ਸੀਸ ਤਲੀਧਰ ਆਓ ਗਲੀ ਮੇਰੀ ਸ੍ਰੀ ਕਲਗੀਧਰ ਦੇ ਉਪਦੇਸ਼ਾ।
ਏਹਿ ਤੇ ਖਾਲਸ ਸੋਧਦੀਓ ਕੁਲ ਕ੍ਰਿਤਘਨ ਨਾਸ਼ ਨ ਪਾਪਕੀਲੇਸ਼ਾ।

ਕਾਲ ਕ੍ਰਾਲ ਪਤਾਲ ਧੱਸੇ ਪਿੱਖ ਭਾਲ ਵਿਸ਼ਾਲ ਕੀ ਜ੍ਵਾਲ ਵਿਸ਼ੇਸ਼ਾ ॥ ਸ੍ਰੀ ਮੁਖਵਾਕ ਤੋਂ ਸਿੰਘ ਭਏ ਅੱਘਨਾਸ਼ਨ ਕੇ ਅਸ ਰੂਪ ਧਰੇ ਹੈਂ। ਧਰਮ ਪ੍ਰਕਾਸ਼ ਕਰਹਿੰ ਸਤਿਭਾਸ਼ ਸੁਬ੍ਰਾਂਸਹਿੰ ਦੁਸ੍ਰ ਜੋ ਪਾਪ ਚਰੇ ਹੈਂ । ਦੀਨ ਕੈ ਹੇਤ ਪਰੇਂ ਜੰਮ ਖੇਤ ਨ ਰੂਪਕ ਭਸੁੰਡੀ ਸੌਂ ਕਿੰਰ ਡਰੇ ਹੈਂ। ਏਸੇ ਭਲਾ ਦ੍ਰਿਢ ਸੰਜਮ ਸਿਉਂ ਸ਼ੱਠ ਜੂਝ ਕਿਮਿ ਨਿਜ ਤ੍ਰਾਣ ਕਰੇਂ ਹੈਂ।

ਨਿਹਾਲ ਸਿੰਘ ਅਟਾਰੀਵਾਲਾ—ਖਾਲਸਾ ਜੀ ਜੀਕਰ ਗੱਲ ਸੁਨੀ ਏ,ਉਸ ਤੋਂ ਤੇ ਈਹੋ ਨਿਸਚਾ ਹੁੰਦਾ ਏ, ਕਿ ਕੁਸੂਰ ਝਬਦੇ ਈ ਕੋਈ ਨ ਕੋਈ ਫਸਾਦ ਜਰੂਰ ਖੜਾ ਕਰੇਗਾ ਤੇ ਫੇਰ ਖਾਲਸੇ ਤੋਂ ਕੁਝ ਨ ਸਰੇਗਾ।

ਗੜ੍ਹਭੰਜਨ ਸਿੰਘ—

ਸ੍ਰੀ ਮੁਖਵਾਕ ਸੁਮੰਤ੍ਰ ਧੁਨਿ ਅਨਿ ਵੈਰਿਨ ਪੈ ਸਮ ਪਰਸੁ ਪਰੇ ਹੈ।
ਤੇਜ ਵਿਦਾਰ ਉਖਾਰ ਧ੍ਰਿਤੀ ਬਲ ਸਾਹਸ ਘੋਰ ਵਿਛੋਰ ਧਰੇ ਹੈ।
ਪਾਹਨ ਭੀਤ ਦੁਰਗ ਅਜੀਤ ਮੁੰ ਪ੍ਰਾਣਕੇ ਤ੍ਰਾਣ ਜੋ ਮੂਢਵਟੇ ਹੈ।
ਸ਼ਬਦ ਗਯੰਦਸੋਂ ਤਾਹਿੰਗ੍ਰਸੌਂ ਗੜ੍ਹਭੰਜਨਸਿੰਘ ਸੁੰ ਕੌਨ ਲਰੇ ਹੈ।

ਫੂਲਾਸਿੰਘ—ਸਿੰਘ ਜੀ, ਏਸ ਖਾਲਸੇ ਨੂੰ ਪੁੱਟ ਕੇ ਬੰਨੇ ਵਗਾਨ ਵਾਲਾ ਕੇਹੜਾ ਏ ? ਏਹ ਨਿਰਭਉ ਬਾਣਾ ਗੁਰੂ ਮਹਾਰਾਜ ਦਾ ਦੇਣਵਾਂ ਖੇੜਾ ਏ। ਸੰਸਾਰ ਨੂੰ ਨਿਰਵਾਣ ਮੁਕਤੀ ਦਵਾਂਦਾ ਏ। ਤੇ ਪਾਪ ਦੀ ਮੈਲ ਧੋਕੇ ਜਗਤ ਨੂੰ ਨਿਰਮਲ ਬਨਾਂਦਾ ਏ। ਜੇ ਸਾਰਿਆਂ ਦੀ ਈਹੋ ਵਿਚਾਰ ਏ,ਤਦ ਕੁਸੂਰ ਦੇ ਪਾਪੰਗੜ੍ਹ ਨੂੰ ਤੋੜਨ ਲਈ ਖਾਲਸਾ ਤਿਆਰ ਬਰ ਤਿਆਰ ਏ।

ਮਿਤ ਸਿੰਘ—ਸਿੰਘ ਜੀ, ਸਰਬੱਤ ਖਾਲਸਾ ਆਪਦੇ ਪਿੱਛੇ ਵੇ। ਹੁਕਮ ਹੋਵੇ ਤੇ ਹੁਨ ਕੁਸੂਰ ਤੇ ਮੋਰਚਾ ਚੱਲਲਾਈਯੇ?

ਮਹਾਰਾਜ—ਹੱਛਾ, ਫਤੇ ਸਿੰਘ ਆਹਲੂਵਾਲੀਯੇ ਨੂੰ ਸੱਦਾ ਜਾਏ ਅਕਾਲੀ ਦਲ ਪਹਿਲੇ ਚੱਲ ਪੈਂਤੜਾ ਜਮਾਏ । ਰਾਮਗੜ੍ਹੀਯੇ ਸਰਦਾਰ ਤੇ ਸਾਹਿਬ ਸਿੰਘ ਭੰਗੀ ਵੀ ਅਗੇਤ੍ਰੇ ਜਾਨ। ਨਿਹਾਲ ਸਿੰਘ ਅਟਾਰੀਵਾਲਾ ਤੇ ਹੇਮ ਸਿੰਘ ਘਨਈਆ ਵੀ ਅੱਗਲਵਾਂਡੀ ਫੋਜਾਂ ਲਿਜਾਨ। ਜੋਧ ਸਿੰਘ ਰੂਸਾ, ਸ਼ਮੀਰ ਸਿੰਘ ਠੇਠਰ, ਹਰੀ ਸਿੰਘ ਨਲੂਵਾ, ਅਤਰ ਸਿੰਘ ਧਾਰੀ, ਮਿਤ ਸਿੰਘ ਭੜਾਨੀਆ ਸਾਡੇ ਨਾਲ ਜਾਨ। ਭਾਗ ਸਿੰਘ ਮਰਾਲੀਵਾਲੀਆ, ਹੁਕਮ ਸਿੰਘ ਚਿਮਨੀ, ਗੁਲਾਬ ਸਿੰਘ ਮਾਨ, ਮਲਖਾ ਸਿੰਘ ਰਾਵਲਪਿੰਡੀਆ, ਗਰਭਾ ਸਿੰਘ ਤੇ ਧਰਮ ਸਿੰਘ ਨਵੀਂ ਭਰਤੀ ਬੁਲਾਨ। ਲਾਹੌਰੋਂ ਤੋਪਾਂ ਤੇ ਜਮੂਰਖਾਨੇ ਨੌਸ਼ੈਹਰੇਂਫਤੇ ਬੁਲਾਨ। ਅਜ ਤੋਂ ਦਸਾਂ ਦਿਨਾਂ ਨੂੰ ਅਸੀ ਸਭ ਦੀ ਹਾਜਰੀ ਲਾਂਗੇ।

ਸਭੇ—ਸਤਿ ਸ੍ਰੀ ਅਕਾਲ। (ਪਰਦਾ)

ਰੂਪ—੪ । ਕਸੂਰ ਦਾ ਕਿਲਾ।

ਕੁਤਬੁਦੀਨ—(ਅਫਸੋਸ ਵਿਚ)

ਯਾ ਰੱਬ, ਤੇਰੀ ਜੁਨਾਬ ਦਾ, ਬੰਦਾ ਮੈਂ ਬੇਨਵਾ!
ਨਾਚੀਜ ਹਾਂ ਮਸਕੀਨ ਹਾਂ, ਕਰ ਮੇਹਰ ਕਿਬਰੀਆ!
ਮਾਲਕ ਤੂੰ ਦੋ ਜਹਾਨ ਦਾ, ਹੈਂ ਰਬੁਲਾਲ ਮੀਨ!
ਬੇੜਾ ਮੇਰਾ ਤੂਫਾਨ ਤੋਂ, ਆਪੇ ਤੂੰ ਪਾਰ ਲਾ!
ਲਾਗਾ ਨ ਹੋਰ ਜਾਤ ਦਾ, ਮੁਦਤ ਤੋਂ ਵਿਚ ਕੁਸੂਰ।

ਏਨੇ ਬਿਠਾਏ ਚੁਨਚੁਨੀ, ਸਿੱਖਾਂ ਨੇ ਛੇੜੀ ਚਾ !
ਅੱਛਰ ਦੀ ਚੱਟੀ ਸੱਖਣਾ, ਕਰ ਗਈ ਖਜਾਨੇ ਨੂੰ ।
ਬੇ ਪੜਦਗੀ ਤੇ ਬੇਪਤੀ, ਝੱਲੀ ਤੇਰੀ ਰਜਾ ।
ਖਲਕਤ ਦੀ ਪਾਹਰਿਆ ਤੋਂ ਹੈ, ਕੁਰਲਾਟ ਵਿਚ ਜਿਗਰ !
ਅਸਮਾਨ ਲੀਰਾਂ ਹੋਗਿਆ, ਧਰਤੀ ਨੂੰ ਨਹੀਂ ਧਰਾ !
ਕੌਡੀ ਨ ਮੇਰੇ ਪਾਸ ਹੈ, ਚੱਟੀ ਭਰਾਂ ਕੀ ਹੋਰ ?
ਪਿਛਲੇ ਉਧਾਰ ਦਾ ਅਜੇ, ਨਹੀਂ ਬਿਆਜ ਤਾਰਿਆ !
ਤੁਧ ਬਿਨ ਨ ਕਿਰਪਾਸਾਗਰਾ, ਮਹਿਰਮ ਹੈ ਹੁਨ ਕੋਈ !
ਆਪੇ ਕੁਸੂਰ ਦੇ ਸਿਰੋਂ, ਤੂੰ ਟਾਲ ਏਹ ਬਲਾ !

ਹੇ ਦੋ ਜਹਾਨਾਂ ਦੇ ਮਾਲਕ ! ਤੂੰ ਰਹਿਮ ਕਰ। ਨਿਜਾਮਦੀਨ ਨੂੰ ਲੋਕਾਂ ਮਾਰਿਆ ਸੀ, ਕਿ ਓਸ ਰੰਜਤ ਸਿੰਘ ਨੂੰ ਕਰ ਤਾਰਿਆ ਸੀ। ਪਿਛੋਂ ਦੀ ਸਾਰਿਆਂ ਨੂੰ ਤਰਲੇ ਕਰਨੇ ਪਏ ਤੇ ਨਜਰਾਨੇ ਵੀ ਭਰਨੇ ਪਏ। ਖਬਰੇ ਫੇਰ ਹੁਨ ਰੰਜੀਤ ਸਿੰਘ ਕਿਉਂ ਚੜ੍ਹਾਈ ਚਾ ਕੀਤੀ ? (ਖੀਵਾ ਖਾਂ ਆਉਂਦਾ ਏ।)

ਖੀਵਾ ਖਾਂ—ਆਲਮ ਪਨਾਹ, ਰੰਜੀਤ ਸਿੰਘ ਨੇ ਫੇਰ ਚੜ੍ਹਾਈ ਕੀਤੀ ਏ।

ਕੁਤੁਬ ਦੀਨ—ਹਾਂ, ਏਸੇ ਦੁਖੜੇ ਨੇ ਸਾਡੀ ਵੀ ਜਾਨ ਪੀਤੀ ਏ।

ਖੀਵਾ ਖਾਂ—ਆਲਮ ਪਨਾਹ, ਲੋਕਾਂ ਦੇ ਦੁਖਾਂ ਦਾ ਠਿਕਾਨਾ ਨਹੀਂ।

ਚੜ੍ਹਦੀ ਤਰਫ ਬਰਬਾਦ ਕੀਤੀ ਆਹਲੂਵਾਲੀਆਂ।
ਲੈਹਿੰਦੇ ਨੂੰ ਡਕਾ ਮਾਰਿਆ ਗੱਜ ਗੱਜ ਅਕਾਲੀਆਂ।

ਸਭ ਤ੍ਰਾਸ ਤ੍ਰਾਸ ਕਰ ਰਹੇ ਲੋਕੀ ਹਰਾਨ ਨੇਂ ।
ਆਏ ਨੇ ਵਿਚ ਮੁੱਠ ਦੇ ਸਭਨਾਂ ਦੇ ਪ੍ਰਾਣ ਨੇਂ ।
ਰੋਕੜ ਨ ਮਾਲ ਰਹਿ ਗਏ ਅੰਦਰ ਕਿਸੇ ਦੇ ਮੂਲ ।
ਪਿੰਡੇ ਕਿਸੇ ਤੇ ਲਭੇ ਨ ਟਾਕੀ ਵੀ ਇਕ ਫਜ਼ੂਲ ।
ਪੈਲੀ ਬਚੀ ਨਹੀਂ ਕੋਈ ਡਾਢੇ ਲਤਾੜ ਤੋਂ ।
ਗੁੱਝਾ ਨ ਕੋਈ ਥਾਂ ਰਿਹਾ ਫੌਜਾਂ ਦੀ ਧਾੜ ਤੋਂ ।
ਇਹ ਦੇਖ ਜਿਗਰਾ ਪਾਟਿਆ ਦਿਲ ਪਾਰਾ ਪਾਰਾ ਹੈ ।
ਦੱਸੋ ਵਿਚਾਰੀ ਪਰਜਾ ਦਾ ਹੁਨ ਕੀਹ ਸਹਾਰਾ ਹੈ ?

[ਜੀਵਾ ਖਾਂ ਆਉਂਦਾ ਏ]

ਜੀਵਾ ਖਾਂ—ਆਲਮ ਪਨਾਹ, ਫਤੇ ਸਿੰਘ ਆਹਲੂਵਾਲੀਆ ਤੇ ਰੰਜੀਤ ਸਿੰਘ ਸ਼ਿਕਾਰ ਖੇਡਨ ਚੜ੍ਹੇ ਨੇ । ਨੌਸ਼ੈਹਰੇ ਦੇ ਆਲੇ ਦੁਆਲੇ ਤੋਪਖਾਨੇ ਜਮੂਰ ਖਾਨੇ, ਪਿਆਦੇ ਤੇ ਘੋੜ ਚੜ੍ਹਿਆਂ ਦੇ ਡੇਰੇ ਖੜੇ ਨੇ । ਚੜ੍ਹਦਾ ਆਹਲੂਵਾਲੀਆਂ ਉਜਾੜ ਛਡਿਆ। ਪਹਾੜ ਤੇ ਲਹਿੰਦਾ ਅਕਾਲੀਆਂ ਦਾਹੜ ਛਡਿਆ । ਲਦੂਣੀਆਂ ਚੀਜ਼ਾਂ ਤੇ ਵੀ ਫੌਜਾਂ ਦਾ ਦੰਦ ਏ । ਸ਼ੈਹਰ ਵਲ ਆਓਨ ਜਾਨ ਤੇ ਵਣਜ ਬਪਾਰ ਇਕਵਢੋਂ ਈ ਬੰਦ ਏ ।

ਕੁਤੁਬ ਦੀਨ—(ਦੂਰੋਂ ਵੇਖਕੇ) ਅਹੁ! ਸਰਫਰਾਜ ਖਾਂ ਆਯਾ। ਵੇਖੋ ਕੀ ਖਬਰ ਲਿਆਯਾ ਏ ?

ਸਰਫਰਾਜ ਖਾਂ—(ਆਕੇ ਤੇ ਸਲਾਮ ਕਰਕੇ) ਬਾਦਸ਼ਾਹ ਸਲਾਮਤ, ਮੈਂ ਮਹਾਰਾਜ ਦੇ ਪਾਸ ਗਿਆ ਤੇ ਕਿੰਨਾ ਚਿਰ ਬੇਨਤੀ ਕਰਦਾ ਰਿਹਾ । ਪਰ ਓਹਨਾਂ ਨ ਹੂੰ ਨ ਹਾਂ ਈਹੋ ਜਹੀ ਮਚਲ ਮਾਰੀ, ਕਿ ਗਹੋ ਨਾਲ ਗੱਲ ਈ ਨ ਕੀਤੀ । ਠ

ਦਿਲ ਦੀ ਦਿਤੀ ਤੇ ਨ ਮੇਥੋਂ ਲੀਤੀ। ਮੈਂ ਹਾਰ ਕੇ ਸ਼ਰਮਦਾ ਮਾਰਿਆ ਬੇਹ ਬੇਹ ਕੇ ਟੁਰ ਆਯਾ ਵਾਂ।

ਕੁਤਬ ਦੀਨ—ਤਦ ਜਾਨੋ ਕਿ ਓਹਦੀ ਨੀਤ ਮੂਲੋਂ ਈ ਖਰਾਬ ਏ।

ਸਰਫਰਾਜ ਖਾਂ—ਆਲਮ ਪਨਾਹ, ਏਹ ਤੇ ਸੁਲਹ ਸਫਾਈ ਨੂੰ ਮੂੰਹ ਤੋਂ ਜਵਾਬ ਏ।

ਖੀਵਾ ਖਾਂ—ਆਲਮ ਪਨਾਹ! ਦੋਹਾਂ ਵਿਚੋਂ ਇਕੋ ਰਾਹ ਖੁੱਲ੍ਹਾ ਜਾਪਦਾ ਏ। ਜਾਂ ਤੇ ਰਾਜ ਹਵਾਲੇ ਕਰਕੇ ਦਾਰੇ ਤੇ ਜਾ ਬਹੀਯੇ। ਤੇ ਜਾਂ ਜਾਨਾਂ ਦੇਕੇ ਸ਼ਹੀਦੀ ਦਾ ਦਰਜਾ ਲਈਯੇ।

ਕੁਤਬ ਦੀਨ—ਚੰਗਾ ਨੱਗਰ ਦੀ ਪੰਚਾਇਤ ਤੇ ਦਰਬਾਰੀ ਬੁਲਾਓ। ਜੇਹੜਾ ਬਾਨ੍ਹਨੂੰ ਬੱਝੇ ਉਸਤੇ ਪੂਰਣਾ ਪਾਓ।

ਖੀਵਾ ਖਾਂ—ਮੈਂ ਪੈਂਚਾਂ ਨੂੰ ਸਦਨਾਂ [ਨਿਕਲ ਜਾਂਦਾ ਏ]।

ਕੁਤਬ ਦੀਨ—ਛੇਤੀ ਕਰੋ, ਢਿੱਲ ਨ ਲੱਗੇ।

[ਪੈਂਚ ਤੇ ਦਰਬਾਰੀ ਆਉਂਦੇ ਨੇ।]

ਕੁਤਬ ਦੀਨ—ਚੌਧਰੀ ਬੁਲੰਦ ਖਾਂ, ਦਸੋ ਹੁਨ ਕੀਕਨ ਕਰੀਯੇ?

ਬੁਲੰਦ ਖਾਂ—ਆਲਮ ਪਨਾਹ, ਹੁਨ ਤੇ ਅਨਿਆਈ ਮੌਤ ਦਾ ਭਾੜਾ ਭਰੀਯੇ। ਸੋਚਾਂ ਕਰਨੇ ਆਂ, ਕਿ ਦੋ ਸਾਲਾਂ ਵਿਚ ਤ੍ਰੈ ਹੱਲੇ, ਨ ਦਾਨਾ ਫੱਕਾ ਰਿਹਾ ਨ ਪੇਸਾ ਪੱਲੇ। ਨ ਤ ਟਾਕੀ ਨ ਇਜ਼ਤ ਬਾਕੀ। ਏਸ ਨਵੇਂ ਹੱਲੇ ਦਾ ਕ੍ਹੇਹੜਾ ਏ?

ਕੁਤਬੁਦੀਨ—ਚੌਧਰੀ, ਨ ਤੇਰੇ ਵੱਸ ਏ, ਨ ਮੇਰੇ ਵੱਸ ਏ। ਸਾਡੀ ਕਿਸਮਤ ਦੀ ਘਸਵੱਟੀ ਤੇ ਅਮਲਾਂ ਦੀ ਕੱਸ ਏ। ਚਾਹੇ ਅਸਮਾਨ ਨੂੰ ਨੱਸੋ ਚਾਹੇ ਜ਼ਿਮੀਂ ਵਿਚ ਧੱਸੋ, ਜੋ ਖੁਦਾ ਪਾਕ ਨੂੰ ਮਨਜ਼ੂਰ ਹੈ, ਓਹ ਹੋ ਕੇ ਰਹੇਗਾ। ਪਰ ਬੋਜ਼ਦਿਲਾ ਹੈਂਦਾ ਸਭ ਥਾਈਂ ਬੇਪਤੀ ਸਹੇਗਾ।

ਬੁਲੰਦਖਾਂ—ਆਲਮ ਪਨਾਹ, ਮੇਰੀ ਸਲਾਹ ਏ, ਕਿ ਤੁਸੀ ਆਪ ਰੰਜੀਤ ਸਿੰਘ ਪਾਸ ਜਾਓ, ਸੁਲਾਹ ਸਫਾਈ ਨਾਲ ਕੁਝ ਨਜ਼ਰਾਨੇ ਦੀ ਠਹਿਰਾਓ, ਤੇ ਏਸ ਟੰਟੇ ਨੂੰ ਗਲੋਂ ਲਾਹੋ।

ਹਾਕਮ ਸ਼ਾਹ—ਬਾਦਸ਼ਾਹ ਸਲਾਮਤ, ਤੁੰਭ ਨੂੰ ਪਹਿਲੇ ਤ੍ਰੋਪਾ ਲਾਈਏ ਤੇ ਵਡੀ ਲਿਜ਼ਰ ਨ ਲਹਾਈਏ। ਛੋਟਾ ਛੇਕ ਮਾਰਨਾ ਸੌਖ ਏ। ਮਘਾਰਾ ਬੰਦ ਕਰਨਾ ਔਖ ਏ। ਰੋਗੀ ਨੂੰ ਵੇਲੇ ਸਿਰ ਔਖਧ ਖੁਆਈਏ ਤੇ ਰੋਗ ਸ਼ਰੀਰ ਵਿਚ ਨ ਰਚੇ। ਧੁੱਖਦੇ ਧੁਖਾ ਨੂੰ ਚਾ ਬੁਝਾਈਏ ਤੇ ਭਾਂਬੜ ਨ ਮਚੇ। ਕਿਸੇ ਅਕਲ ਤਤਬੀਰ ਦਾ ਪੇਚ ਲਾਓ, ਤੇ ਏਸ ਖਿੱਲਰਦੇ ਖਲੇਰ ਨੂੰ ਏਥੇ ਈ ਨਪਿੱਤ ਕੇ ਠੱਪਾ ਲਾਓ। ਨਹੀਂ ਤੇ ਫੌਜਾਂ ਦੀ ਲੁਟ ਮਾਰ ਤੋਂ ਬਚਨਾ ਮਹਾਲ ਏ। ਸਤਰਾਂ ਦੀ ਬੇਸਤਰੀ ਤੇ ਜਾਨਾਂ ਦਾ ਡਰ ਵੀ ਨਾਲ ਏ। ਕਿਤੇ ਨੱਕ ਦੇਨ ਜੋਗੇ ਨਹੀਂ ਰਹਾਂਗੇ। ਜਾਂ ਜਾਨਾਂ ਦਿਆਂਗੇ। ਜਾਂ ਧੂੰਏਂ ਦੇ ਫਕੀਰ ਬਨਕੇ ਦਾਰਿਆਂ ਵਿਚ ਚੱਲ ਬਾਂਹਗੇ। ਏਸ ਵਾਸਤੇ ਜੇ ਖਜ਼ਾਨੇ ਵਿਚ ਰੁਪਈਆ ਨਹੀਂ, ਤਦ ਘਰ ਪਰਤੀ ਉਗ੍ਰਾਹੀ ਕਰਕੇ ਚੱਟੀ ਭਰੋ।

ਕੁਤਬੁਦੀਨ—ਸਭੇ ਸਿਆਨੇ ਓ, ਜਿਵੇਂ ਮਰਜ਼ੀ ਜੇ ਕਰੋ।

ਵਾਸਲਖਾਂ—ਸੁਨੋ ਭਰਾਓ, ਤੁਸੀ ਜੀਉਂਦੇ ਓ ਕਿ ਮਰਗਏ?

ਸਭੇ-ਜੀਊਂਦੇ, ਵਾਸਲ ਖਾਂ ! ਜੀਊਂਦੇ ।

ਵਾਸਲ ਖਾਂ-ਨਹੀਂ, ਨਹੀਂ ! ਜੀਊਂਦੇ ਨਹੀਂ ! ਤੁਸੀ ਮੋਯਾਂ ਤੋਂ ਪਰਲੇ ਪਾਰ ਓ। ਜੀਊਂਦਿਆਂ ਦੇ ਭਾ ਦਾ ਮੁਖਤ ਦਾ ਭਾਰ ਓ।

ਇਕ ਆਦਮੀ-ਵਾਸਲ ਖਾਂ ਅਸਲ ਗੱਲ ਆਖੀ ਏ ।

ਦੂਜਾ ਆਦਮੀ-ਓਏ ਜੰਬ ਜਾ । ਜਿਗਰਾ ਕਰ । ਗੱਲ ਤੇ ਸੁਨ ਲੈਨ ਦੇ । ਹੱਛਾ, ਫੇਰ ਵਾਸਲ ਖਾਂ ?

ਵਾਸਲ ਖਾਂ-ਜੇ ਜੀਊਂਦੇ ਹੋਵੇ, ਤਦ ਕੁੱਤੇ ਦੇ ਠੂਠੇ ਪਾਨੀ ਨ ਪੀਵੇ । ਜੀਊਂਦਾ ਜਾਗਦਾ ਬੰਦਾ ਬੇਪਤੀ ਨਹੀਂ ਸਹਿੰਦਾ। ਪਰ ਮੋਯੇ ਹੋਯੇ ਨੂੰ ਲੱਥੀ ਦਲ੍ਹੀ ਦਾ ਵਾਧਾ ਘਾਟਾ ਨਹੀਂ ਰਹਿੰਦਾ ।

ਇਕ ਆਦਮੀ-ਠੀਕ, ਵਾਸਲ ਖਾਂ, ਠੀਕ ।

ਦੂਜਾ ਆਦਮੀ-ਅਸੀ ਨ ਜੀਊਂਦਿਆਂ ਵਿਚੋਂ ਨ ਮੋਯਾਂ ਵਿਚੋਂ ।

ਵਾਸਲ ਖਾਂ-ਦੁਵਿਚਲੇ ਮੇਲ ਨੂੰ ਹਰਦੂੰ ਲਾਨਤ । ਅੱਗੇ ਵੀ ਮੁਕਾਲਾ ਤੇ ਏਥੇ ਵੀ ਹਾਨਤ ।

ਇਕ ਬੰਦਾ-ਦੁਬਾਜ਼ਰਾ ਬੰਦਾ ਨਹੂੰ ਨਹੂੰ ਖੋਟਾ । ਨ ਅਪਨਾ ਲਾਹ, ਨ ਪਰਾਯਾ ਟੋਟਾ। ਨ ਠੁੱਕ ਨ ਪਰਤੀਤ। ਭੈੜੀਆਂ ਮੁਰਾਦਾਂ ਤੇ ਭੈੜੀ ਨੀਤ।

ਦੂਜਾ ਬੰਦਾ-ਦੁਬੇੜੀ ਚੜ੍ਹਿਆਂ ਕੋਈ ਪਾਰ ਨਹੀਂ ਲੱਗਦਾ। ਪਾਨੀ ਦਾ ਰੇੜ੍ਹ ਦੁਪਾਸੀਂ ਨਹੀਂ ਵੱਗਦਾ ।

ਤ੍ਰੀਜਾ ਬੰਦਾ-ਦੁਬਾਜਰਾ ਬੇ ਅਨਖਾ ਕਰਮਾਂ ਦਾ ਸੜਿਆ ਜ਼ਿਹਾ ਕਿੱਲੇ ਤੇ ਬੱਧਾ ਤੇ ਤਿਹਾ ਚੋਰਾਂ ਨੇ ਖੜਿਆ ।

ਚੌਥਾ ਬੰਦਾ—ਦੁਬਾਜਰਾ ਬੰਦਾ ਨ ਧੇਤਾ ਨ ਪੁਤ੍ਰੇਤਾ ਨ ਸਿੱਤਰ ਦਾ ਨ ਮਿੱਤਰ ਦਾ। ਮਤਬਲ ਦਾ ਅਨ੍ਹਾ ਤੇ ਮੈਦਾਨ ਵਿਚ ਨਹੀਂ ਨਿੱਤਰਦਾ।

ਪਹਿਲਾ—ਜਿੱਥੇ ਵੇਖੇ ਤਵਾ ਪ੍ਰਾਤ, ਓਥੇ ਗਾਵੇਂ ਦਿਨ ਤੇ ਰਾਤ। ਖਚਰਊ ਵਿਚ ਅੱਗੇ, ਮਰਦਊ ਵਿਚ ਗੁੰਮ। ਸ਼ੇਰ ਦਾ ਮੋਹਰਾ ਪਰ ਗਿੱਦੜ ਦੀ ਦੁੰਮ।

ਵਾਸਲ ਖਾਂ—ਦੁਬਾਜਰਾ ਬੰਦਾ ਖਿੱਦੋ ਦੀ ਨਿਆਈ ਬੇਠੁੱਕਾ ਜੇ! ਟੱਲਾ ਲਾਯਾ ਤੇ ਜਿਧਰ ਜੀ ਕੀਤਾ ਵਗਾਯਾ। ਰਬੜ ਦਾ ਛੀਤਾ, ਜਿਸ ਖਿਚਿਆ ਲੰਮਾ ਚਾ ਕੀਤਾ। ਚੰਮ ਦਾ ਭੁਕਾਨਾ ਪਰਾਈ ਫੂਕ ਤੇ ਢਿਢ ਚਾ ਫੁਲਾਨਾ। ਜੇ ਕਿਤੋਂ ਨਿਆਦਰ ਦਾ ਖਿਆਲ ਸੁਝਨਾ, ਤਦ ਕਰ ਤੇ ਕੁਝ ਨ ਸੱਕਨਾ, ਪਰ ਗਿੱਲੇ ਗੋਹੇ ਵਾਂਗ ਵਿਚੇ ਵਿਚ ਧੁੱਖ ਧੁੱਖ ਕੇ ਪਿਆ ਬੁੱਝਨਾ। ਹਛਾ, ਅਜ ਸਾਰਿਆਂ ਦੇ ਮਰਦਊ ਦੀ ਪਰਖ ਹੋਨੀ ਏ, ਵੇਖਾਂ ਕੇਹੜਿਆਂ ਮੁਕਾਲਖ ਲੈਨੀ ਏ, ਤੇ ਕੇਹੜਿਆਂ ਪਿਛਲੀ ਧੋਣੀ ਏ?

ਇਕ ਬੰਦਾ—ਵਾਸਲ ਖਾਂ ਜੀਕਨ ਕਹੇਂਗਾ ਕਰਾਂਗੇ।

ਦੂਜਾ ਬੰਦਾ—ਅਸੀ ਤੇਰੇ ਮਗਰ ਆਂ। ਜੇ ਡੁੱਬੇਂ ਤੇ ਡੁੱਬਾਂਗੇ, ਜੇ ਤੱਰਯੋਂ ਤੇ ਤਰਾਂਗੇ।

ਵਾਸਲ ਖਾਂ—ਜੇ ਮੇਰੇ ਮਗਰ ਓ ਤਦ ਦੁਵਿਚਲਿਆਂ ਦੇ ਚਾਲੇ ਛੱਡੋ। ਸਾਊਆਂ ਦਾ ਰਾਹ ਫੜੋ, ਤੇ ਕਿਸੇ ਅੱਗੇ ਤਲੀ ਨ ਅੱਡੋ।

ਇਕ ਬੰਦਾ—ਕੀਕਨ? ਵਾਸਲ ਖਾਂ, ਕੀਕਨ?

ਵਾਸਲ ਖਾਂ--ਬੱਸ ਨਜਰਾਨੇ ਭਰ ਕੇ ਦੁਨੀਆਂ ਦੀ ਹੋਏ ਹੋਏ ਨ ਸਹੋ। ਸਾਊਆਂ ਵਾਂਗਰ ਲੜਕੇ ਮਰੋ, ਤੇ ਸ਼ਹੀਦੀ ਦਾ ਦਰਜਾ ਲਓ।

ਸਭੇ-ਬਹੁਤ ਠੀਕ। ਅਸੀ ਲੜਕੇ ਮਰਾਂਗੇ।

ਵਾਸਲ ਖਾਂ-ਜੇ ਮਰਨਾ ਈ ਪਿਆ,ਤਦ ਵੀ ਇੱਜ਼ਤ ਨਾਲ। ਜੇ ਬਚ ਰਹੇ ਤਦ ਵੇਰੀਆਂ ਦੀ ਜੜ੍ਹ ਨੂੰ ਗਾਲ। ਨ ਕਾਸੇ ਦਾ ਸੋਂਸਾ ਤੇ ਹਰ ਸ਼ੈ ਦਾ ਸੁਖਾਲ। ਅਪਨੀ ਗੁੱਥੀ ਵਿਚ ਅਪਨਾ ਮਾਲ। ਦੁਨਿਆ ਵਿਚ ਸੁਰਖਰੂ ਤੇ ਆਕਬਤ ਵਿਚ ਨਿਹਾਲ।

ਪੈਂਦੇ ਖਾਂ--ਵਾਸਲ ਖਾਂ ਨੇ ਅਸਲ ਗੱਲ ਆਖੀ ਏ।

ਸਰਫਰਾਜ ਖਾਂ--ਚੌਧਰੀ ਬੁਲੰਦਿਆ, ਕਿੰਨਾ ਕੂ ਚਿਰ ਨਜਰਾਨੇ ਭਰਾਂਗੇ? ਹੁਨ ਛੀਂ ਮਹੀਨੀਂ ਨਕ ਰਗੜਨੇ ਆਂ, ਫੇਰ ਤਿਨੀਂ ਮਹੀਨੀਂ ਕੁੱਸ ਕੁੱਸ ਮਰਾਂਗੇ। ਜੋ ਓਦੋਂ ਕਰਨਾ ਜੇ, ਹੁਨੇ ਕਿਉਂ ਨਹੀਂ ਕਰਦੇ?

ਪੈਂਦੇਖਾਂ-ਬੱਕਰੇ ਦੀ ਮਾਂ ਕਦ ਤਕ ਖੈਰ ਮਨਾਏਗੀ?

ਇਕ ਆਦਮੀ--ਢਾਹੇ ਤੇ ਟਾਹਲੀ ਕਿਨਾਂ ਚਿਰ ਛਾਂਵੇਂ ਬਹਾਏਗੀ?

ਵਾਸਲ ਖਾਂ--ਮਰਨਾ ਬਰਹੱਕ ਏ,ਪਰ ਮਰਦ ਬਨ ਕੇ ਮਰਨ ਨਾਲ ਵਡਿਆਈ ਵੀ ਪੱਕ ਏ।

ਸਭੇ-ਅਸੀ ਮਰਦਾਂ ਦੀ ਮੌਤ ਮਰਾਂਗੇ। ਜਾਨਾਂ ਬਚਾਨ ਲਈ ਅਈਂ ਅਈਂ ਕਦੇ ਨ ਕਰਾਂਗੇ।

ਵਾਸਲ ਖਾਂ–ਹੁਨ ਵੇਲਾ ਸੋਚਨ ਦਾ ਨਹੀਂ । ਇੱਕ ਗੱਲ ਮਿਥ ਲਓ ਤੇ ਓਸੇ ਤੇ ਪੂਰਣਾ ਪਾਓ । ਜੇ ਪਿਛੋਂ ਦੀ ਦੱਮ ਛੱਡਨਾ ਜੇ ਤੇ, ਭਾਈਯਾ, ਹੁਨੇ ਪੈਰ ਨ ਚਾਓ ।

ਸਭੇ–ਭਾਵੇਂ ਖੂਹ ਪਈਯੇ ਭਾਵੇਂ, ਖਾਤੇ ਵਾਸਲਖਾਂ ਦੇ ਪਿਛੇ ਜਾਓ ।

ਵਾਸਲਖਾਂ–ਆਓ, ਫੇਰ ਡਿੰਜ ਲਾਹ ਕੇ ਲੜੀਯੇ, ਤੇ ਜਨਾ-ਨੀਆਂ ਵਾਂਗਰ ਭੋਰਿਆਂ ਵਿਚ ਛਪ ਛਪ ਨ ਪਏ ਵੜੀਯੇ ।

ਸਭੇ—ਸਨਜੂਰ । ਵਾਸਲ ਖਾਂ, ਮਨਜੂਰ ।

ਕੁਤੁਬੁਦੀਨ–ਮੈਂ ਸਭਦੇ ਮਗਰ ਆਂ, ਜੋ ਕਹਿੰਦੇ ਓ ਕਰਾਂਗਾ । ਜੇ ਮਰਨ ਦੀ ਲੋੜ ਪਏ ਤੇ ਸਭ ਤੋਂ ਪਹਿਲੇ ਮਰਾਂਗਾ ।

ਖੀਵਾ ਖਾਂ–ਹਛਾ, ਹੁਨ ਸੁਲਾਹ ਦੀ ਗੱਲ ਗਈ ਤੇ ਲੜਨਾ ਮਨਜੂਰ ਹੋਯਾ ।

ਬੁਲੰਦ ਖਾਂ–ਸਭਦੇ ਮਨੋਂ ਮੌਤ ਦਾ ਸੈਂਸਾ ਦੂਰ ਹੋਯਾ ।

ਕੁਤੁਬੁਦੀਨ–ਸਰਫਰਾਜ ਖਾਂ ਸ਼ੈਹਰੀਆਂ ਦੀ ਫੌਜ ਤਿਆਰ ਕਰੇ । ਸਭ ਪੱਗ ਬੰਨ੍ਹ ਹਥਿਆਰ ਫੜੇ । ਖੀਵਾਖਾਂ ਕਿਲੇ ਦੀ ਡਾਢ ਕਰੇ । ਦਾਣਾ ਫੱਕਾ ਅੰਦਰ ਧਰੇ । ਖੁਦਾ ਤੇ ਭਰੋਸਾ ਧਰਕੇ ਮਦਾਨ ਵੜੋ । ਤੇ ਜੋ ਅਗੇ ਆਵੇ ਓਹਨੂੰ ਖੂਬ ਜੜੋ ।

ਰੂਪ–੫ । ਲੜਾਈ ਦਾ ਮਦਾਨ ।

[ਮਹਾਰਾਜਾ ਰੰਜੀਤ ਸਿੰਘ ਮੋਰਿਚਿਆਂ ਦੀ ਪੜਤਾਲ ਕਰਦੇ ਨੇ]

ਬੰਦੂਕਾ ਸਿੰਘ–(ਦੂਰੋਂ ਵੇਖਕੇ) ਖਲਾ ਰਹੋ ! ਤੂੰ ਕੌਨ ਏਂ ?

ਮਹਾਰਾਜ–ਮੈਂ ਮਹਾਰਾਜ ਦਾ ਆਦਮੀ ਆਂ !

ਬੰਦੂ:-ਕੋਈ ਸਰਦਾਰ ਏਂ ਜਾਗੀਰਦਾਰ ਏਂ, ਕਿ ਕੁਮੇਦਾਨ ਏਂ ? ਕਿ ਕੋਈ ਖੱਦ ਬਲਾ ਹਮਾਂ ਸ਼ਮਾਂ ਸ਼ਪਾਹੀ ? ਜਾਂ ਕੋਈ ਟੱਟੂ ਵਾਹਨ ਵਾਲਾ ਕੰਮੀ ਕਮੀਣ ਘਾਹੀ ?

ਮਹਾਰਾਜ-ਸ਼ੇਰਾ, ਮੈਂ ਇਕ ਪੜਤਲ ਦਾ ਘੋੜਚੜ੍ਹਾ ਵਾਂ।

ਬੰਦੂ:—ਤੂੰ ਝੰਡੀਵਾਲਾ ਨੇਜ਼ਾ ਚੜ੍ਹਾਨਾ ਏਂ, ਕਿ ਤੋੜੇਦਾਰ ਬੰਦੂਕ ਚਲਾਨਾ ਏਂ ?

ਮਹਾਰਾਜ—ਦੋਵੇਂ। ਜਨਿਆਂ ਤੂੰ ਕੌਣ ਏਂ ?

ਬੰਦੂ:—ਅਸੀ, ਮੁਲਖ ਦੇ ਬਾਦਸ਼ਾਹ।

ਮਹਾਰਾਜ—ਤਦ ਤੇ ਤੂੰ ਮਹਾਰਾਜ ਤੋਂ ਵੀ ਵਧਕੇ ਹੋਇਓਂ!

ਬੰਦੂ:—ਅਸੀ ਓਹਨਾਂ ਦੇ ਜੋੜੇ ਝਾੜਨ ਵਾਲੇ। ਓਹਨਾਂ ਦੇ ਪੈਰਾਂ ਦੀ ਧੂੜ। ਓਹ ਪਰਮੇਸ਼ੁਰ ਦਾ ਉਤਾਰ, ਰਿੱਧ ਸਿੱਧ ਦਾ ਖਜ਼ਾਨਾ, ਖਾਲਸੇ ਦੀ ਜੀਵਨ ਬੂਟੀ,ਤੇ ਕਲਾ ਵਾਲੇ ਨੇ।

ਮਹਾਰਾਜ—ਤਦ ਤੂੰ ਬਾਦਸ਼ਾਹ ਕੀਕਨ ਹੋਇਓਂ। ?

ਬੰਦੂਕਾ:—ਮਹਾਰਾਜ ਖਾਲਸੇ ਦਾ ਬੇੜਾ ਨੇ, ਤੇ ਅਸੀ ਬੇੜੇ ਦੇ ਨਾਲ ਲੋਹਾ, ਇਕੋ ਰੂਪ ਆਂ।

ਮਹਾਰਾਜ—ਬਹੁਤ ਠੀਕ! ਤੂੰ ਬੜਾ ਸੂਝ ਵਾਲਾ ਏਂ।

ਬੰਦੂ:—ਜਨਿਆ ਤੇਰਾ ਨਾਂ ਕੀਹ ਏ ?

ਮਹਾਰਾਜ—ਮੈਂ ਇੱਕ ਮੁਕੱਰਚੱਕੀਆ ਸਿੰਘ ਵਾਂ।

ਬੰਦੂ:—ਤਦ ਤੇ ਤੂੰ ਬੜਾ ਸੂਰਮਾਂ ਹੋਇਓਂ ? ਪੋਠੋਹਾਰੀ ਜਾਪਨਾ ਏਂ ?

ਮਹਾਰਾਜ—ਮੇਰੇ ਘਰ ਝੰਨਾਂ ਦੇ ਬੇਟ ਬੰਨੇ ਨੇ

ਬੰਦੂ:—ਬੇਲੀ ਬਾਹਮਨ ਵਾਕਬ ਈ ?

ਮਹਾਰਾਜ—ਭਾਵਾ ਚੰਗਾ।

ਬੰਦੂ:—ਓਹਨੂੰ ਆਖੀਂ, ਮੈਂ ਹੋਲੀਆਂ ਵਿਚ ਓਹਦਾ ਖੋਂਬੜ ਲਾਲ ਕਰਾਂਗਾ। ਜਰਾ ਖਿਆਲ ਰਖੇ।

ਮਹਾਰਾਜ—ਤੂੰ ਬੀ ਓਦੋਂ ਚੰਗਾ ਪਗੜ ਬੰਨ੍ਹ ਕੇ ਆਵੀਂ, ਖਵਰੇ ਕਿਤੇ ਤੇਰਾ ਓਦੂੰ ਵਧਕੇ ਲਾਲ ਨ ਹੋਜਾਏ?

ਬੰਦੂ:—ਤੇਰਾ ਓਹ ਸਾਕ ਏ?

ਮਹਾਰਾਜ—ਹਾਂ!

ਬੰਦੂ:—ਤਦ, ਦਾਦਾ ਮੱਥਾ ਟੇਕਨਾਂ।

ਮਹਾਰਾਜ—ਹੱਛਾ ਸੁਖੀ ਰਹੋ।

ਬੰਦੂ:—ਕੱਲ ਮੱਸਿਆ ਦਾ ਧਾਮਾ ਸਾਡੇ ਕੋਲੋਂ ਛਕਨਾਂ।

ਮਹਾਰਾਜ—ਅਸਾਂ ਪ੍ਰੋਹਤੀ ਛੱਡ ਦਿਤੀ ਏ। ਜਨਿਆ ਤੇਰਾ ਨਾਂ ਕੀਹ ਏ?

ਬੰਦੂ:—ਮੇਰਾ ਨਾਂ ਬੰਦੂਕਾ ਸਿੰਘ।

ਮਹਾਰਾਜ—ਤੇਰਾ ਨਾਂ ਤੇ ਮਾਪਿਆਂ ਚੁਨ ਕੇ ਧਰਿਆ ਏ?

[ਅੱਗ ਚਲੇ ਜਾਂਦੇ ਨੇ]

[ਚਤੁਰ ਸਿੰਘ ਤੇ ਚਾਨਨ ਸਿੰਘ ਵਖੋ ਵੱਖ ਪਾਸਿਆਂ ਤੋਂ ਆਉਂਦੇ ਨੇ]

ਚਤੁਰ ਸਿੰਘ—ਸਤਿ ਸ੍ਰੀ ਅਕਾਲ!

ਚਾਨਨ ਸਿੰਘ—ਸਤਿ ਸ੍ਰੀ ਅਕਾਲ।

ਬੰਦੂਕਾ ਸਿੰਘ—ਖਾਲਸਾ ਜੀ, ਹੌਲੀ ਬੋਲੋ। ਵੇਖਦੇ ਨਹੀਂ ਉੱਤੋਂ ਵੇਲਾ ਕੇਹੜਾ ਏ? ਜੁੱਧਾਂ ਦੇ ਓਹ ਪੁਰਾਣੇ ਰੰਗ ਢੰਗ ਗਏ, ਜਦ ਸੂਰਮੇ ਗੱਜ ਗੱਜ ਕੇ ਲਲਕਾਰੇ ਮਾਰਦੇ ਸਨ। ਤੁਹਾਨੂੰ ਮਹਾਭਾਰਤ ਯਾਦ ਹੋਵੇਗੀ? ਕੀਕਨ ਅਰਜੁਨ, ਭੀਮ ਤੇ ਭੀਸ਼ਮ ਸੰਖ ਕੜਕਾਂਦੇ ਤੇ ਤੀਰ ਵਸਾਂਦੇ ਸਨ। ਲੜਾਈਆਂ

ਦਾ ਓਹ ਟੌਲਾ ਟੱਪਾ ਹੁਨ ਕਿਥੇ ? ਮੈਂ ਸ਼ਰਤ ਲਾਕੇ ਕਹਿਨਾਂ, ਕਿ ਅੱਜਕੱਲ ਯੁੱਧਾਂ ਦੇ ਸਗਨ ਸਾਰਥ, ਜੁੱਧਾਂ ਦੀਆਂ ਪੇਸ਼ ਬੰਦੀਆਂ, ਯੁੱਧਾਂ ਦੀ ਮਰਿਆਦ ਤੇ ਪਾਇਆਂ ਹੋਰ ਦੀ ਹੋਰ ਹੋਗਈ ਏ।

ਚਤੁਰ ਸਿੰਘ—ਜਨਿਆ ਤੂੰ ਨਹੀਂ ਵੇਹੰਦਾ, ਵੈਰੀ ਸਾਹਮਣੇ ਕੀਕਨ ਲਲਕਾਰੇ ਮਾਰਦਾ ਏ ?

ਬੰਦੂਕਾ ਸਿੰਘ—ਏਹ ਕੇਹੜੀ ਅਕਲ ਦੀ ਗੱਲ ਕੀਤੀ ਆ ? ਜੇ ਵੈਰੀ ਅਕਲਦਾ ਅਨ੍ਹਾਂ, ਖੋਤਾ, ਬੇਵਕੂਫ ਤੇ ਚਾਰੇ ਬੰਨੇ ਡੰਗਰ ਹੋਵੇ, ਤੇ ਤੂੰ ਕੀਹ ਆਹਨਾਏਂ ਕਿ ਅਸੀ ਤੈਨੂੰ ਵੀ ਡੰਗਰ ਅਕਲ ਦਾ ਅਨ੍ਹਾਂ ਖੋਤਾ ਤੇ ਮੂਰਖ ਸਮਝੀਯੇ ? ਅਜੇ ਸੁਰਤ ਆਈ ਆ ਕਿ ਨਹੀਂ ?

ਚਤੁਰ ਸਿੰਘ—ਅੱਛਾ ਖਾਲਸਾ ਜੀ, ਹੌਲੀ ਬੋਲਾਂਗੇ ?

ਬੰਦੂਕਾ ਸਿੰਘ—ਇੰਦ੍ਰ ਬੰਦਿਆਂ ਵਾਂਗਰ ਮਰ ਖਾਂ।

ਚਤੁਰ ਸਿੰਘ—ਅਸਾਂ ਸੁਨਿਆ ਏ, ਕਿ ਜੈਮਲ ਸਿੰਘ ਝੱਲੇ ਤੇ ਉੱਤਮ ਸਿੰਘ ਵਿਧੇ ਨੂੰ ਸਰਦਾਰੀ ਮਿਲੀ ਏ। ਤੁਸਾਂ ਵੀ ਸੁਨਿਆ ਏ ?

ਗਾਨਨ ਸਿੰਘ—ਓਏ, ਆਹੋ ! ਕਲ ਜੋ ਮੋਰਚਿਆਂ ਵਿਚ ਗੱਲਾਂ ਹੁੰਦੀਆਂ ਸਨ।

ਬੰਦੂਕਾ ਸਿੰਘ—ਤੁਹਾਡੀ ਏ ਬੁੱਧ ਮੋਟੀ, ਸਮਝ ਖੋਟੀ ਤੇ ਪਾਇਆਂ ਛੋਟੀ। ਨ ਸੁਰ ਜੇ ਨ ਪਤਾ। ਏਵੇਂ ਧਾਵੀਆਂ ਪਏ ਠੋਕਦੇ ਓ। ਜੈਮਲ ਸਿੰਘ ਝੱਲਾ ਤੇਰੇ ਪਿਓ ਬਨਾਯਾ ਸੀ ? ਤੇ ਉੱਤਮ ਸਿੰਘ ਵਿਧਾ ਕਿਥੋਂ ਆਯਾ ਸੀ ?

ਚੰਡੂਰ ਸਿੰਘ—ਓਏ ਜਾਨੇ ਸਾਡੀ ਬਲਾ, ਭਾਈਯਾ ਲੋਕ ਈ ਆਹੰਦੇ ਨੇ ਕੇ।

ਬੰਦੂਕਾਸਿੰਘ—ਮਾਰੂੰ ਹੜਬੁੱਚ ਤੇ ਦੰਦ ਬਾਹਰ ਕੱਢੂ? ਕੇਹੜੇ ਲੋਕ ਆਹੰਦੇ ਨੇ? ਆਖ ਖਾਂ ਜੈਮਲ੍ਹਸਿੰਘ ਕਮਲਾ ਤੇ ਉੱਤਮ ਸਿੰਘ ਘੁਮਾਨ!

ਚਾਨਨ ਸਿੰਘ—ਓਏ ਜਾਨੇ ਬਲ੍ਹਾ, ਕਮਲਾ ਹੋਯਾ ਕਿ ਝੱਲਾ ਹੋਯਾ, ਕਿ ਬੇਕਲ ਹੋਯਾ, ਕਿ ਬਘੂਤਰ ਹੋਯਾ ਕਿ ਸੁਦਾਈ ਹੋਯਾ, ਕਿ ਬੁੱਧੂ ਹੋਯਾ! ਇਕੋ ਈ ਗੱਲ ਏ ਕਿ! ਹਾਂ ਮੈਂ ਭੁੱਲ ਗਿਆ। ਘੁਮਾਂ ਛੋਟਾ ਹੁੰਦਾ ਏ ਤੇ ਵਿਘਾ ਵਡਾ।

ਬੰਦੂਕਾ ਸਿੰਘ—ਤੇਰੇ ਸਿਰ ਵਿਚ ਅਕਲ ਦਾ ਪੋਖੋ ਨਹੀਂ ਪਿਆ, ਤੇ ਸ਼ੁਦਾ ਦਾ ਪਰਛਾਵਾਂ ਸਮੂਲਚਾ ਨਹੀਂ ਗਿਆ। ਜਾ ਦੂਰ ਹੋ ਅੱਖਾਂ ਤੋਂ। ਏਵੇਂ ਰੋਹ ਨ ਪਿਆ ਚੜ੍ਹਾ। ਕਮਲਾ ਤੇ ਹੋਈ ਅੱਲ। ਝੱਲਾ ਵੀ ਕੋਈ ਅੱਲ ਏ? ਘੁਮਾਂ ਤੇਰੇ ਪਿਓ ਛੋਟਾ ਬਨਾਯਾ ਸੀ? ਮਾਰੂੰ ਹੁਰਾ ਤੇ ਮੱਤ ਦੱਸੂੰ?

ਚਾਨਨ ਸਿੰਘ—ਓਏ, ਏਹ ਭਾਈਆ ਏਵੇਂ ਪਿਆ ਟਰਪੱਲ੍ਹਾਂ ਮਾਰਦਾ ਈ। ਮੈਥੋਂ ਪੁੱਛ ਖਾਂ। ਦੋ ਵਿਘਿਆਂ ਦਾ ਘੁਮਾਂ ਹੁੰਦਾ ਏ। ਨ ਵੱਧ ਨ ਘੱਟ। ਫੇਰ ਵਡਾ ਹੋਯਾ ਕਿ ਨਾਂ?

ਬੰਦੂਕਾ ਸਿੰਘ—ਹਛਾ ਦੇ ਸਬੂਤ। ਜਾਂ ਮੈਥੋਂ ਪੱਕਾ ਸਬੂਤ ਲੈ। ਪਈ ਦੋ ਘੁਮਾਂ ਅਸਾਂ ਬੀਜੇ ਛੋਲੇ। ਅੱਧੇ ਵੱਡ ਲਏ ਸਰਕਾਰ। ਓਦੂੰ ਅੱਧੇ ਚਾਰ ਲਏ ਲੰਬਰ ਨੇ। ਅਜੇ ਵੀ ਇੱਕ ਵਿਘਾ ਸਾਡੇ ਕੋਲ ਈ। ਜਾ ਪੁੱਛ ਲੇ ਪਟਵਾਰੀ ਕੋਲੋਂ, ਕੇ ਝੂਠਾ ਦਿਊਂ? ਨਿਸ਼ਾ ਹੋਈ ਆ ਕਿ ਨਹੀਂ?

ਥਾਨਨ ਸਿੰਘ—ਨ, ਭਾਈਆ ਰੜਿਆਲੀਯੇ ਸਰਦਾਰਾਂ ਦੀ ਜਾਤ ਘੁਮਾਂ ਏ ਵਿਘ੍ਯਾ ਨਹੀਂ।

ਬੰਦੂਕਾਸਿੰਘ—ਓਏ, ਤੂੰ ਜਵਾਨ, ਕਿਥੇ ਜੰਮਿਆ ਸਾਂਏਂ? ਉੱਤਮ ਸਿੰਘ ਘੁਮਾਂ ਰੜ੍ਹਿਆਲੀਆ ਏ ਕਿ ਮਨਿਹਾਲੀਆ? ਨਾਂਵਾਂ ਦੇ ਕੁਨਾਂ ਤੇ ਥਾਵਾਂ ਦੇ ਕੁਥਾਂ ਪਿਆ ਵੱਸਨਾ ਏਂ? ਤੂੰ ਭਾਵੇਂ ਓਦੂੰ ਵੀ ਵੱਧਕੇ ਉਜਬੁੱਕ ਏਂ?

ਚਾਨਨ ਸਿੰਘ—ਹਛਾ ਰੜਿਆਲੀਆ ਹੋਯਾ ਕਿ ਮਨਿਹਾਲੀਆ। ਇਕੋ ਈ ਗੱਲ ਏ ਕਿ!

ਬੰਦੂ ਕਾ ਸਿੰਘ—ਇਕੋ ਤੇਰੇ ਕਿਸੇ ਵੱਡੇ ਬਨਾਈ ਏ? ਰੜਿਆਲਾ ਏਸ ਲਾਹਮ! 'ਮਨਿਹਾਲਾ ਔਸ। ਦੋਹਾਂ ਵਿਚ ਕੇਡੀ ਵਿੱਥ! ਇਕੋ ਕੀਕਨ ਹੋਗਏ?

ਚਤੁਰ ਸਿੰਘ—ਓਏ, ਆਹੋ। ਅਬਕਰ ਬਾਤਸ਼ਾਹ ਪਠਾਨ ਜੇਹੜਾ ਸਲਕੋਟ ਜੰਮਿਆ ਸੀ ਤੇ ਸਤਨੌਰ ਤਖਤ ਤੇ ਬੈਠਾ ਸੀ, ਓਸ ਮਨਿਹਾਲਾ ਵਸਾਯਾ ਸੀ ਨ?

ਬੰਦੂ ਕਾ ਸਿੰਘ—ਬਖਸ਼ੀਂ! ਬਖ਼ਸ਼ੀਂ! ਅੱਜ ਕਹਿਆਂ ਮੂਰਖਾਂ ਨਾਲ ਵਾਹ ਪੈ ਗਿਆਏ? ਜੀ ਕਰਦਾ ਏ ਤੁਹਾਡਾ ਦੁਹਾਂ ਦਾ ਚਾਟਾ ਲਾਹ ਦਿਆਂ! ਵੇਖੋ, ਓਏ! ਕਿਹਾ ਕਹਿਰ ਪਏ ਚੜ੍ਹਾਂਦੇ ਨੇ? ਅਕਬਰ ਨੂੰ ਅਬਕਰ ਤੇ ਮੁਗ਼ਲ ਨੂੰ ਪਠਾਨ। ਓਹਨੂੰ ਸਲਕੋਟ ਤੇਰੇ ਪਿਓ ਜਮਾਯਾ ਸੀ? ਤੇ ਸਤਨੌਰ ਤੂੰ ਤਖਤ ਤੇ ਬਹਾਯਾ ਸੀ? ਏਵੇਂ ਪੁਰਾਣੀਆਂ ਤਵਾਰੀਖਾਂ ਵਿਚ ਢੇਲੇ ਪਿਆ ਪਾਨਾ ਏਂ?

ਚਤੁਰ ਸਿੰਘ—ਮੇਰਾ, ਮੁਗ਼ਲ ਹੋਯੇ ਕਿ ਪਠਾਨ ! ਸਾਡੇ ਭਾ ਦੇ ਇਕੋ ਈ ਸਾਨ। ਓਹ ਭੀ ਓਧਰੋਂ ਆਯੇ, ਓਹ ਭੀ ਓਧਰੋਂ ! ਸਾਡੇ ਭਾਈਯੇ ਤੇ ਈਹੋ ਈ ਕਿਹਾ ਸੀ।

ਬੰਦੂਕਾ ਸਿੰਘ—ਜਹੀ ਤਹੀ ਤੇਰੇ ਭਾਈਯੇ ਦੀ। ਬੰਦਿਆਂ ਵਿਚ ਆਕੇ ਬੰਦਿਆਂ ਵਾਂਗਰ ਗੱਲ ਕਰੀਦੇ। ਲੇ ਮੈਥੋਂ ਪੁੱਛ। ਅਕਬਰ ਅਮਰਕੋਟ ਜੰਮਿਆ ਸਾਈ। ਤੇ ਕਲਾਨੌਰ ਤਖਤ ਤੇ ਬੈਠਾ ਸਾਈ। ਤੂੰ ਸਤਨੌਰ, ਸਤਨੌਰ ਮਾਰੀ ਜਾਨਾਏਂ।

ਚਤੁਰ ਸਿੰਘ—ਹੱਲਾ ਓਹ ਭੀ ਨੌਰ, ਓਹ ਭੀ ਨੌਰ। ਸਾਡੇ ਲਈ ਤੇ ਇਕੋ ਈ ` ਕੇ ?

ਬੰਦੂਕਾ ਸਿੰਘ—ਮੈਂ ਆਹਨਾਂ ਇਕੋ ਨਹੀਂ। ਜੇ ਇੱਕੋ ਹੋਣ ਤੇ ਸੌ ਸੌ ਰੁਪਈਯਾ ਸ਼ਰਤ। ਲਿਆ ਨਕਸ਼ਾ। ਵੇਖਾਂ ਹੁਨੇ ਨਿਤਾਰਾ ਹੁੰਦਾ ਏ। ਮਿਆਂ ਕੋਹਾਂ ਦਾ ਫੈਸਲਾ ! ਇੱਕੋ ਕੀਕਨ ਹੋਯੇ ?

ਚਤੁਰ ਸਿੰਘ—ਹੱਲਾ, ਕੀਹ ਹੋਯਾ ? ਜਰਾ ਬੋਝੇ ਵਿਚੋਂ ਝਿੱਜਰੀ ਵੇਖੀਂ ! ਮੈਂ ਪਹਿਹੇ ਤੇ ਜਾਨਾ ਏ।

ਬੰਦੂਕਾ ਸਿੰਘ—ਓਏ ਝਿਜਰੀ ਕਹੀ ?

ਚਤੁਰ ਸਿੰਘ—ਓਹ, ਜਿਹਦੇ ਵਿਚੋਂ ਵਜੇ ਵੇਖਦੇ ਓ। ਵੇਖਾਂ, ਕੀਹ ਵਜਿਆਏ ?

ਬੰਦੂਕਾ ਸਿੰਘ—[ਡੋਲਿਓਂ ਭੜਕੇ] ਅਜ਼ਿਆ ਤੁਸਾਂ ਅੱਜ ਮੈਨੂੰ ਭਾਵਾ ਖਪਾਯਾ ਏ। ਭਲੇ ਮਾਨਸ ਬਨਕੇ, ਏਥੋਂ ਦੂਰ ਜਾਓ। ਵੇਖੋ ਓਏ ਘੜੀ ਨੂੰ ਝਿਜਰੀ ਪਏ ਬਨਾਂਦੇ ਨੇ ! ਮਿਆਂ, ਦੁਨੀਯਾਂ ਨੂੰ ਗਰਕੀ ਆਉਨ ਲੱਗੀ ਏ ! ਤੇਰਾ ਦੁਆਰ ਕੰ ਕੀਹ ਏ ?

ਚਤੁਰ ਸਿੰਘ—ਬੇਲੀਆ, ਮੇਰਾ ਨਾਂ ਚਤੁਰ ਸਿੰਘ ਏ ?

ਬੰਦੂਕਾ ਸਿੰਘ—ਵਾਹ ਚਤਰਾਈ ਸਾੜੀ ਆ ? ਅੱਖੀਂ ਦਿਸੇ ਨ ਤੇ ਨਾਂ ਨੂਰ ਭਰੀ! (ਦੂਜੇ ਨੂੰ) ਜੁਆਨ, ਤੇਰਾ ਕੀਹ ਨਾਂ ਏ ?

ਚਾਨਨ ਸਿੰਘ—ਮੇਰਾ ਨਾਂ ਏ ਚਾਨਨ ਸਿੰਘ !

ਬੰਦੂਕਾ ਸਿੰਘ—ਤੂੰ ਤੇ ਹਨੇਰ ਦਾ ਜੰਮ ਏਂ ! ਤੈਨੂੰ ਤੇ ਚਾਨਨ ਛੱਡ ਕੇ ਲੋ ਵੀ ਨਹੀਂ ਲੱਗੀ ।

ਚਾਨਨ ਸਿੰਘ—ਓਏ ਭਾਈਆ ਬੰਦੇ ਨੂੰ ਅਟਪਲਾ ਲੱਗ ਈ ਜਾਂਦਾ ਏ, ਕਿ !

ਬੰਦੂਕਾ ਸਿੰਘ—ਜੇ ਮੈਂ ਹੁਨੇ ਤੇਰਾ ਸਿਰ ਚਾ ਲਾਂਹ, ਤੇ ਆਖਾਂ ਅਟਪਲਾ ਲੱਗਾ ਏ, ਤੇ ਦੱਸ ਫੇਰ ਕੀਹ ਕਰੇਂਗਾ ? ਤੁਸਾਂ ਅਜ ਝੂਠ ਬੋਲ ਬੋਲ ਕੇ ਮੈਨੂੰ ਡਾਢਾ ਜਿੱਚ ਕੀਤਾ ਏ ।

ਚਤੁਰ ਸਿੰਘ—(ਚਾਨਨ ਸਿੰਘਨੂੰ) ਓਏ, ਚਲ ਭਾਈਆ ਏਥੋਂ ਚਲੀਧੇ । ਏਹ ਤੇ ਏਵੇਂ ਪਿਆ ਖਰਵਾ ਹੋ ਹੋ ਪੈਂਦਾ ਈ । ਏਹਦੇ ਨਾਲ ਤੇ ਗੱਲ ਕੀਤਿਆਂ ਵੀ ਇਜ਼ਤ ਦਾ ਘਾਟਾ ਏ ।

ਬੰਦੂਕਾ ਸਿੰਘ—ਭਲੇ ਮਾਨਸ ਹੋਕੇ ਫੇਰ ਨ ਮੱਥੇ ਲੱਗਣਾ । ਨਹੀਂ ਤੇ ਖੁੱਲ ਸੁੱਟਜਗਾ ! [ਪਰਦਾ]

ਰੂਪ—੬ । ਲੜਾਈ ਦਾ ਮਦਾਨ ।

[ਫੌਜਾਂ ਆਹਮੋ ਸਾਹਮਣੇ ਖੜੀਆਂ ਨੇ]

ਮਹਾਰਾਜ—ਸਰਦਾਰੋ, ਛੇਤੀ ਛੇਤੀ ਜਗਹ ਮੱਲੋ । ਬਹਾਦਰੀ ਵਖਾਨ ਦਾ ਈਹੋ ਵੇਲਾ ਜੇ । ਵੇਖੋ ਭੇਖੜੇ ਦੇ ਮਾਰੇ ਹੋਯੇ ਬਾਵੇ ਹੋ ਹੋ ਗ਼ਾਜ਼ੀ ਤਲਵਾਰ ਤੋਂ ਸੈਂਤ ਮੰਗਦੇ ਨੇ । ਏਹਨਾਂ ਨੂੰ ਸੈਂਝ

ਦਿਓ। ਤੁਹਾਡਾ ਤੇਜ ਪਰਤਾਪ ਏਹਨਾਂ ਦੀਆਂ ਹੱਡੀਆਂ ਨਚੋੜ ਕੇ ਰੂਹ ਕਬਜ਼ ਕਰੇਗਾ। ਏਹਨਾਂ ਨੂੰ ਸ਼ਹੀਦ ਬਨਾਓ। ਵਿਚਾਰਿਆਂ ਵਿਚ ਲਹੂ ਵੀ ਨਹੀਂ ਜਿਹਨੂੰ ਖਾਲਸੇ ਦੀਆਂ ਤ੍ਰਿਹਾਈਆਂ ਤਲਵਾਰਾਂ ਚੱਟਨ ਨੂੰ ਤਰਸ ਰਹੀਆਂ ਨੇ। ਏਹ ਜੀਵਨ ਤੋਂ ਆਤਰ ਨੇ, ਤੇ ਅਪਨਾ ਆਪ ਲੂਹਣ ਨੂੰ ਚਾਤੁਰ ਨੇ। ਜੁੱਸੇ ਤੇ ਮਾਸ ਵੀ ਨਹੀਂ, ਜਿਥੇ ਗੋਲੀ ਫੱਸ ਸੱਕੇ। ਤ ਦੇ ਮੂੰਹ ਹਨੇਰੇ ਆ ਛਾਪਾ ਮਾਰਿਆ ਨੇ। ਏਹ ਤੇ ਘੋੜਿਆਂ ਦੀ ਲਤਾੜਾਂ ਨਾਲ ਈ ਮੀਦੜੇ ਜਾਨਗੇ। ਏਹਨਾਂ ਦੇ ਝੰਡੇ ਸਾਡੀਆਂ ਗੋਲੀਆਂ ਨੇ ਵਿਨ੍ਹ ਵਿਨ੍ਹ ਕੇ ਛਾਨਨੀ ਕਰ ਦਿੱਤੇ ਨੇ। ਵੇਖਾਂ, ਹਿਲਦੇ ਮਲੂਮ ਈ ਨਹੀਂ ਹੁੰਦੇ। ਏਹਨਾਂ ਦੇ ਸਵਾਰਾਂ ਨੂੰ ਵੇਖੋ, ਕੀਕਨ ਮੂੰਹ ਤੇ ਮੁਰਦੇਆਨੀ ਵਰਤੀ ਹੋਈ ਏ। ਬੁੱਤਾਂ ਵਾਂਗ ਉੱਕ ਬੈਠੇ ਹੋਏ ਜਾਪਦੇ ਨੇ। ਟੈਰੇ ਤੇ ਵੇਖੋ, ਖੁਰਕ ਦੇ ਮਾਰੇ ਹੋਯੇ, ਨ ਸਾਹ ਨ ਸੱਤ। ਵੱਖੋ ਵੱਖੀ ਬੱਬਰ। ਜੁਰਕ ਜੁਰਕ ਕਰਦੀਆਂ ਅੜੀਆਂ ਤੜੀਆਂ ਹੱਡੀਆਂ। ਸੁੱਕੇ ਤੇ ਸੜੇ ਹੋਏ। ਅੱਖਾਂ ਵਿਚੋਂ ਗਿੱਡ ਤੇ ਬੁਰ ਵਹਿੰਦਾ। ਭੁੱਖ ਤੇ ਉਨੀਂਦਰੇ ਨਾਲ ਹਾਲੋਂ ਬਿਹਾਲ। ਕਾਂ ਤੇ ਚੀਲਾਂ ਕੀਕਨ ਏਹਨਾਂ ਦੇ ਦੁਵਾਲੇ ਫਿਰਦੇ ਨੇ, ਕਿ ਹੁਨੇ ਡਿੱਗਨ ਤੇ ਅਸੀ ਚੱਟਮ ਕਰੀਯੇ!

ਫੂਲਾ ਸਿੰਘ ਅਕਾਲੀ—ਸਤਿ ਸ੍ਰੀ ਅਕਾਲ।

[ਹੱਲਾ ਕਰਦਾ ਏ।]

[ਨਿਹਾਲ ਸਿੰਘ ਅਟਾਰੀ ਵਾਲਾ ਤੇ ਵਡੇ ਸਿੰਘ ਅੱਗੇ ਵਧਦੇ ਨੇ]

*** ਇਕ ਪਾਸੇ ਸਿੱਖੀ ਫੌਜ। ਦੂਜੇ ਬੰਨੇ ਪਠਾਨ। ਤੜ ਤੜ ਗੋਲੀ ਚਲਦੀ ਏ। ਤੀਰ ਛੁਟਦੇ ਨੇ। ਆਦਮੀ ਮਰਦੇ

ਨੇ। ਅਕਾਲੀ ਬੰਦੂਕਾਂ ਛਡਕੇ ਤਲਵਾਰਾਂ ਸੂਤਦੇ ਨ। ਕਸੂਰੀਏ ਸ਼ੈਹਰ ਵਿਚ ਜਾਕੇ ਬੂਹੇ ਬੰਦ ਕਰ ਲੈਂਦੇ ਨੇ। [ਪਰਦਾ]

ਰੂਪ-੭ । ਕੁਤਬਦੀਨ ਕਿਲੇ ਵਿਚ।

ਕਤੂਬੁਦੀਨ—(ਮਨ ਵਿਚ) ਹੇ, ਖੁਦਾ ਰੈਹਮ ਕਰ। ਅਜ ਤਿਨ ਮਹੀਨੇ ਹੋ ਗਏ, ਸ਼ੈਹਰ ਦਾ ਘੇਰਾ ਪਿਆਂ ਤੇ ਲੋਕਾਂ ਨੂੰ ਸੁਖ ਦਾ ਸਾਹ ਲਿਆਂ। ਨ ਕੁਝ ਅੰਦਰੋਂ ਬਾਹਰ ਜਾਂਦਾ ਏ, ਨ ਬਾਹਰੋਂ ਅੰਦਰ ਆਉਂਦਾ ਏ। ਦਾਨਾ ਫੱਕਾ ਮੁੱਕ ਗਿਆ। ਉਮੈਦਾਂ ਦਾ ਸੋਮਾ ਸੁੱਕ ਗਿਆ। ਕਿਸਮਤ ਅਪਨੇ ਰੰਗ ਵਖਾ ਗਈ। ਜਾਨਵਰਾਂ ਨੂੰ ਖਾਨ ਦੀ ਵਾਰੀ ਵੀ ਆ ਗਈ। ਸ਼ੀਹਾਂ ਵਰਗੇ ਜੁਵਾਨ ਮਰ ਗਏ। ਆਖ਼ਰਤ ਦਾ ਸਫਰ ਕਰ ਗਏ। ਕੇਈ ਨੱਸ ਕੇ ਜਾਨ ਬਚਾ ਗਏ। ਕੇਈ ਦੁਸ਼ਮਨ ਤੋਂ ਚੜ੍ਹਵੇ ਲਹਾ ਗਏ। ਹੁਨ ਨੱਗਰ ਵਿਚ ਭੁੱਖ ਨਾਲ ਤ੍ਰਾਸ ਤ੍ਰਾਸ ਹੋ ਰਹੀ ਏ। ਮੇਰੀ ਪਿਆਰੀ ਰਈਯਤ ਨਾਸ ਹੋ ਰਹੀਏ। ਬਾਹਰੋਂ ਖਾਨਾ ਦਾਨਾ ਕੀਕਨ ਖੜਨ? ਢਿਡੋਂ ਭੁਖੇ ਕੀਕਨ ਲੜਨ? ਹੋਰ ਦੋ ਦਿਨਾਂ ਨੂੰ ਫੌਜ ਹੱਥਲ ਹੋਕੇ ਬਹਿ ਜਾਏਗੀ। ਸ਼ੈਹਰ ਦੀ ਕੰਧ ਬਾਕੀ ਦੀ ਵੀ ਢੈਹ ਜਾਏਗੀ। ਹੇ, ਖੁਦਾ ਰੈਹਮ ਕਰ!

ਖੀਵਾ ਖਾਂ—[ਹੌਂਸਲਾ ਦਵਾਂਦਾ ਏ]—ਗੀਤ॥

ਕਰੋ ਚਿਨਤਾ, ਮੇਰੇ ਸਾਂਈਆਂ, ਨ ਕਿਸਮਤ ਜੇ ਬਨੀ ਮਾੜੀ।
ਸਮੇ ਨੇ ਬਦਲਦੇ ਰਹਿੰਦੇ, ਕਦੇ ਸਾਉਣੀ ਕਦੇ ਹਾੜ੍ਹੀ।
ਜੋ ਉੱਚੇ ਰਹਿੰਦੇ ਨੇ ਸਭ ਤੋਂ, ਡਿਗਨ ਦਾ ਡਰ ਵੀ ਓਹਨਾਂ ਨੂੰ।
ਕਦੋਂ ਲੁੱਟਨ ਲਈ ਚੋਰਾਂ, ਡਛੁੱਟੀ ਟਾਬਰੀ ਤਾੜੀ?

ਜੋ ਚੁੱਕਨ ਰਾਜ ਦਾ ਪੰਡਤ, ਓਹਨਾਂ ਦੇ ਦਿਲ ਪਹਾੜਾਂ ਦੇ।
ਗੜੇ ਬਿਜਲੀ ਤੋਂ ਨ ਡਰਦੇ, ਰਹੇ ਟੀਸੀ ਉਤਾਂ ਚਾੜ੍ਹੀ।
ਕਰੋ ਜਿਗਰਾ ਪਹਾੜਾਂ ਦਾ, ਕਿ ਝੱਖੜ ਸ਼ੱਪ ਕੇ ਟਲ ਜਾਵੇ।
ਖਲੀ ਦਿਲਦੀ ਕਦੇ ਵੀਰਾਂ, ਤਸੀਆਂ ਤੋਂ ਨਹੀਂ ਸਾੜੀ।
ਜਿਚਰ ਨਿਗਦੇ ਤੁਹਾਡੇ ਜਾਨ, ਦਿਲ ਵਾਰਨ ਤੁਸਾਂ ਉੱਤੋਂ।
ਉਚਰ ਵੈਰੀ ਦੀ ਕੀਹ ਪਾਇਆਂ, ਜੋ ਫਟਕੇ ਕੋਲ ਇਸ ਵਾੜੀ।

ਕੁਤੁਬੁ ਦੀਨ—[ਚਿਨਤਾ ਵਿਚ ਗਾਉਂਦਾ ਏ]

ਨ ਚਿਨਤਾ ਕਾਟ ਕਰਦੀ ਏ, ਨ ਕੁਝ ਤਦਵੀਰ ਵੀ ਚੱਲੇ।
ਇਚਰ ਦੀ ਜਾਨਮਾਰੀ ਨੇ, ਨ ਪਾਯਾ ਕੁਝ ਮੇਰੇ ਪੱਲੇ।
ਵਿਛੋੜਾ ਦੇ ਗਏ ਸਾਥੀ, ਅਜੋੜਾ ਹੋ ਕਈ ਚੱਲੇ।
ਗਿਆ ਦਿਲਦਾ ਧਰਾ ਮੂਲੋਂ, ਨਿਰਾਸਾ ਲੈ ਗਈ ਥੱਲੇ।
ਅਜੀਜ਼ਾਂ ਦੇ ਹਸ਼ਰ ਡਿੱਠੇ, ਸੜਨ ਨੂੰ ਰਹਿ ਗਏ ਕੱਲੇ।
ਤ੍ਰਾਟਾਂ ਮਾਰ ਦੇ ਦੁਖ ਦੁਖ, ਜੋ ਦਿਲ ਦੇ ਫੱਟ ਨੇ ਅੱਲੇ।
ਬਨਾਯਾ ਖਿੱਦੋ ਹੋਣੀ ਨੇ, ਕੜਾ ਕੜ ਮਾਰਦੀ ਟੱਲੇ।
ਰਈਯਤ ਮਰ ਮੁਕੀ ਲੜ ਲੜ, ਨ ਪਈ ਪੂਰੀ ਕਿਸੇ ਗੱਲੇ।
ਬਿਨਾ ਰਬ ਸੱਚੇ ਦੇ ਕੇਹੜਾ, ਹਟਾਦੇ ਦੂਰ ਏਹ ਹੱਲੇ।
ਤੂਫਾਨੋਂ ਲਾਹਮ ਕਰ ਬੇੜਾ, ਏਹ ਡੁਬਦਾ ਪੂਰ ਹੁਨ ਝੱਲੇ।
ਬਚਾਵੇ ਘੇਰ ਘੁੰਮਨ ਤੋਂ, ਹਵਾ ਲੋੜੀ ਦੀ ਵੀ ਘੱਲੇ।
ਰੁੜ੍ਹੀਂਦਾ ਵੱਲ ਜਿਲ੍ਹਨ ਦੇ, ਜੇ ਠੱਲੇ ਤੇ ਓਹੀ ਠੱਲੇ।

[ਸ਼ਸ਼ ਖਾਕੇ ਡਿਗਦਾ ਏ]

ਖੀਵਾ ਖਾਂ—ਆਲਮ ਪਨਾਹ, ਹੌਸ਼ ਕਰੋ। ਜਿਗਰਾ ਧਰੋ। ਜਦ ਤਕ ਸਾਸ ਤਦ ਤਕ ਆਸ। [ਉਠਾਂਦਾ ਏ]

ਇਕ ਆਦਮੀ—(ਕੋਲ ਆਕੇ) ਆਲਮ ਪਨਾਹ, ਕਸੂਰ ਦੀ ਰਿਆਯਾ ਤੇ ਰੱਖ ਵਖਾਈ, ਪਰ ਅੰਤ ਨੂੰ ਵੈਰੀ ਨੇ ਫਤੇ ਪਾਈ। ਕਸੂਰ ਦੀ ਹੁਨ ਬੱਸ ਜੇ।

ਕੁਤੁਬੁਦੀਨ—ਹੈਂ, ਸਾਡਾ ਲਸ਼ਕਰ ਹਾਰ ਗਿਆ ?

ਆਦਮੀ—ਆਲਮ ਪਨਾਹ, ਸ਼ਰਫਦੀਨ ਦਾ ਧ੍ਰੋਹ ਸਭ ਨੂੰ ਮਾਰ ਗਿਆ।

ਕੁਤੁਬ ਦੀਨ—ਧ੍ਰੋਹੀ ਦਾ ਦੋਹੀਂ ਜਹਾਨੀਂ ਮੁਕਾਲਾ !

ਆਦਮੀ—ਆਲਮ ਪਨਾਹ, ਜਦ ਘਰ ਪਾਟਾ ਤੇ ਸਭਨਾਂ ਗੱਲਾਂ ਦਾ ਘਾਟਾ। ਘਰ ਦੇ ਭੇਤੋਂ ਦਹਿਸਰ ਮਾਰਿਆ। ਘਰ ਦੇ ਭੇਤੋਂ ਦੁਰਯੋਧਨ ਹਾਰਿਆ। ਘਰਦੇ ਭੇਤੀਆਂ ਨਾਦਰਸ਼ਾਹ ਬੁਲਾਯਾ। ਘਰ ਦੇ ਭੇਤੀਆਂ ਹੁਨ ਤੁਹਾਡਾ ਵੀ ਹੱਜ ਗੁਵਾਯਾ।

ਕੁਤੁਬ ਦੀਨ—ਹਾਯ ! ਹੁਨ ਕੀਹ ਕਰਾਂ ? ਸੁਨਾ, ਦੁਸ਼ਮਨ ਸ਼ੈਹਰ ਵਿਚ ਵੜ ਗਿਆ ?

ਆਦਮੀ—ਆਲਮ ਪਨਾਹ ! ਸਭ ਥਾਂ ਪੀਲਾ ਝੰਡਾ ਚੜ੍ਹ ਗਿਆ। ਜਦ ਤਕ ਦੀਵੇ ਵਿਚ ਤੇਲ ਰਿਹਾ, ਕਿਸੇ ਵੈਰੀ ਨੂੰ ਅੱਗੇ ਦੌਣਦਾ ਹੌਸਲਾ ਨਹੀਂ ਪਿਆ। ਤੋਪਾਂ ਤੇ ਬੰਦੂਕਾਂ ਦੀ ਮਾਰ ਨੇ ਵੀ ਨਹੀਂ ਤ੍ਰਾਹਿਆ। ਸੱਕਿਆਂ ਤੇ ਪਿਆਰਿਆਂ ਦੀ ਮੌਤ ਨੇ ਵੀ ਨਹੀਂ ਡਰਾਯਾ। ਪਰ ਭੁੱਖ ਦੀ ਤਲਵਾਰ ਦੀ ਡਾਢੀ ਤਿੱਖੀ ਧਾਰ, ਜਿਹਦੀ ਮਾਰ ਸਾਰੀਆਂ ਮਾਰਾਂ ਤੋਂ ਕਹਿਰ ਗੁਜਾਰ, ਦਿਲਾਂ ਦੇ ਪੜਛੇ ਅੰਦ੍ਰੋ ਅੰਦ੍ਰੀ ਲਾਹ ਗਈ, ਤੇ ਘਰਾਂ ਦੇ ਘਰ, ਟੱਬਰਾਂ ਦੇ ਟੱਬਰ, ਸੱਥਰ ਸੁਵਾ ਗਈ। ਫੇਰ ਧ੍ਰੋਹ ਨੇ ਬਲਦੀ ਤੇ ਤੇਲ ਪਾਯਾ, ਤੇ ਭਾਂਬੜ ਬਾਲਕੇ ਛੇਕੜ ਦੀ

ਬਾਜੀ ਮੁਕਾਤਾ ਚਾ ਲਾਯਾ। ਫੂਲਾ ਸਿੰਘ ਅਕਾਲੀ ਨੇ ਓਹ ਛੇਲੀ ਪਾਈ ਏ, ਕਿ ਰਹਿੰਦ ਖੂੰਹਦ ਦੀ ਜਾਨ ਵੀ ਮੁੱਠ ਵਿਚ ਆਈ ਏ।

ਕੁਤੁਬੁ ਦੀਨ—(ਆਮੁਹਾਰਾ)

ਹੜ੍ਹ ਛੁੱਟੇ ਤਕਦੀਰ ਦੇ, ਗਏ ਨੀਹਾਂ ਨੂੰ ਢਾਹ।
ਤੁੜ੍ਹ ਪੁੜ੍ਹ ਗਈਆਂ ਬੇੜੀਆਂ, ਕਿਸ ਕੰਮ ਫੇਰ ਮਲਾਹ।

ਹੁਨ ਲੜਨਾ ਫਜ਼ੂਲ ਏ। ਪਰਜਾ ਦੀ ਤਬਾਹੀ ਰਾਜ ਦੀ ਤਬਾਹੀ ਦਾ ਮੂਲ ਏ। ਦੋ ਚਾਰ ਸਰਬੰਧੀ ਰਹਿ ਗਏ ਨੇ। ਬਾਕੀ ਸ਼ਹਾਦਤ ਦਾ ਟਿੱਕਾ ਲੈ ਗਏ ਨੇ। ਚਲੋ, ਅਪਨੇ ਅਮਲਾਂ ਦਾ ਚੁਪੱੜ੍ਹਾ ਫੋਲੋ, ਤੇ ਕਿਲੇ ਦਾ ਬੂਹਾ ਖੋਲ੍ਹੋ।

(ਦਰਵਾਜਾ ਖੋਲਕੇ ਨਿਕਲ ਜਾਂਦਾ ਏ)

ਰੂਪ—੯ । ਮਹਾਰਾਜ ਦਾ ਡੇਰਾ ।

ਮਹਾਰਾਜ—ਹਨੇਰ ਸਾਈਂ ਦਾ! ਤਿਨ ਮਹੀਨੇ ਢੁੱਕਨ ਲਗੇ ਨੇ, ਅਜੇ ਕੁਤੁਬੁ ਦੀਨ ਅੜਿਆ ਬੈਠਾ ਏ!

[ਫਤੇ ਸਿੰਘ ਆਹਲੂਵਾਲੀਆ ਆਉਂਦਾ ਏ।]

ਮਹਾਰਾਜ—ਰਾਜਾ ਫਤੇ ਸਿੰਘ, ਸੁਨਾਓ, ਲੜਾਈ ਦਾ ਕੀ ਹਾਲ ਏ?

ਫਤੇ ਸਿੰਘ—ਮਹਾਰਾਜ, ਫੂਟਾ ਸਿੰਘ ਘੁਮਾਨ ਫਤੇ ਗਜਾ ਗਿਆ।

ਮਹਾਰਾਜ—ਹਾ! ਹਾ! ਏਡਾ ਵਡਾ ਸੂਰਮਾ ਯਾਰੀ ਤੁੜਾ ਗਿਆ?

ਫਤੇ ਸਿੰਘ—ਲੱਖਾ ਸਿੰਘ ਹੋਰਾਂ ਵੀ ਜਾਂਦੀ ਵਾਰ ਦਾ ਸਤਿ ਸ੍ਰੀ ਅਕਾਲ ਬੁਲਾ ਦਿੱਤਾ ਜੇ।

ਮਹਾਰਾਜ—ਹਾ ! ਹਾ ! ਹਾ ! ਮੈਂ ਅਜ ਤ੍ਰੈ ਵਾਰੀ ਓਹਨੂੰ ਲੜਦਿਆਂ ਡਿੱਠਾ ਏ। ਸਿਰ ਤੋਂ ਪੈਰਾਂ ਤਾੜੀ ਲਹੂ ਨਾਲ ਭਿੱਜਾ ਹੋਯਾ, ਘੋੜਾ ਮੁੜ੍ਹਕੋ ਮੁੜ੍ਹਕਾ ਤੇ ਨੰਗੀ ਤਲਵਾਰ ਘੁਕਾਂਦਾ।

ਫਤੇ ਸਿੰਘ—ਮੈਂ ਆਉਂਦੀ ਵਾਰ ਮਦਾਨ ਵਿਚ ਡਿਗਾ ਹੋਯਾ ਡਿੱਠਾ, ਅਤਰ ਸਿੰਘ ਨੂੰ ਆਖੇ, "ਠਹਿਰ ਬੇਲੀਆ, ਕੱਠੇ ਸਚ ਖੰਡ ਨੂੰ ਜਾਈਯੇ। ਤੂੰ ਤੇ ਮੈਂ ਸੰਗੀ ਆਂ। ਜੀਉਂਦਿਆਂ ਵੀ ਕਠੇ ਰਹੇ, ਕਠੇ ਲੜੇ ਤੇ ਕਠੇ ਬਹਾਦਰੀ ਦਾ ਟਿੱਕਾ ਲਿਆ"। ਏਹ ਨੁਨਕੇ ਮੈਂ ਕੋਲ ਜੋ ਗਿਆ ਤੇ ਮੈਨੂੰ ਕਹਿਨ ਲਗਾ, "ਲਓ ਰਾਜਾ ਜੀ, ਫਤੇ। ਮਹਾਰਾਜ ਦੇ ਚਰਣਾਂ ਵਿਚ ਮੇਰੀ ਫਤੇ ਬੁਲਾ ਦੇਨੀ।" ਏਹ ਗਲ ਆਖਕੇ ਲਿਬੜੇ ਹੋਏ ਹੱਥੀਂ ਅਤਰ ਸਿੰਘ ਨੂੰ ਜੱਫੀ ਮਾਰਕੇ ਚਿੱਤ ਲੇਟ ਗਿਆ, ਜਿਵੇਂ ਕਦੋਕਨਾ ਸੁੱਤਾ ਹੋਯਾ ਹੁੰਦਾ ਏ। ਮੇਰਾ ਰੋਣ ਠੱਲਿਆ ਨ ਗਿਆ।

ਮਹਾਰਾਜ—ਵਾਹਗੁਰੂ, ਵਾਹਗੁਰੂ ! ਤੁਹਾਨੂੰ ਕੀ ਆਖਾਂ ? ਮੈਥੋਂ ਆਪ ਰੋਣ ਠੱਲਿਆ ਨਹੀਂ ਜਾਂਦਾ। ਲਖਾ ਸਿੰਘ ਤੇ ਅਤਰ ਸਿੰਘ ਦਾ ਸਸਕਾਰ ਕੀਤਾ ਜਾਯੇ।

ਫਤੇ ਸਿੰਘ—ਹਾਂ ਮਹਾਰਾਜ, ਆਦਮੀ ਲੋਥਾਂ ਲੈ ਆਏ ਨੇ।

ਮਹਾਰਾਜ—ਸਾਡੇ ਵਲੋਂ ਬੜੇ ਵਡਮੁਲੇ ਦੁਸ਼ਾਲੇ ਓਹਨਾਂ ਤੇ ਪਾਏ ਜਾਨ, ਰਾਗੀ ਨਾਲ ਜਾਨ ਤੇ ਫੌਜੀ ਮਰਯਾਦਾ ਨਾਲ ਸਸਕਾਰ ਕੀਤੇ ਜਾਨ।

[ਨਿਧਾਨ ਸਿੰਘ ਸਰਾਖਾ ਆਉਂਦਾ ਏ]

ਮਹਾਰਾਜ—ਸਰਦਾਰ ਨਿਧਾਨ ਸਿੰਘ, ਲੜਾਈ ਦਾ ਕੀ ਹਾਲ ਏ ?

ਨਿਧਾਨਸਿੰਘ—ਮਹਾਰਾਜ, ਆਪਦਾ ਪ੍ਰਤਾਪ ਵੈਰੀ ਦੇ ਭਾ ਦਾ ਮਹਾਂ ਕਾਲ ਏ ।

ਮਹਾਰਾਜ—ਨਹੀਂ, ਨਹੀਂ, ਤੁਸੀ ਫੋਕੀਆਂ ਬੰਦੂਕਾਂ ਚਲਾਂਦੇ ਓ । ਤੇ ਵਿਚ ਦਾਰੂ ਸਿੱਕਾ ਨਹੀਂ ਪਾਂਦੇ ਓ ।

ਨਿਧਾਨਸਿੰਘ—ਮਹਾਰਾਜ, ਬੰਦੂਕਾਂ ਵਿਚਾਰੀਆਂ ਦੇ ਕੀ ਅਖਤਿਆਰ ਏ । ਆਪਦਾ ਪ੍ਰਤਾਪ ਸਭ ਬੰਦੂਕਾਂ ਦਾ ਸਰਦਾਰ ਏ । ਜਦ ਓਹ ਪੂਰਾ ਜੋਰ ਵਿਖਾਏਗਾ । ਕੁਤੁਬੁ ਦੀਨ ਹਾਰ ਕੇ ਆਪਦੀ ਸ਼ਰਣ ਆਏਗਾ ।

ਮਹਾਰਾਜ—ਤਦ ਮੇਰਾ ਪ੍ਰਤਾਪ ਭਾਵੇਂ ਥੋਥਾ ਪੈਗਿਆ ?

ਨਿਧਾਨਸਿੰਘ—ਨਹੀਂ, ਮਹਾਰਾਜ, ਆਪਦਾ ਪ੍ਰਤਾਪ ਦੁਸ਼ਮਨ ਦੇ ਦਿਲਤੇ ਬਹਿ ਗਿਆ । ਵੇਖਾਂ ਕੇਡੀਆਂ ਲਹਿਰਾਂ ਪਿਆ ਵਖਾਂਦਾ ਏ ? ਦੁਸ਼ਮਨ ਦੀ ਬੇੜੀ ਵਿਚ ਬੋੜ ਪਾ ਪਾ ਘੁੰਮਨ ਘੇਰਾਂ ਵਲ ਖਿੱਚੀ ਜਾਂਦਾ ਏ । ਜਿਵੇਂ ਬਕਰੇ ਦੀ ਲੋਥ ਝਟਕਾਯਾਂ ਚਿਰ ਤਾੜੀ ਤੜਫਾਟੇ ਖਾਂਦੀ ਏ । ਓਕਨ ਕੁਹੀਂਦੇ ਵੈਰੀ ਦੀ ਨਾੜ ਨਾੜ ਵੀ ਛੇਕੜਲਾ ਰੌਲਾ ਪਈ ਪਾਂਦੀ ਏ । ਹੁਨ ਕੋਈ ਘੜੀ ਦਾ ਈ ਅਟਕਾ ਏ । ਕੁਸੂਰ ਲਿਆ ਸਮਝੋ ।

[ਨਿਧਾਨ ਸਿੰਘ ਪੰਜਹੱਥਾ ਭੱਜਾ ਭੱਜਾ ਆਉਂਦਾ ਏ]

ਨਿਧਾਨਸਿੰਘ—ਮਹਾਰਾਜ, ਕੁਸੂਰ ਫਤੇ ਗਜਾ ਗਿਆ ।

ਮਹਾਰਾਜ—ਵਾਹ ! ਵਾਹ ! ਗੁਰੂ ਮਹਾਰਾਜ ਇਜਤ ਦਾ ਸੇਹਰਾ ਦੁਵਾ ਗਿਆ । ਸੁਨਾਓ ਪਹਿਲੋ ਕਿਸ ਮੋਹਦ ਕੀਤਾ ਏ?

ਨਿਧਾਨਸਿੰਘ—ਸਚੇ ਪਾਤਸ਼ਾਹ, ਫੂਲਾ ਸਿੰਘ ਅਕਾਲੀ।

ਮਹਾਰਾਜ—ਹਛਾ, ਫੂਲਾ ਸਿੰਘ ਹੋਰੀਂ ਨੱਗਰ ਪੈਰ ਜਾ ਪਾਯਾ।

ਨਿਧਾਨਸਿੰਘ—ਮਹਾਰਾਜ, ਆਪਦਾ ਪੀਲਾ ਝੰਡਾ ਨੱਗਰਦੇ ਵਿਚਕਾਰ ਜਾ ਲਾਯਾ। (ਸ਼ਮੀਰ ਸਿੰਘ ਨੇਠਰ ਆਉਂਦਾ ਏ)

ਸ਼ਮੀਰ ਸਿੰਘ—ਸਚੇ ਪਾਤਸ਼ਾਹ, ਫਤੇ ਦੀਆਂ ਵਧਾਈਆਂ। ਨਵਾਬ ਕੁਤੁਬੁ ਦੀਨ ਆਪਦੇ ਹੁਕਮ ਦੀ ਉਡੀਕ ਵਿਚ ਬਾਹਿਰ ਖਲਾ ਏ।

ਮਹਾਰਾਜ—ਕਿਸ ਫੜ ਕੇ ਆਂਦਾ ਏ?

ਸ਼ਮੀਰ ਸਿੰਘ—ਮਹਾਰਾਜ ਕਿਸੇ ਨਹੀਂ ਫੜਿਆ। ਫੌਜ ਮਰ ਖਪ ਗਈ। ਆਸ ਕੋਈ ਨ ਰਹੀ। ਦਿਲ ਨੂੰ ਛੋਲ ਪਿਆ। ਕੱਲਾ ਬੈਂਦਰ ਗਿਆ। ਝੱਟ ਕਿਲੇ ਦਾ ਬੂਹਾ ਲਾਹਿਅ ਤੇ ਆਪਦੇ ਪਾਸ ਭੱਜਾ ਆਯਾ।

ਮਹਾਰਾਜ—ਹਛਾ, ਪੁਛਿਆ ਜੇ, ਕੀ ਚਾਹੰਦਾ ਏ?

ਸਮੀਰ ਸਿੰਘ—ਮਹਾਰਾਜ, ਆਪਨੀ ਬਾਂਹ ਆਪਦੇ ਹੱਥ ਫੜਾਂਦਾ ਏ।

ਮਹਾਰਾਜ—ਹਛਾ, ਪਰਲੇ ਤੰਬੂ ਵਿਚ ਡੇਰਾ ਲਵਾ ਦਿਓ। ਤੇ ਤਗੜਾ ਪੈਹਰਾ ਰਖਾ ਦਿਓ। ਪ੍ਰਭਾਤੇ ਗਲ ਕਰਾਂਗੇ।

ਸ਼ਮੀਰ ਸਿੰਘ—ਬਹੁਤ ਹਛਾ ਮਹਾਰਾਜ। (ਚਲਾ ਜਾਂਦਾ ਏ।)

ਮਹਾਰਾਜ—ਸਰਦਾਰ ਨਿਹਾਲ ਸਿੰਘ, ਗਲੀਆਂ ਬਜਾਰਾਂ ਵਿਚ ਤਗੜਾ ਪੈਹਰਾ ਕੀਤਾ ਜਾਵੇ। ਮੁਨਸ਼ੀ ਸਰਬ ਦਿਆਲ ਕਿਲੇ ਵਿਚ ਜਾਵੇ, ਖਜਾਨੇ ਤੋਸ਼ੇ ਖਾਨੇ ਤੇ ਮਹਿਲਾਂ ਨੂੰ ਜੰਦਰੇ

ਲਗਾਵੇ। ਰੁਪਏ ਪੈਸੇ ਤੇ ਮਾਲ ਮੱਤੇ ਦਾ ਵੇਰਵਾ ਲਿਖਿਆ ਜਾਵੇ। ਤੇ ਮਿਸਰ ਬੇਲੀ ਰਾਮ ਨੂੰ ਲਾਹੌਰ ਪੁੰਚਾਯਾ ਜਾਵੇ। ਕਲ ਫਤੇ ਦਾ ਦਰਬਾਰ ਲਗੇ। ਕੁਤਬੇ ਦੇ ਆਦਮੀ ਜਗਹ ਸਜਾਨ। ਮੋਰਾਂ ਤੇ ਸਾਹਿਬੋ ਮੁਜਰਾ ਵਖਾਨ॥

ਰੂਪ—੯। ਫਤੇ ਦਾ ਦਰਬਾਰ।

[ਮਹਾਰਾਜ ਦੇ ਆਲੇ ਦਵਾਲੇ ਸਭ ਸਰਦਾਰ ਬੈਠੇਨੇ।]

ਰਾਜਾ ਫਤੇ ਸਿੰਘ— ਮਹਾਰਾਜ, ਸਭ ਫੌਜ ਵਲੋਂ ਆਪਨੂੰ ਬਹੁਤ ਬਹੁਤ ਵਧਾਈ ਹੋਵੇ।

ਮਹਾਰਾਜ—ਅਕਾਲ ਪੁਰਖ ਨੇ ਕੁਸੂਰ ਵਲੋਂ ਬੜੀ ਲਾਜ ਰਖੀ। ਅਸੀ ਫੌਜ ਵਲੋਂ ਬੜੇ ਖੁਸ਼ੀ ਆਂ। ਸਭ ਸਰਦਾਰਾਂ ਅਪਨੇ ਕੰਮ ਨੂੰ ਚੰਗੀ ਤਰਾਂ ਨਿਬਾਹਿਆ। ਤੇ ਪਿਛੇ ਪੈਰ ਨਹੀਂ ਹਟਾਯਾ। ਅਸੀ ਸਭਦਾ ਹੁੱਦਾ ਵਧਾਂਗੇ।

ਫਤੇ ਸਿੰਘ—ਮਹਾਰਾਜ, ਸ਼ਮੀਰ ਸਿੰਘ ਠੇਠਰ ਨੇ ਬੜੀ ਤਲਵਾਰ ਵਾਹੀ ਏ।

ਮਹਾਰਾਜ— ਅਸਾਂ ਤੇ ਸੁਨਿਆ ਸੀ ਕਿ ਓਹ ਮਰ ਈ ਚਲਿਆ ਸੀ?

ਫਤੇ ਸਿੰਘ—ਸ਼ਮੀਰ ਸਿੰਘ ਤੀਰ ਚਲਾਨਵਿਚ ਬੜਾਗੁਣੀ ਏ।

ਮਹਾਰਾਜ— ਹਾਂ ਅਸਾਂ ਵੀ ਏਹਦੀ ਬਹਾਦਰੀ ਦੀ ਸਿਫਤ ਸੁਨੀ ਏ।

ਫਤੇ ਸਿੰਘ—ਜਦ ਵਾਸਲ ਖਾਂ ਨਾਲ ਮੱਥਾ ਲਾਇਓ ਸੂ। ਤਦ ਬੜਾ ਤੀਰਾਂ ਦਾ ਮੀਂਹ ਵਸਾਯੋ ਸੂ। ਓਸ ਵੀ ਕੌੜ ਖਾ ਕੇ

ਗੋਲੀਆਂ ਦੀ ਝੜੀ ਲਾਈ ਤੇ ਸ਼ਮੀਰ ਸਿੰਘ ਦੇ ਭਾ ਦੀ ਭਾਰੀ ਆਫਤ ਮਚਾਈ ।

ਮਹਾਰਾਜ—ਗੋਲੀਆਂ ਅੱਗੇ ਤੀਰ ਕੀ ਪੋਹੰਦੇ ਨੇ ?

ਫਤੇਸਿੰਘ—ਨਿਧਾਨ ਸਿੰਘ ਦੂਰੋਂ ਤਾੜਕੇ ਆਯਾ ਤੇ ਓਸ ਸ਼ਮੀਰ ਸਿੰਘ ਨੂੰ ਛਾਨਨੀ ਹੋਨੋਂ ਬਚਾਯਾ ॥

ਮਹਾਰਾਜ- ਨਿਧਾਨਸਿੰਘ ਬੜਾ ਬਹਾਦੁਰ ਤੇ ਸੂਰਮਾ ਏ। ਮੁਨਸ਼ੀ ਸਰਬ ਦਿਆਲ ਪਰਵਾਨਾ ਬਨਾਏ, ਤੇ ਪੱਤੋਕਿਆਂ ਦੀ ਜਾਗੀਰ ਨਿਧਾਨ ਸਿੰਘ ਦੇ ਨਾਂ ਲਾਏ। ਭਿੜਵਾਲ ਦੀ ਰੱਖ ਸ਼ਮੀਰ ਸਿੰਘ ਨੂੰ ਦਿੱਤੀ ਜਾਯੇ। ਹੇਮ ਸਿੰਘ ਘਨਈਏ ਨੂੰ ਰੁਖਾਂਵਾਲੇ ਦੀ ਜਾਗੀਰ ਤੇ ਪੰਜ ਹਜਾਰੀ ਦਾ ਹੁੱਦਾ। ਜੱਸਾ ਸਿੰਘ ਰਾਮਗੜੀਆ,ਸਾਹਿਬਸਿੰਘ ਪਟਿਆਲੇ ਵਾਲਾ,ਚੇਤਸਿੰਘ ਭੰਗੀ ਤੇ ਭਾਗਸਿੰਘ ਜੀਂਦ ਦਾ ਰਾਜਾ ਦਸ ਹਜਾਰੀ ਦੇ ਹੁੱਦੇਦਾਰ ਕੀਤੇ ਜਾਨ। ਰਾਜਾ ਫਤੇਸਿੰਘ ਤੇ ਧਰਮ ਸਿੰਘ ਸਤ ਹਜਾਰੀ ਦਾ ਹੁੱਦਾ ਪਾਨ। ਮੰਡੀ, ਸੁਕੇਤ ਤੇ ਕਾਂਗੜੇ ਦੇ ਰਾਜੇ ਪੰਜ ਹਜਾਰੀ। ਸਰਦਾਰ ਗਰਭਾ ਸਿੰਘ ਇਕ ਹਜਾਰੀ। ਸਰਦਾਰ ਨਿਹਾਲਸਿੰਘ ਅਟਾਰੀ ਵਾਲੇ ਨੂੰ ਪੰਜ ਸੌ ਸਵਾਰ ਦਾ ਹੁੱਦਾ। ਮਿੱਤ ਸਿੰਘ ਭੜਾਨਿਆਂ ਅਤਰ ਸਿੰਘ ਧਾਰੀ ਵੀ ੫੦੦ ਸਵਾਰ ਦੇ ਹੁੱਦੇ ਦਾਰ। ਮਲਖਾ ਸਿੰਘ ਰਾਵਲਪਿੰਡੀਆ ੭੦੦ ਪਿਆਦੇ ਦਾ ਹੁੱਦੇਦਾਰ। ਦੇਸਾ ਸਿੰਘ ਮਜੀਠੀਆ ਤੇ ਨੋਧਸਿੰਘ ੪੦੦ ਸਵਾਰ ਦੇ ਹੁੱਦੇਦਾਰ। ਰੋਸ਼ਨ ਖਾਂ ਤੇ ਸ਼ੇਖ ਅਬਾਦੁੱਲਾ ਦੋ ਹਜਾਰੀ। ਭਾਗਸਿੰਘ ਮਰਾਲੀ ਵਾਲੀਆ ੫੦੦ ਸੁਾਰ ਦਾ ਅਫ-ਸਰ। ਹੁਕਮ ਸਿੰਘ ਚਿਮਨੀ ਤੇ ਗੌਸੇਖਾਂ ਤੋਪਖਾਨੇ ਦੇ ਅਫ-

ਸਰ। ਹਰੀ ਸਿੰਘ ਨਲੂਵਾ ੯੦੦ ਸੁਆਰ ਤੇ ਪਿਆਦੇ ਦਾ ਹੁੱਦੇਦਾਰ। ਸਭ ਨਕਈ ਸਰਦਾਰ ਚਾਰ ਹਜਾਰੀ। ਸਰਦਾਰ ਗੁਲਾਬ ਸਿੰਘ ਮਾਨ ਨੂੰ ਜਾਗੀਰ ਦਿਤੀ ਜਾਯੇ ਤੇ੪੦੦ ਸੁਆਰ ਦਾ ਹੁੱਦਾ ਪਾਯੇ।

(ਸਭ ਸਰਦਾਰ ਉਠਕੇ ਸਲਾਮੀ ਦੇਂਦੇ ਨੇ)

ਮਹਾਰਾਜ–ਮੁਨਸ਼ੀ ਸਰਬਦਿਆਲ, ਲਿਖੋ। ਸਤਲੁਜੋਂ ਉਰਾਰ ਕੁਸੂਰ ਚੂਨੀਆਂ ਤੇ ਖੁੱਡੀਆਂ ਦਾ ਤੱਪਾ ਸਰਕਾਰੀ ਰਾਜ ਵਿਚ ਮਿਲਾਯਾ ਗਿਆ। ਸਭ ਰਈਸਾਂ ਤੇ ਸਰਦਾਰਾਂ ਤੇ ਨਜ਼ਰਾਨਾ ਲਾਯਾ ਗਿਯਾ।

ਮੁਨਸ਼ੀ–ਬਹੁਤ ਹਛਾ ਸਚੇ ਪਾਤਸ਼ਾਹ।

ਮਹਾਰਾਜ–ਸਰਦਾਰ ਗੁਲਾਬ ਸਿੰਘ ਮਾਨ ਫੌਜ ਲੈਕੇ ਜਾਵੇ ਤੇ ਨਵਾਬ ਕੁਤੁਬੁਦੀਨ ਦਾ ਮਮਦੋਟ ਤੇ ਕਬਜ਼ਾ ਕਰਾਵੇ।

ਮੁਨਸ਼ੀ–ਬਹੁਤ ਅਛਾ ਮਹਾਰਾਜ। ਪਰਵਾਨੇ ਤਿਆਰ ਹੋ ਗਏ।

ਮਹਾਰਾਜ–ਏਹਨਾਂ ਦੀ ਇਕ ਪਰਤ ਸਭ ਥਾਂਈ ਘੱਲੀ ਜਾਯੇ।

ਮੁਨਸ਼ੀ–ਬਹੁਤ ਹਛਾ ਸਰਕਾਰ।

ਮਹਾਰਾਜ–ਹਾਂ, ਹੁਨ ਮੋਰਾਂ ਤੇ ਸਾਹਿਬੋ ਮੁਜਰਾ ਵਖਾਨ।

(ਮੋਰਾਂ ਤੇ ਸਾਹਿਬੋ ਅੰਦਰ ਆਉਂਦੀਆਂ ਨੇ।)

ਮਹਾਰਾਜ–ਹਾਂ ਕੋਈ ਨਵਾਂ ਰੰਗ ਬਝੇ।

(ਮੋਰਾਂ ਤੇ ਸਾਹਿਬੋ ਮੁਜਰਾ ਕਰਦੀਆਂ ਨੇ)

ਮਰਾਸੀ–ਮੈਂ ਬਿਰਹੌਂ ਦੀ ਬਾਵਰੀ, ਪ੍ਰੀਤਮ ਬੇ ਪਰਵਾਹ।
ਵਾਂਗ ਪਪੀਹੇ ਰੱਟਰਹੀ, ਪੀ ਪੀ ਸਦਾ ਉਲਾਹ।

ਸਾਹਬ—(ਗਾਂਉਂਦੀ ਏ)

ਚੰਨਾ ਬਾਹਲੜਿਆ, ਵੇ। ਤੇਨੂੰ ਦੁਨੀਆ ਸੀਸ ਨਿਵਾਯਾ। ਚੰਨਾ....
ਗਈ ਅਮੱਸਿਆ ਰਾਤ ਹਨੇਰੀ,
ਦੱਸ ਗਏ ਤਾਰੇ ਚਮਕ ਬਤੇਰੀ।
ਝਲਕ ਡਲਕ ਵਿਚ ਅੰਬਰ ਕਾਲੇ।
ਓੜਕ ਮੂੰਹ ਛੁਪਾਯਾ। ਚੰਨਾ:...
ਪਾਣੀ ਤੇ ਪਵਨ ਅਕਾਸ਼ ਤੇ ਧਰਤੀ,
ਸਭ ਥਾਂ ਰਸਭਰੀ ਚਾਨਣੀ ਵਰਤੀ।
ਖੁਸ਼ਕ ਦਿਲਾਂ ਤੇ ਪਏ ਪੁੰਗਾਰੇ,
ਜੋਬਨ ਨਵਾਂ ਵਧਾਯਾ। ਚੰਨ:...
ਭਲਿਆਂ ਕੌਲਾਂ ਦੇ ਵੇਖੋ ਮੂੰਹ ਕਹੇ ਖਿੜ ਪਏ,
ਬੁਰਿਆਂ ਖੂਹਾਂ ਦੇ ਹੁਨ ਰੂੰ ਰੂੰ ਛਿੱੜ ਪਏ।
ਦਰਸ਼ਨ ਨੂੰ ਸੰਸਾਰ ਸਮੁੰਦਰ,
ਉੱਛਲ ਉੱਛਲ ਚੜ੍ਹ ਆਯਾ। ਚੰਨਾ:....
ਸੁੰਦਰ ਸ਼ਿਆਮ ਅਤੁਲ ਛਬਿ ਨਿਆਰੀ,
ਵੇਖ ਫੁਟਕ ਪਈ ਲਖਸ਼ਮੀ ਭਾਰੀ।
ਛੱਡ ਛੁਡਾਕੇ ਹੋਰ ਘਰਾਣੇ,
ਨਿਹੌਂ ਤੇਰੇ ਵਿਚ ਲਾਯਾ। ਚੰਨਾ:....
ਮਸਤਕ ਤੇਜ ਅਤੁਲ ਛਬਿ ਸਾਜੇ,
ਵੇਖ ਨਿਵਨ ਤਾਰਾਗਣ ਰਾਜੇ।
ਜੱਸ ਕੀਰਤ ਇਕਬਾਲ ਦਿਨੋ ਦਿਨ,
ਹੁੰਦਾ ਜਾਵੇ ਸਵਾਯਾ। ਚੰਨਾ:..

ਮਹਾਰਾਜ—ਦਿਉ ਸਾਹਿਬੋ ਨੂੰ ਇਨਾਮ।

[ਮੋਰਾਂ ਉਠਦੀ ਏ। ਤੇ ਨਾਚ ਕਰਦੀਏ।]

ਮਰਾਸੀ—(ਨਾਚ ਦੇ ਪਿਛੋਂ)

ਦੇਖ ਬਸੰਤ ਸੁਹਾਵਨੀ, ਮਨ ਵਿਚ ਭਰਿਆ ਚਾ।
ਮੋਰ ਮਨਾਵੇ ਮੋਰਨੀ, ਮੋਰਾਂ ਪੈਲਾਂ ਪਾ।

ਮੋਰਾਂ—(ਗਾਉਂਦੀ ਏ)

ਨੀ, ਮੈਂ ਸ਼ਿਵ ਦਰਸ਼ਨ ਅਜ ਪਾਯਾ।
ਜਟਾ ਜੂਟ ਮੱਥੇ ਤਿਲਕ ਪ੍ਰਤਾਪੀ,
ਰੁਦਰ ਰੂਪ ਵਥਾਯਾ। ਨੀ ਮੈਂ....
ਸ਼ਿਵਜੀ ਮਸਤ ਅਲੱਸਤ ਰੰਗੀਲੇ,
ਮਾਹਾਰਾਜ ਮੇਰੇ ਛੈਲ ਛਬੀਲੇ।
ਚਿੱਟਾ ਘੋੜਾ ਸਜਿਆ ਨੰਦੀ ਗਣ,
ਤੇਗ ਤ੍ਰਿਸ਼ੂਲ ਸੁਹਾਯਾ। ਨੀ ਮੈਂ....
ਲਾਲਾਂ ਦਾ ਹਾਰ ਰੁੰਡਾਂ ਦੀ ਮਾਲਾ,
ਸੇ੍ਹੀ ਦੀ ਨੋਕ ਵਾਸੁਕੀ ਕਾਲਾ।
ਉੱਜਲ ਵੇਸ ਭਬੂਤ ਰਮਾ ਕੇ,
ਮੁਲਖ ਡੰਡੌਤ ਕਰਾਯਾ। ਨੀ ਮੈਂ....
ਆਕੜ ਖਾਂ ਕਈ ਮਹਾਂ ਬਲੀ ਯੋਧੇ,
ਮਹਿਖਾਸੁਰ ਭਸਮਾਸੁਰ ਸੋਧੇ।
ਭਗਤੀ ਭਾਵ ਜਿਸ ਨੇਮ ਨ ਕੀਤਾ,
ਜੰਮ ਕੇ ਦੁਵਾਰ ਪੁਚਾਯਾ। ਨੀ ਮੈਂ....
ਸੱਜਨ ਸੁਰ ਪਏ ਮੰਗਲ ਗਾਵਨ,
ਦੁਸ਼ਮਨ ਅਸੁਰ ਕਲੇਸ਼ ਉਠਾਵਨ।

ਚੋਟ ਨਕਾਰੇ ਦੀ ਡੌਰੂ ਵਾਂਗਰ,
ਸਭਸ ਨੂੰ ਧੁੜਕੂ ਪਾਯਾ। ਨੀ ਮੈਂ....
ਸਤਿਜੁਗ ਵਿਚ ਭਏ ਸ਼ਿਵ ਗੌਰੀਗੀ,
ਕਲਿਜੁਗ ਵਿਚ ਮਹਾਰਾਜ ਭੁਜੰਗੀ।
ਅੱਟਹਾਸ ਵਿਚ ਗ੍ਰਸ ਸਭ ਦੁਨੀਯਾਂ,
ਤਾਂਡਵ ਨਾਚ ਨਚਾਯਾ। ਨੀ ਮੈਂ....

—o—

ਮਹਾਰਾਜ—ਬੱਲੇ, ਮੋਰਾਂ।

ਦਰਬਾਰੀ—ਮੋਰਾਂ ਨੇ ਅਨੰਦ ਬੰਨ੍ਹ ਦਿਤਾ ਏ।

ਮਹਾਰਾਜ ਤੇ ਦਰਬਾਰੀ ਮੋਰਾਂ ਨੂੰ ਇਨਾਮ ਦੇਂਦੇ ਨੇ। [ਟੱਲੀ।

॥ ਝੂਗਾ ॥

ਰੂਪ—੧ । ਪਿੰਡ ਦਾ ਪਾਸਾ ।

ਮੁੰਡੇ ਖੇਡਦੇ ਨੇ। ਕੋਈ ਕਡੀ, ਕੋਈ ਕਿਰਲਕਾਂਘਾ,
ਕੋਈ ਘੜਬਿੱਲ ਬੱਚਾ।

ਫੱਜੂ—ਓਏ ਘੀਮਿਆਂ, ਆ, ਗੁਲੀ ਡੰਡਾ ਖਡੋਯੇ।

ਘੀਮਾ—ਨ ਭਾਈ ਕੌਡੀ ਜੱਫਲ ਖੇਡਾਂਗੇ ।

ਫੱਜੂ—ਵਾਹਵਾ! ਤੂੰ ਤੇ ਮੈਂ ਵਡੇ ਹਾਣੀ। ਲੈ ਭਾਈ ਬਾਕੀ ਡਿੱਕ ਲਓ ।

ਨਿਹਾਲਾ ਤੇ ਗਾਮਾ—ਵਡੇ, ਵਡੇ, ਹਾਣੀਓ ! ਕੋਈ ਲੈ ਬਾਬਾ ਤੇ ਕੋਈ ਲੈ ਛਾਬਾ ॥

ਫੱਜੂ—ਸਾਨੂੰ ਬਾਬੇ ਹੋਰੀ ਆਉਨ।

ਨਿਹਾਲਾ—ਮੈਂ ਜੇ ਬਾਬਾ ।(ਗਾਮੇ ਨੂੰ) ਜਾ ਭਾਈਆ ਛਾਬਿਆ ਘੀਮੇ ਵਲ ।

ਕੇਸਰ ਤੇ ਰੀਡੂ—ਵਡੇ ਵਡੇ ਹਾਣੀਓ ! ਡਿਕ, ਡਿਕ! ਡੋ, ਡੋ! ਕੋਈ ਲੈ ਚਾਚਾ ਤੇ ਕੋਈ ਲੈ ਤਮਾਚਾ ।

ਘੀਮਾ—ਸਾਡੇ ਵਲ ਚਾਚਾ ਆਵੇ।

ਰੀਡੂ—(ਕੇਸਰ ਨੂੰ) ਜਾ ਭਾਈ ਚਾਚਿਆ ।

ਫੱਜੂ—ਲੈ ਭਾਈ ਆਹ ਜੇ ਪਾਲਾ। ਪਹਿਲੀ ਵਾਰੀ ਸਾਡੀ। ਮੈਂ ਆਖਾ ਜੇ ਕੌਡੀ।

ਘੀਮਾ—ਨ ਭਾਈਆ, ਵਾਰੀ ਸਾਡੀ ਜੇ।

ਇਕ ਬੜਾ ਮੋਟਾ ਤਸੀਲਦਾਰ ਨਾਲ ਸਿਪਾਹੀ ਕੋਲੋਂ ਲੰਘਦੇ ਨੇ। ਮੁੰਡੇ ਖੇਡ ਛੱਡਕੇ ਵੇਖਨ ਲੱਗ ਪੈਂਦੇ ਨੇ।

ਗਾਮਾ—ਵੇਖੋ ਓਏ ਘੁਰਚਮੁੰਗਲਾ! ਬੱਲੇ! ਬਲੇ! ਬਲੇ! ਵੇਖੋ ਓਏ, ਏਹਦਾ ਢਿੱਡ ਕੇਡਾ ਏ?

ਫੱਜੂ—ਓ ਹੋੜੀਆਂ! ਸਹੁੰ ਪੀਰ ਦੀ, ਏਹ ਤੇ ਕੋਈ ਜੂਨ ਫਿੱਟੀ ਹੋਈ ਏ! ਵਾਹ ਓਏ ਨਾਈਆਂ ਦਿਆ ਛੜੇਲਿਆ!

ਘੀਮਾ—ਨਹੀਂ ਓਏ, ਕੁੱਪੇ ਨੂੰ ਪੈਰ ਲੱਗੇ ਹੋਏ ਨੇ। ਵੇਖਾਂ ਕੀਨਨ ਰਿੜ੍ਹਦਾ ਜਾਂਦਾ ਏ? ਵਾਹ ਓਏ ਲੱਧਿਆ ਜੁਆਣਾ!

ਨਿਹਾਲਾ—ਨਹੀਂ, ਓਏ। ਏਹ ਚੂੜ੍ਹਿਆਂ ਦਾ ਪੀਰ ਛੋਟਾ ਏ।

ਫੱਜੂ—ਮੱਲਾ ਜੀਆ, ਏਹ ਪਿਛਲੇ ਜਰਮ ਦਾ ਬਾਹਮਣਾਂ ਦਾ ਸੰਢ੍ਹਾ ਹੁੰਦਾ ਸੀ।

ਗਾਮਾ—ਭਾਈ ਸਹੁੰ ਕਰਾ ਲੈ। ਏਹ ਸ਼ੈਹਰੀਆ ਬਾਬੀ ਦਾ ਫੁੱਲਿਆ ਹੋਯਾ ਜੇ।

ਤਸੀਲਦਾਰ ਗੁੱਸੇ ਵਿਚ ਛੁੰਜਿਓਂ ਰੋੜਾ ਚੁੱਕਕੇ ਮੁੰਡਿਆਂ ਵਲ ਵਗਾਹਣਾ ਚਾਹੁੰਦਾ ਏ। ਤੇ ਪੈਰ ਤਿਲਕ ਕੇ ਮੂਧੜੇ ਮੂੰਹ ਡਿੱਗ ਪੈਂਦਾ ਏ। ਮੁੰਡੇ ਚਿੜਕਿੱਲੀਆਂ ਮਾਰਦੇ ਹਸਦੇ ਹਸਦੇ ਦੋਹਰੇ ਹੁੰਦੇ ਨੇ। ਸਿਪਾਹੀ ਤਸੀਲਦਾਰ ਨੂੰ ਉਠਾਂਦੇ ਨੇ॥

ਤਸਲੀਦਾਰ—(ਪੱਗ ਸੰਭਾਲ ਕੇ) ਫੜੋ, ਓਏ! ਏਹਨਾਂ ਬਦਮਾਸ਼ਾਂ ਨੂੰ।

ਸਿਪਾਹੀ—ਹਜ਼ੂਰ, ਜਾਣ ਦਿਓ। ਏਹ ਪਿੰਡਾਂ ਦੇ ਮੁੰਡੇ ਸਿਰੇ ਦੇ ਢੀਠ ਹੁੰਦੇ ਨੇ। ਏਹਨਾਂ ਨੂੰ ਚੰਗੇ ਮੰਦੇ ਦੀ ਪਛਾਣ ਨਹੀਂ ਹੁੰਦੀ।

ਤਸੀਲਦਾਰ—ਨਹੀਂ, ਫੜੋ। ਵੇਖੋ ਹੁਣੇ ਪਛਾਣ ਆ ਜਾਏਗੀ। ਫੇਰ ਵੀ ਯਾਦ ਕਰਨਗੇ ਕਿ ਕੋਈ ਤਸੀਲਦਾਰ ਮਿਲਿਆ ਸੀ?

ਸਿਪਾਹੀ—ਹਜ਼ੂਰ, ਏਹਨਾਂ ਨੂੰ ਫੜਕੇ ਕੀਹ ਕਰਨਾ ਏ? ਕੋਈ ਵੱਡਾ ਹੋਵੇ ਤੇ ਸੁਆਦ ਵੀ ਔਣੇ।

ਤਸੀਲਦਾਰ—ਸੂਲਾਂ ਜੰਮਦੀਆਂ ਦੇ ਈ ਮੂੰਹ ਤ੍ਰਿਖੇ ਹੁੰਦੇ ਨੇ। ਸੱਪਾਂ ਦੇ ਬੱਚੇ ਜਮਾਂਦਰੂ ਡੰਗਣਾ ਸਿੱਖੇ ਹੁੰਦੇ ਨੇ। ਜੇ ਏਹਨਾਂ ਚੂਨੇ ਅਸਮਾਨ ਨੂੰ ਪਾੜ ਕੇ ਟਾਕੀ ਲਾਈ। ਤਦ ਕੱਲ੍ਹ ਨੂੰ ਅਰਸ਼ ਤੇ ਖ਼ੁਦਾ ਦੀ ਵੀ ਸ਼ਾਮਤ ਆਈ॥

ਸਿਪਾਹੀ ਮੁੰਡੇ ਫੜਨ ਨੂੰ ਭੱਜਦਾ ਏ। ਹੋਰ ਨੱਠ ਜਾਂਦੇ ਨੇ। ਬੱਚੂ ਤੇ ਗਾਮਾ ਕਾਬੂ ਆ ਜਾਂਦੇ ਨੇ।

ਬੱਚੂ—ਓਇ ਛੱਡ ਪਰਾਂ, ਜੂਠ ਮੁਲਖ ਦੀ, ਮੈਂ ਤੈਨੂੰ ਕੀਹ ਆਖਿਆ ਏ?

ਸਿਪਾਹੀ—ਸ਼ੈਤਾਨਾ, ਚਲ ਹਵਾਲਾਤੇ। ਤੂੰ ਤਸੀਲਦਾਰ ਸਾਹਿਬ ਨੂੰ ਗਾਲ੍ਹਾਂ ਕੱਢੀਆਂ ਨੇ।

ਗਾਮਾ—ਭਾਈਆ, ਮੈਂ ਨਹੀਂ ਜਾਂਦਾ! ਮੈਂ ਪੱਠੇ ਲਿਆਉਣੇ ਨੇ।

ਬੱਚੂ—ਓਏ ਐਸੀ ਤੈਸੀ ਤੇਰੇ ਸਤੀਲਦਾਰ ਦੀ, ਤੇ ਐਸੀ ਤੈਸੀ ਗਾਲ੍ਹਾਂ ਕੱਢਣ ਵਾਲੇ ਦੀ। ਕੇਹੜੇ ਬੇਈਮਾਨ ਗਾਲ੍ਹਾਂ ਕੱਢੀਆਂ ਨੇ?

ਸਿਪਾਹੀ—ਬੱਚੂ, ਹਵਾਲਾਤ ਨੂੰ ਚਲੋ।

(ਖਿੱਚ ਕੇ ਦੋਹਾਂ ਨੂੰ ਅੱਗੇ ਲਾਂਦਾ ਏ)

ਮੁੰਡੇ—ਓਏ, ਚਲੋ। ਫੱਜੇ ਦੇ ਘਰ ਜਾਕੇ ਆਖੀਏ!

[ਮੁੰਡੇ ਜਾਂਦੇ ਨੇ। ਬੱਚੂ ਤੇ ਗਾਮੇ ਦਾ ਵੱਡਾ ਭਰਾ ਬੰਤਾ ਅੱਗੋਂ ਮਿਲਦਾ ਏ]

ਬੰਤਾ—ਓਏ, ਨਿਹਾਲਿਆ? ਓਏ, ਘੰਮਿਆ? ਓਏ, ਗਾਮੇ ਹੋਰੀਂ ਕਿੱਥੇ ਜੇ?

ਨਿਹਾਲਾ—ਓਏ ਭਾਈਆ, ਓਹ ਤੇ ਦੋਵੇਂ ਫੜੇ ਗਏ ਨੇ।

ਸ਼ੰਡਾ—ਓਏ, ਕਿਸ ਫੜੇਨੇ? ਐਸੀ ਤੈਸੀ ਫੜਨਵਾਲੇ ਦੀ!

ਨਿਹਾਲਾ—ਓਏ ਜੇਹੜਾ ਏ ਨ ਵੱਡੇ ਢਿਡ ਵਾਲਾ ਸਤੀਲਦਾਰ। ਓ, ਜੇਹੜਾ ਸ਼ੈਹਰੋਂ ਆਉਂਦਾ ਏ। ਓਹ ਜੇਹੜਾ ਓਦਨ ਚਾਚੇ ਸਮੰਦੇ ਦੇ ਮੰਨ੍ਹੇ ਤੇ ਆਯਾ ਸੀ! ਓਹਨੇ।

ਸ਼ੰਡਾ—ਓਏ, ਕਾਹਦੇ ਤੋਂ?

ਨਿਹਾਲਾ—ਓਏ, ਅਸੀ ਕੌਡੀ ਖੇਡਨ ਲੱਗੇ ਸਾਂ। ਤੇ ਸਤੀਲਦਾਰ ਢਿੱਡ ਲੈਕੇ ਸਾਡੇ ਕੋਲੋਂ ਦੀ ਲੰਘਿਆ। ਗਾਮੇ ਦਾ ਹਾਸਾ ਜੋ ਨਿਕਲਿਆ, ਸਤੀਲਦਾਰ ਮੂਧੜੇ ਮੂੰਹ ਡਿੱਗ ਪਿਆ। ਬੱਸ ਭਾਈਆ, ਓਹਨਾਂ ਗਾਮੇ ਨੂੰ ਫੜ ਲਿਆ।

ਸ਼ੰਡਾ—ਐਸੀ ਤੈਸੀ ਵਿਚ ਗਈ ਤੁਹਾਡੀ ਕੌਡੀ। ਤੇ ਐਸੀ ਤੈਸੀ ਸਤੀਲਦਾਰ ਦੇ ਢਿੱਡ ਦੀ। ਓਹਨੂੰ ਤੁਸਾਂ ਡੇਗਿਆ ਸੀ?

ਘੰਮਾ—ਸਹੋਂ ਗੁਰਾਂ ਦੀ, ਓਹ ਤੇ ਆਪੇ ਡਿੱਗਾ ਸੀ? ਅਸੀ ਤੇ ਬੜੀ ਦੂਰ ਸਾਂ!

ਸ਼ੰਡਾ—ਓਏ, ਫੇਰ ਓਸ ਕਿਓਂ ਫੜਿਆ?

ਘੰਮਾ—ਓਏ ਭਾਈਆ, ਈਹੋ ਆਂਹਦਾ ਹੋਵੇਗਾ ਕਿ ਏਹਨਾਂ ਈ ਡੇਗਿਆ ਏ!

ਸ਼ੰਡਾ—ਹੁੰਦਾ ਏ ਸੌਹਰਾ ਸਤੀਲਦਾਰ, ਤੇ ਐਸੀ ਤੈਸੀ ਓਹਦੇ ਢਿੱਡ ਦੀ! ਡੰਗਰ ਭੁੱਖੇ ਮਰ ਗਏ ਨੇ, ਮੈਂ ਮੁੰਡਿਆਂ ਨੂੰ ਜਾਕੇ ਲਿਆਵਾਂ। [ਨਿਕਲ ਜਾਂਦਾ ਏ]

ਰੂਪ—੨ ਸ਼ੰਡਾਂ ਹਵਾਲਾਤ ਦੇ ਬੂਹੇ ਅੱਗੇ।

ਸ਼ੰਡਾ—(ਮੁੰਡਿਆਂ ਨੂੰ ਵੇਖਕੇ) ਓਏ, ਫੱਜੂ! ਓਏ, ਗਾਮੂ! ਓਏ ਕੀ ਹੋਇਆ ਵੱਜਾ ਜੇ?

ਮੁੰਡੇ (ਚੁੱਪ ਕਰਕੇ ਮੂੰਹ ਵਲ ਤਕਦੇ ਰਹਿੰਦੇ ਨ)

ਝੰਡਾ—ਓਏ ਕੂੰਦੇ ਕਿਉਂ ਨਹੀਂ ? ਏਥੇ ਕੀ ਪਏ ਕਰਦੇ ਓ ?

ਫੱਜੂ— (ਅੱਥਰੂੰ ਡੋਲ੍ਹ ਕੇ) ਓਏ ਕੁੱਝ ਵੀ ਨਹੀਂ, ਭਾਈਯਾ ਸਾਨੂੰ ਏਵੇਂ ਫੜਕੇ ਡੱਕ ਛੱਡਿਆ ਨੇ।

ਝੰਡਾ—ਏਸੀ ਤੇਸੀ ਡੱਕਨ ਵਾਲੇ ਦੀ। ਤੁਸੀ ਘਰ ਕਿਉਂ ਨਹੀਂ ਚਲਦੇ ?

ਗਾਮਾ—ਓਏ,ਕੋਈ ਜਾਨ ਵੀ ਦੇ। ਏਵੇਂ ਬਦੋਬਦੀ ਫੜ ਆਂਦਾ ਨੇ।

ਝੰਡਾ—ਏਸੀ ਤੇਸੀ ਫੜਨ ਵਾਲੇ ਦੀ। ਤੁਸੀ ਘਰ ਚੱਲੋ।

ਗਾਮਾ—ਓਏ ਭਾਈਯਾ, ਤੂੰ ਬੂਹਾ ਖੋਲ੍ਹ।

ਝੰਡਾ—(ਏਧਰ ਓਧਰ ਫਿਰਦਾ ਏ, ਬੂਹਾ ਖੜਕਾਂਦਾ ਏ, ਪਰ ਬੂਹਾ ਨਹੀਂ ਲਹਿੰਦਾ) ਓਏ ਕਿਸ ਬੂਹਾ ਮਾਰਿਆ ਏ ?

ਫੱਜੂ— ਓਏ ਜੇਹੜਾ ਸਤੀਲਦਾਰ ਏ। ਓਹਨੇ।

ਝੰਡਾ—ਐਸੀ ਤੈਸੀ ਸਤੀਲਦਾਰ ਦੀ। ਤੁਸਾਂ ਕੀਤਾ ਕੀਸੀ?

ਫੱਜੂ—ਸਹੋਂ ਅੱਲਾ ਦੀ! ਅਸਾਂ ਕੁਝ ਵੀ ਨਹੀਂ ਸੀ ਕੀਤਾ। ਸਾਡੇ ਕੋਲੋਂ ਇਕ ਘੁਰਚਮੁੰਗਲਾ ਜਿਹਾ ਲੰਘਿਆ। ਮੈਂ ਮੁੰਡਿਆਂ ਨੂੰ ਆਖਿਆ, ਵੇਖੋ ਓਏ ਏਹਦਾ ਢਿੱਡ ਕੇਡਾ ਏ। ਬੱਸ ਭਾਈਯਾ ਮੇਰੇ ਕਹਿਨ ਦੀ ਢਿੱਲ ਸੀ, ਕਿ ਸਤੀਲਦਾਰ ਮੇਰੇ ਗਲ ਪੈਗਿਆ। ਤੇ ਮੈਨੂੰ ਧੂਹ ਕੇ ਨਾਲ ਲੈ ਆਯਾ।

ਝੰਡਾ—ਬੱਸ, ਈਹੋ ਗਲ ?

ਫੱਜੂ—ਬੱਸ ਭਾਈਆ, ਈਹੋ ਗੱਲ !

ਝੰਡਾ—ਏਸੀ ਤੇਸੀ ਵਿਚ ਜਾਏ ਸਤੀਲਦਾਰ, ਤੁਸੀ

ਘਰ ਨੂੰ ਚੱਲੋ । ਮੱਝਾਂ ਭੁੱਖੀਆਂ ਮਰਗਈਆਂ ਨੇ !

[ਇਕ ਸਿਪਾਹੀ ਝੱਟ ਆਕੇ ਝੰਡੇ ਨੂੰ ਫੜ ਲੈਂਦਾ ਏ]

ਝੰਡਾ—ਓਏ ਮਖ ਬੰਦਾ ਬਨ, ਅਹਿਮਕ ਜਿਹਾ, ਹੱਥੀਂ ਪਿਆ ਪੈਂਦਾ ਏ !

ਸਿਪਾਹੀ—ਓਏ ਚੱਲ ਕੁਟਵਾਲੀ । ਤੂੰਨਾਲੇ ਹਵਾਲਾਤ ਦੇ ਜੰਦਰੇ ਵੱਢਨਾ ਏਂ, ਨਾਲੇ ਤਸੀਲਦਾਰ ਸਾਹਿਬ ਨੂੰ ਗਾਲ੍ਹਾਂ ਕੱਢਨਾਏਂ ?

ਝੰਡਾ—ਓਏ ਤੈਨੂੰ ਆਹਨਾਂ ਬੰਦਾ ਬਨ ਜਾ । ਵੇਖਾਂ,ਕੀਕਨ ਬਤੌਰੀ ਵਾਂਗਰ ਆਨੇ ਉਗਾਲਦਾ ਏ ਤੇ ਕੀਕਨ ਸਾਹਨੇ ਵਾਂਗਰ ਮੋਢੇ ਉਛਾਲਦਾ ਏ। ਮੈਂ ਮੁੰਡਿਆਂ ਨਾਲ ਗੱਲ ਪਿਆ ਕਰਨਾ ਵਾਂ, ਤੇ ਏਹ ਆਕੇ ਹੱਥੀਂ ਪੈਨ ਲਗ ਪਿਆ ਏ ! ਵੇਖਾਂ, ਕੇਹੜੇ ਵੇਲੇ ਦੇ ਘਰੋਂ ਆਏ ਹੋਏ ਨੇ ? ਜਹੀ ਤਹੀ ਤੇਰੇ ਸਤੀਲਦਾਰ ਦੀ ਤੇ ਜਹੀ ਤਹੀ ਗਾਲ੍ਹਾਂ ਕੱਢਨ ਵਾਲੇ ਦੀ । ਹੱਟ ਜਾ । ਹੁਨੇ ਹੜਬੁੱਚ ਮਾਰਕੇ ਦੰਦ ਬਾਹਰ ਕੱਢਨਾ ਊਂ ।

ਸਿਪਾਹੀ—ਏਸੀ ਤੈਸੀ ਤੇਰੇ ਮੁੰਡਿਆਂ ਦੀ, ਤੂੰ ਕੁਟਵਾਲੀ ਚੱਲ ।

ਝੰਡਾ—ਖਲੋ ਖਾਂ ਜੁਵਾਨ, ਤੇਰੀ ਤੇ ਮੈਂ ਭੁਗਤ ਸੁਵਾਰਾਂ । ਜਹੀ ਤਹੀ ਤੇਰੀ ਕੁਟਵਾਲੀ ਦੀ । ਕੁਟਵਾਲੀ ਹੋਵੇਗੀ ਤੇ ਅਪਨੇ ਘਰ ਹੋਵੇਗੀ । ਫਿੱਟਿਆ ਹੋਯਾ ਗਲ ਪਿਆ ਪੈਂਦਾ ਏ ।

[ਹੂਰਾ ਮਾਰਕੇ ਸਿਪਾਹੀ ਨੂੰ ਪਰਾਂ ਸੁੱਟਦਾ ਏ]

ਸਿਪਾਹੀ—ਹਾਲ ਓਏ, ਪਾਹਰਿਆ ਓਏ ! ਫੜੋ ਓਏ, ਫਿੱਟਿਆ ਹੋਯਾ ਜੱਟ ਨਾਲੇ ਗਾਲ੍ਹਾਂ ਕੱਢਦਾ ਏ, ਨਾਲੇ ਹੱਥੋ ਪਾਈ ਹੁੰਦਾ ਏ ॥ [ਦੋ ਸਿਪਾਹੀ ਆਕੇ ਝੰਡੇ ਨੂੰ ਫੜ ਲੈਂਦੇ ਨੇ]

ਇਕ ਸਿਪਾਹੀ–ਜਾਓ ਕੁਟਵਾਲ ਸਾਹਿਬ ਨੂੰ ਖਬਰ ਕਰੋ, ਮੌਕੇ ਤੇ ਆ ਕੇ ਵੇਖਨ ।।

[ਇਕ ਸਿਪਾਹੀ ਜਾਕੇ, ਕੁਟਵਾਲ ਨੂੰ ਬੁਲਾ ਲਿਆਉਂਦਾ ਏ]

ਕੁਟਵਾਲ–ਓਏ, ਏਹਨੂੰ ਕਿਓਂ ਫੜਿਆ ਜੇ ?

ਸਿਪਾਹੀ–ਹਜ਼ੂਰ ਏਹ ਹਵਾਲਾਤੋਂ ਕੈਦੀਆਂ ਨੂੰ ਨਸਾਂਦਾ ਸੀ, ਤੇ ਤਸੀਲਦਾਰ ਸਾਹਿਬ ਨੂੰ ਗਾਲਾਂ ਸੁਨਾਂਦਾ ਸੀ।

ਕੋਟਵਾਲ–(ਝੰਡੇ ਨੂੰ) ਕਿਓਂ ਓਏ ਬਦ ਤੁਖ਼ਮਾਂ, ਤੂੰ ਹਵਾਲਾਤੇ ਕਿਓਂ ਗਿਆ ਸਾਏਂ ? ਦੇ ਬਿਆਨ ਅਪਨੇ।

ਝੰਡਾ–ਹਜ਼ੂਰ ਜੀ, ਭਈ ਤੂੰ ਭਿਰਾ ਲੱਗਨਾ ਏਂ, ਨਿਰਾ ਅਨੱਘਰ ਈ। ਦੁਹਾਈ ਰੱਬ ਦੀ ਨਿਰਾ ਅਨੱਘਰ। ਐਸੀ ਤੈਸੀ ਸਤੀਲਦਾਰ ਦੀ ਤੇ ਐਸੀ ਤੈਸੀ ਗਾਲਾਂ ਕੱਢਨ ਵਾਲੇ ਦੀ। ਮੈਂ ਤੇ ਮੁੰਡਿਆਂ ਨਾਲ ਗੱਲ ਪਿਆ ਕਰਦਾ ਸਾਂ ।

ਕੋਟਵਾਲ–ਹਾਂ ਸਮਝ ਲਿਆ। ਜੇਹੜਾ ਮੁਜਰਮ ਸਜ਼ਾਯਾਬ ਹੋਯਾ ਏ ਓਹਦੇ ਵਰਗਲਾਨ ਦੇ ਜੁਰਮ ਦਾ ਤੇਥੋਂ ਇਰਤਕਾਬ ਹੋਯਾ ਏ । ਤਸੀਲਦਾਰ ਸਾਹਿਬ ਦੇ ਮੁਤੱਲਕ ਜੋ ਤੇਰਾ ਜਵਾਬ ਹੈ, ਉਸਤੋਂ ਤੌਹੀਨ ਅਦਾਲਤ ਦੇ ਜੁਰਮ ਦਾ ਇਰਤਕਾਬ ਹੈ । (ਸਿਪਾਹੀਆਂ ਵਲ ਵੇਖਕੇ) ਲੈ ਜਾਓ, ਓਏ ਏਹਨੂੰ ਹਵਾਲਾਤ ਵਿਚ। [ਸਿਪਾਹੀ ਘਸੀਟ ਕੇ ਝੰਡੇ ਨੂ ਲੇ ਜਾਂਦੇ ਨੇ ।]

ਰੂਪ–੩। ਤਸੀਲਦਾਰ ਦੀ ਕਚੈਹਰੀ।

[ਮਹੰਦਾ ਚੋਧਰੀ ਆਉਂਦਾ ਏ]

ਮਹੰਦਾ–ਸਤੀਲ ਦਾਰ ਜੀ, ਏਹ ਮੇਰੀ ਦਰਖਾਸ਼ ਏ।

ਸਰਿਸ਼ਤੇਦਾਰ– ਇਧਰ ਫੜਾ । (ਖੋਹਕੇ ਵੇਖਦਾ ਏ, ਤੇ ਵੇਖਕੇ) ਲੈ ਜਾ ਘਰ, ਏਹਦੇ ਤੇ ਕੋਰਟ ਫੀਸ ਨਹੀਂ ਲੱਗੀ।

ਮਹੰਦਾ--ਹਜ਼ੂਰ ਮੁੰਛੇ ਜਾਨਨ, ਅਸਾਂ ਕਦੀ ਕੋਟ ਪੀਸ ਨਹੀਂ ਖੋਹਿਆ।

ਸਰਿਸ਼ਤੇਦਾਰ--ਓਏ, ਮੀਆਂ ਦਰਖ਼ਾਤ ਤੇ ਕੋਟ ਫੀਸ ਲਾ॥

ਮਹੰਦਾ--ਦਰਖਾਸ਼ ਘੋਟ ਪੀਸ ਲਾਂ ? ਹਜ਼ੂਰ ਪੀਠੇ ਦਾ ਕੀ ਪੀਹਣਾ।

ਸਰਿਸ਼ਤੇਦਾਰ--ਚੌਧਰੀ ਖਜਾਨਚੀ ਨੂੰ ਅੱਠ ਆਨੇ ਦੇ, ਤੇ ਟਿਕਟ ਲੈਕੇ ਉੱਤੇ ਲਾ!

ਮਹੰਦਾ--ਵੇਖੋ ਓਏ ਕਹਿਰ ਸਾਂਈਂ ਦਾ। ਅੱਗੇ ਚਾਰ ਆਨੇ ਕਾਹਦੇ ਲਏ ਜੇ ? ਨਿੱਕੀ ਜਹੀ ਤੇ ਦਰਖਾਸ਼ ਏ।

ਸਰਿਸ਼ਤੇਦਾਰ--ਚੌਧਰੀ, ਓਹ ਚਾਰ ਆਨੇ ਸਰਕਾਰ ਦੇ ਘਰ ਨਹੀਂ ਗਏ। ਓਹ ਮੁਨਸ਼ੀ ਨੇ ਲਿਖਾਈ ਲਈ ਹੋਵੇਗੀ। ਏਹ ਅਠਿਆਨੀ ਸਰਕਾਰੀ ਏ।

ਮਹੰਦਾ--ਅੜਿਆ ਤੁਸੀ ਤੇ ਲਾਗ ਗਿਨਾਨ ਲੱਗ ਪਏ ਓ। ਕੋਈ ਧਰਮਸੁੱਦੀ ਗੱਲ ਕਰੋ। ਮੈਨੂੰ ਕੱਲਾ ਜਾਤਾ ਜੇ ?

ਸਰਿਸ਼ਤੇਦਾਰ--ਚੌਧਰੀ ਭਾਵੇਂ ਟੀਂ ਕਰ ਭਾਵੇਂ ਪੀਂ ਕਰ। ਟਿਕਟ ਲਾਏਂਗਾ ਤੇ ਦਰਖਾਸ਼ ਸੁਨੀ ਜਾਵੇਗੀ!

ਮਹੰਦਾ ਦਰਖਾਸਤ ਲੈਕੇ ਬਾਹਰ ਜਾਂਦਾ ਏ ਤੇ ਟਿਕਟ ਲਵਾਕੇ ਫੇਰ ਦੇਂਦਾ ਏ

ਸਰਿਸ਼ਤੇਦਾਰ--ਹਾਂ, ਏਹ ਦਰਖਾਸਤ ਠੀਕ ਏ।

ਮਹੰਦਾ--ਭੱਲਾ ਤੁਸੀ ਰਾਜੀ ਰਹੋ। ਸਾਡੀ ਸੁੱਖ ਏ।

ਸਰਿਸ਼ਤੇਦਾਰ--[ਮੋਹਰ ਲਾਕੇ, ਟਿਕਟ ਟੁੱਕ ਕੇ ਮੋੜਦਾ ਏ] ਜਾ, ਲੈਜਾ ਦੂਜੇ ਕਮਰੇ ਤਸੀਲਦਾਰ ਸਾਹਿਬ ਦੇ ਪੇਸ਼ ਕਰ।

ਮਹਿੰਦਾ--(ਢੁੱਕੇ ਹੋਏ ਟਿਕਟ ਨੂੰ ਵੇਖਕੇ) ਜੁਵਾਨ, ਏਹ ਕੀ ਛੁੱਰ ਪੁਣਾ ਕੀਤਾ ਈ? ਤੈਨੂੰ ਸਬੂਤ ਦਰਖਾਸ਼ ਦਿਤੀ ਸੀ, ਤੂੰ ਪਾੜੀ ਕਿਓਂ ਏ? ਭਲਾ ਮਾਨਸ ਬਨਕੇ ਏਹਨੂੰ ਸਬੂਤ ਕਰ।

ਸਰਿਸ਼ਤੇਦਾਰ--ਚੌਧਰੀ, ਏਹ ਮਨਜੂਰ ਹੋ ਗਈ ਏ।

ਮਹਿੰਦਾ--ਐਸੀ, ਤੈਸੀ ਤੇਰੀ ਮਨਜੂਰੀ ਦੀ! ਏਵੇਂ ਗੱਰ ਨ ਪਿਆ ਚਕ੍ਹਾ। ਤੂੰ ਹੁੰਦਾ ਕੌਨ ਸਾਏਂ ਮੇਰੀ ਦਰਖਾਸ਼ ਪਾੜਨ ਵਾਲਾ?

ਸਰਿਸ਼ਤੇਦਾਰ--ਚੌਧਰੀ, ਏਹ ਪਾਟੀ ਨਹੀਂ।

ਮਹਿੰਦਾ--ਜੁਆਨ ਤੂੰ ਅਨ੍ਹਾਂ ਏਂ? ਬੁੱਤ ਦਾ ਤੇ ਵੱਕਾ ਵੀ ਨਹੀਂ ਰਿਹਾ! ਤਦੇ ਆਹਨਾਂ ਸਾਏਂ, ਲਿਆ ਅਠਿਆਨੀ ਦਾ ਟਿੰਗਸ? ਚਲਾਕਾ ਭਾਰਾ! ਮੈਨੂੰ ਚਾਰਦਾ ਏ। ਹਾਲ ਓਏ, ਪਾਹਰਿਆ ਓਏ। ਵੇਖੋ, ਓਏ ਲੋਕੋ! ਮੈਂ ਦਿਨ ਦੀਵੀਂ ਲੁੱਟਿਆ ਗਿਆ।

ਸਰਿਸ਼ਤੇਦਾਰ--ਚੌਧਰੀ ਏਹ ਪਾਟੀ ਨਹੀਂ, ਮਨਜੂਰ ਹੋਈ ਏ।

ਮਹਿੰਦਾ--ਓਏ ਚੱਲ ਅਗਾਂ ਨੂੰ? ਕੇਡੀਆਂ ਚਤਰਾਈਆਂ ਸਾੜਦਾ ਏ! ਮੈਨੂੰ ਹੋਰ ਚੱਟੀ ਪੁਵਾਂਦਾ ਏ! ਭਲਾ ਮਾਨਸ ਬਨ ਕੇ ਮੇਰੇ ਪੈਸੇ ਧਰਦੇ। ਤੂੰ ਦਰਖਾਸ਼ ਜਾਨ ਕੇ ਪਾੜੀ ਏ। ਤੇਰਾ ਮੇਰਾ ਕਦੋਂ ਦਾ ਮਸ਼ਕੂਲਾ ਸੀ?

ਸਰਿਸ਼ਤੇਦਾਰ--ਓਏ ਖਫਤੀਆ! ਜਾ ਤਸੀਲਦਾਰ ਸਾਹਿਬ ਦੇ ਪੇਸ਼ ਕਰ ਦੇ।

ਮਹੰਦਾ—ਬੱਲੇ ਓਏ ਜੁਵਾਨਾ ! ਪਾਟੀ ਹੋਈ ਦਰਖਾਸ਼ ਸਤੀਲਦਾਰ ਕੋਲ ਲਿਜਾਂ, ਤੇ ਜੁੱਤੀਆਂ ਖਾਂ। ਫੇਰ ਤੇਨੂੰ ਲਭਦਾ ਫਿਰਾਂ ! ਕੇਡਾ ਸੋਢੀ ਸਰਾਫ ਈਹੋ ਰਹਿ ਗਿਆ ਏ ? ਕਰੇਂ ਤੂੰ, ਤੇ ਭਰਾਂ ਮੈਂ ? ਹੈਂ, ਨ ?

ਅਰਦਲੀ—ਚੌਧਰੀ ਦਰਖਾਸ ਲੈ ਜਾ, ਏਥੋਂ ਦਾ ਈਹੋ ਕਾਨੂਨ ਏ।

ਮਹੰਦਾ—ਸ਼ਾਹ ਜੀ ਜਿਹਨੂੰ ਮੈਂ ਪਾਟੀ ਹੋਈ ਦਰਖਾਸ਼ ਦਿਆਂਗਾ, ਓਹਨਾਂ ਭੁਵਾ ਕੇ ਮੇਰੇ ਮੱਥੇ ਮਾਰਨੀ ਏ। ਮੇਰੇ ਭਾ ਦਾ ਤੇ ਹੋਯਾ ਨ ਡਾਢਾ ਹਨੇਰ ! ਮੇਰਾ ਲੱਗਾ ਲਗਾਨਾ ਤੇ ਗਿਆ ਨ ਚੌੜ ! ਵੇਖੋ, ਓਏ ਨਵੀਂ ਨਕੋਰ ਦਰਖਾਸ਼ ਨੂੰ ਪਾੜਕੇ ਬੰਜ ਲਾ ਦਿਤੀ ਸੂ ! ਜੁਆਨ, ਤੂੰ ਲਈ ਕੇਹੜੇ ਮੂੰਹ ਨਾਲ ਸੀ ? ਪਾਹਰਿਆ ਓਏ, ਮੈਨੂੰ ਮੁਨਸ਼ੀ ਨੇ ਲੁੱਟ ਲਿਆ ! ਮੈਨੂੰ ਕਿਸੇ ਗੱਲ ਜੋਗਾ ਨਹੀਂ ਛੱਡਿਆ। ਦੁਹਾਈ ਰੱਬ ਦੀ! ਏਡਾ ਧਾੜਾ ! ਹਾਲ ! ਓਏ ਮੈਂ ਕੀਹ ਕਰਾਂ ?

ਲੋਕ ਕੱਠੇ ਹੋਜਾਂਦੇ ਨੇ, ਮਹੰਦੇ ਨੂੰ ਸਮਝਾਂਦੇ ਨੇ। ਮਹੰਦਾ ਦਰਖਾਸ਼ ਵੇਖ ਵੇਖ ਕੇ ਰੋਂਦਾ ਏ।

ਮਹੰਦਾ—ਹੌਛਾ ਬੇਲੀਆ, ਜਹੀ ਮੇਰੇ ਨਾਲ ਕੀਤੀ ਆ, ਤੇਨੂੰ ਰੱਬ ਸੈਂਝਾਣੇ। ਮੇਰੀ ਦਰਖਾਸ਼ ਪਾੜਨ ਵਾਲਿਆ ਤੇਰੀ ਦਰਖਾਸ਼ ਰੱਬ ਪਾੜੇ। [ਰੋਂਦਾ ਧੋਂਦਾ ਤਸੀਲਦਾਰ ਵਲ ਜਾਂਦਾ ਏ]

ਰੂਪ ੪—ਤਸੀਲਦਾਰ ਦਾ ਕਮਰਾ।

ਮਹੰਦਾ—(ਦਰਖਾਸਤ ਫੜਕੇ ਆਉਂਦਾ ਏ) ਸਤੀਲਦਾਰ ਜੀ, ਸਲਾਮ. ਆਹਨੇ ਆਂ।

ਤਸੀਲਦਾਰ-ਚੌਧਰੀ, ਜ਼ਰਾ ਘਟੂਤਰ ਦਾ ਮੈਨਾ ਸਮਝਾਦੇ।

ਮਹੰਦਾ—ਹਛਾ, ਹਜੂਰ ! ਜੇ ਤੁਸੀ ਖੇਹੜੇ ਈ ਪੈਂਦੇ ਓ ਤੇ ਓਹ ਭੀ ਸੁਨ ਲਓ।

ਤਸੀਲਦਾਰ—ਹਛਾ, ਸਮਝਾ ਦੇ।

ਮਹੰਦਾ-ਵੇਖਾਂ ਤੁਹਾਡਾ ਜੋ ਪਿਓ ਹੋਵੇ। ਤੇ ਕਿਸਮਤ ਦੀ ਆਈ ਨਾਲ ਜਾਯੇ ਮਰ। ਤੇ ਮਾਂ ਤੁਹਾਡੀ ਨੂੰ ਮੈਂ ਲਾਂ ਕਰ। ਤੁਸੀ ਮੇਰੇ ਪੁੱਤਰ ਈ ਲੱਗੇ ਨ। ਈਹੋ ਜਹੇ ਪੁੱਤਰ ਨੂੰ ਸਾਡੇ ਵਲ ਘੱਟੂਤਰ ਆਹੰਦੇ ਨੇ।

ਤਸੀਲਦਾਰ—ਲਾਓ ਓਏ ਏਹਨੂੰ ਜੁੱਤੀਆਂ ।

ਮੁਨਸ਼ੀ—ਹਜੂਰ ਏਹ ਤੇ ਆਵਾ ਈ ਊਤਿਆ ਹੋਯਾ ਏ। ਜੁੱਤੀਆਂ ਲਾਓਗੇ ਤੇ ਵੇਰ ਕੇਹੜੀ ਵਾਲ ਭੁਵਾਓਗੇ ? ਦਫਾ ਕਰੋ ਏਹਨਾਂ ਸਾਰਿਆਂ ਨੂੰ।

ਤਸੀਲਦਾਰ-ਲਾਹੌਲਵਿਲਾ ਕੁਵੱਤ ! ਅਜ ਕਹੇ ਅਹਿਮਕਾਂ ਨਾਲ ਵਾਹ ਪਿਆ ਏ । ਦਫਾ ਕਰੋ ਏਹਨਾਂ ਸਾਰਿਆਂ ਨੂੰ।

[ਛੱਡ ਦੇਂਦੇ

> ਜੋ ਸੱਜਨ ਇਸ ਕਿਤਾਬ ਨੂੰ ਪੜ੍ਹਨ, ਏਹਦੇ ਬਾਰ ਵਿਚ ਅਪਨੀ ਸੰਮਤੀ, ਚਾਹੇ ਚੰਗੀ ਚਾਹੇ ਮੰਦੀ, ਜਰੂਰ ਲਿਖਕੇ ਭੇਜਨ ਦੀ ਕਿਰਪਾ ਕਰਨ। ਏਹ ਸੰਮਤੀ ਅਗਲਾ ਹਿੱਸਾ ਛਾਪਨ ਵਿਚ ਮਦਦ ਦੇਗੀ॥ ਕਰਤਾ

॥ ਭੁੱਲਾਂ ॥

ਏਸ ਕਿਤਾਬ ਵਿਚ "ਕੰਨੇ" ਤੇ "ਲਾਵਾਂ" ਕਿਤੇ ਕਿਤੇ ਛਪਨ ਵਿਚ ਉੱਡ ਗਏ ਨੇ, ਤੇ ਕਿਤੇ ਕਿਤੇ "ਗ" ਉੱਕਾ "ਰ" ਪੜ੍ਹਿਆ ਜਾਂਦਾਏ। ਏਹ ਕਿਰਪਾ ਕਰਕੇ ਸੋਧ ਕਰ ਲੈਨੀ! ਬੜੀ ਮੇਹਨਤ ਕਰਨ ਤੇ ਵੀ ਦੋ ਚਾਰ ਭੇੜੀਆਂ ਜਹੀਆਂ ਭੁੱਲਾਂ ਰਹਿ ਗਈਆਂ ਨੇ ਜਿਹਨਾਂ ਦਾ ਅਮਸੋਸ ਹੈ॥ ਓਹਨਾਂ ਨੂੰ ਜਰੂਰ ਆਪਸੋਧ ਲੈਣਾ। ਓਹ ਏਹ ਨੇ:—

ਪੰਨਾ	ਪਾਲ	ਭੁੱਲ	ਸੁੱਧ	ਪੰਨਾ	ਪਾਲ	ਭੁੱਲ	ਸੁੱਧ
੩੬	੨੧	ਕਬਰ	ਕਿਬਰ	੩੭	੨	ਉਗਾਪੇ	ਉਗਾਪੇ
੩੯	੨੧	ਗੀਬਾਂ	ਗ੍ਰੀਬਾਂ	੪੭	੧੧	ਵੇਬਾ	ਬੇਬਾ
੫੩	੧੨	ਤਿਅਰਾ	ਤਿਆਰਾ	੫੬	੩	ਵੌਜ	ਰੌਜ
੭੨	੨	ਥੁੱਕੇਂ	ਥੱਕੇਂ	੯੧	੨	ਲਿਲੱਚੇ	ਲਿਚੱਲੇ
੯੪	੧੯	ਕਿਬੋਂ	ਕਿਥੋਂ	੯੪	੨੧	ਭਾਈ,ਘੇ	ਭਾਈਘੇ
੧੦੬	੧੮	ਅਨਵਿੰਜਾ	ਅਠਵਿੰਜਾ	੧੨੯	੧੧	ਸੀ	ਸ੍ਰੀ
੧੩੮	.੮	ਸਨਜੂਰ	ਮਨਜੂਰ	੧੪੨	੬	ਚਾਨਨ ਸਿੰਘ	ਚਤੁਰ ਸਿੰਘ

ਲਖਸ਼ਮੀ ਦੇਵੀ

ਸਰਕਾਰੋਂ ਪੱਜ ਸੈ ਰੁਪਈਯਾ ਇਨਾਮ॥

ਠੇਠ ਪੰਜਾਬੀ ਵਿਚ ਏਹ ਬੜਾ ਸੁਆਦਲਾ ਕਾਵ੍ਯ ਅਪਨੇ ਨਮੂਨੇ ਦਾ ਆਪ ਈ ਏ। ਏਹਦੀ ਬਰਾਬਰੀ ਦਾ ਪੰਜਾਬੀ ਬੋਲੀ ਵਿਚ ਅਜ ਤੁਕ ਕੋਈ ਗ੍ਰੰਥ ਨਹੀਂ ਛਪਿਆ। ਮੁੱਲ ੩ ਅੱਧਾ ਅੱਧਾ ਕਰਕੇ ਵੀ ਮਿਲ ਸਕਦਾ ਏ। ਅਪਨੇ ਮੂੰਹੋਂ ਵਡਆਈ ਕਰਨੀ ਚੰਗੀ ਨਹੀਂ। ਬੜੇ ਬੜੇ ਵਿਦਵਾਨਾਂ ਦੀ ਸੰਮਤੀ ਹਿਠਾਂ ਦਿੱਤੀ ਜਾਂਦੀ ਏ।

ਭਾਈ ਸੁੱਚਾ ਸਿੰਘ ਐਡੀਟਰ "ਪੰਜਾਬ ਦਰਪਨ"— ਆਪ ਦੇ ਗ੍ਰੰਥਾਂ ਦਾ ਮੁਤਾਲਿਆ ਕਰਰਿਹਾਂ ਹਾਂ। ਚਿੱਤ ਬੌਹਤ ਪਰਸੰਨ ਹੋਗਿਆ ਏ, ਕਿ ਐਸੀ ਕਵਿਤਾ ਪੰਜਾਬੀ ਦੇ ਖਜਾਨੇ ਵਿੱਚ ਵਾਧਾ ਕਰਨ ਦਾ ਮਾਨ ਪ੍ਰਾਪਤ ਕਰੇਗੀ....

ਬਾਬੂ ਤੇਜਾ ਸਿੰਘ(ਪਿਨਸ਼ਨਰ,ਏਸ:ਡੀ:ਓ:)ਪੰਚਖਾਲਸਾ ਦੀਵਾਨ ਪੰਚ ਖੰਡ ਲਿਖਦੇ ਨੇ:-

ਸਤਿਗੁਰਾਂ ਨੇ ਪੰਜਾਬੀ ਭੰਡਾਰ ਦੀ ਪੂਰਣਤਾ ਹਿਤ ਆਪ ਤੋਂ ਏਹ ਸੇਵਾ ਸੱਚੀ ਸੁੱਚੀ ਤੇ ਅਮੁੱਲੀ ਕਰਾ ਲੀਤੀ ਹੈ। ਮੈਂ ਚਾਹੁੰਦਾ ਸਾਂ ਕਿ ਇਸ ਪੁਸਤਕ ਦੇ ਹਰ ਇਕ ਅੰਗ ਬਾਬਤ ਕੁਝ ਲਿਖਦਾ, ਪਰ ਜਦ ਧਿਆਨ ਕਰਦਾ ਹਾਂ ਤਾਂ ਇਕ ਤੋਂ ਦੂਜਾ ਵਧੀਕ ਮੌਕਾ ਤੇ ਅਲੰਕਾਰ ਜਾਪਦਾ ਏ....

ਸਰਦਾਰ ਸਾਹਿਬ ਭਾਈ ਮੋਹਨ ਸਿੰਘ ਜੀ ਲਿਖਦ ਨੇ— ਤੁਹਾਡੀ ਕਿਤਾਬ ਪੰਜਾਬੀ ਸਾਹਿਤ੍ਯ ਵਿਚ ਬੜਾ ਈ ਕੀਮਤੀ ਵਾਧਾ ਹੋਵੇਗੀ।

ਸਰਦਾਰ ਨਰੈਣ ਸਿੰਘ ਜੀ, ਜਗੀਰਦਾਰ .ਏਰਾ ਸ੍ਟੇਟ, ਜਿਲਾ ਖੇਰੀ "ਮੈਂ ਬੜੇ ਸੁਆਦ ਨਾਲ ਕ੍ਰਿਪਾਸਾਗਰ ਦੀ ਕਿਤਾਬ ਪੜ੍ਹੀਏ"

Report of the Text Book Committee,
Dated 2-7-1921.

It is a description in poetry of the conquest of Bandral Rajputs by Maharaja Ranjit Singh and follows the style of old Punjabi Ballads. The language is good and every attempt is made to use pure Punjabi words and idioms in preference to foreign expressions. It is an inspiring poem rousing higher and nobler feelings in the reader and endeavours to teach the lessons of devotion, courage, sacrifice, righteousness, wisdom and patriotism.

L. Ram Chand Manchanda, B.A., LL.B., Vakil, High Court, and President, VIII Arorbans Conference, Lahore.

A friend of mine placed the two volumes of LAKSHMI DEVI into my hands. I had the same read out to me by my wife. I find the attempt so successful that I do not like to lose any time in congratulating you. You have shown such a mastery over the language and has taken such a high service out of the vocabulary, I dare say this is the first of its kind and will ever remain as model of chaste high class Punjabi poetry. I will have the book recited to me a second time in as much as the reading leaves behind a desire to read once more. With best wishes.

The Tribune, Dated 10-3-1921.

The poem deals with a story, the plot of which is laid in the times of Maharaja Ranjit Singh. The principal characters in the story are well brought out and the reader gets a real insight into the habits, customs and superstitions of the times of the great Sikh ruler of the Punjab. The book would have been a valued contribution to the fiction and poetry of any language.*

The Liberal, Dated 28-2-1921.

Lakshmi Devi is an ideal type of womanhood, delicate, virtuous unyielding to any temptation and facing all the vicissitudes of fortune with a fortitude characteristic of her sex. There is an abundant display of manly qualities in the characters of Puran Singh, Balbir Singh and Jaimal Singh, all of whom present different aspects of India of the past. Description of popular superstitions and ways of rural and tribal life as well as orthodoxy and religious zeal of Thainoo the ascetic renders the story more natural.*

ਲਖਸ਼ਮੀਦੇਵੀ ਦੇ ਮਾਨ ਕਰਨ ਲਈ, ਟੇਕਸ੍ਟ ਬੁੱਕ ਕਮੇਟੀ ਨੇ ੨੦੦ ਕਿਤਾਬ, ਚੀਫ਼ ਖਾਲਸਾ ਦੀਵਾਨ ਸਿਆਲਕੋਟ ਨੇ ੮੦ ਕਿਤਾਬਾਂ, ਪੰਚ ਖਾਲਸਾ ਦੀਵਾਨ ਪੰਚਖੰਡ ਨੇ ੧੦੦ ਕਿਤਾਬ ਮੁੱਲ ਲੀਤੀ। ਯੂਨੀਵਰਸਿਟੀ ਨੇ ਐਂਟ੍ਰੈਂਸ, ਐਫ਼ ਏ, ਤੇ ਬੁੱਧੀ ਮਾਨੀ ਦਾ ਕੋਰਸ ਥਾਪ ਲਿਆ। ਨਾਰਮਲ ਸਕੂਲਾਂ ਦੇ ਕੋਰਸਾਂ ਦੀ ਤਿਆਰੀ ਲਈ ਕਿੰਨੀਆਂ ਥਾਵਾਂ ਤੋਂ ਕਵਿਤਾ ਦੇ ਅੰਗ ਚੁਨੇ ਗਏ। ਸਰਕਾਰੋਂ ੫੦੦) ਇਨਾਮ ਮਿਲਿਆ॥